JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON



ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post



Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact :
647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6



To view our online newspaper visit punjabipost.ca/epaper | Vol 21* Issue 99 | Friday, May 20, 2022 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ


**ਅੰਦਰ ਇਹ ਵੀ ਪੜ੍ਹੋ**

ਬਰੈਂਪਟਨ ਤੋਂ ਪੀਸੀ ਪਾਰਟੀ ਦੇ ਪੰਜ ਉਮੀਦਵਾਰਾਂ ਲਈ ਮੀਟ ਐਂਡ ਗ੍ਰੀਟ ਈਵੈਂਟ ਦਾ ਆਯੋਜਨ



ਪੰਨਾ 03

ਨਵਜੋਤ ਸਿੰਘ ਸਿੱਧੂ ਨੂੰ ਸੁਪਰੀਮ ਕੋਰਟ ਨੇ ਇੱਕ ਸਾਲ ਸਜ਼ਾ ਸੁਣਾਈ



ਪੰਨਾ 05

# ਉਂਟੇਰੀਓ ਚੋਣਾਂ: ਨੀਲੇ ਰੰਗ ਦੀ ਚੜ੍ਹਤ ਬਰਕਰਾਰ

–ਪੰਜਾਬੀ ਪੋਸਟ ਵਿਸ਼ਲੇਸ਼ਣ–

ਉਂਟੇਰੀਓ ਚੋਣਾਂ ਲਈ ਅਡਵਾਂਸ ਪੋਲਿੰਗ ਕੱਲ ਸਵੇਰੇ 10 ਵਜੇ ਤੋਂ ਆਰੰਭ ਹੋ ਚੁੱਕੀ ਹੈ। 2 ਜੂਨ ਚੋਣਾਂ ਦੇ ਦਿਨ ਹੋਣ ਵਾਲੀ ਭੀੜ ਤੋਂ ਬਚਣ ਦੇ ਚਾਹਵਾਨ ਵੋਟਰ ਆਪਣੇ ਨਜ਼ਦੀਕੀ ਅਡਵਾਂਸ ਪੋਲਿੰਗ ਸਟੇਸ਼ਨ ਉੱਤੇ ਜਾ ਕੇ 10 ਵਜੇ ਤੱਕ ਵੋਟ ਪਾ ਸਕਦੇ ਹਨ। ਸਮੁੱਚੇ ਉਂਟੇਰੀਓ ਵਿੱਚ ਚੋਣ ਕਮਿਸ਼ਨ ਵੱਲੋਂ ਅਡਵਾਂਸ ਪੋਲਿੰਗ ਲਈ 670 ਕੇਂਦਰ ਬਣਾਏ ਗਏ ਹਨ।

ਅਡਵਾਂਸ ਪੋਲਿੰਗ ਦਾ ਆਰੰਭ ਹੋਣਾ ਇਸ ਗੱਲ ਦਾ ਵੀ ਸੰਕੇਤ ਹੈ ਕਿ ਵੋਟਰ ਵੱਡੀ ਹੱਦ ਤੱਕ ਆਪਣੀ ਮਰਜ਼ੀ ਦੀ ਸਿਆਸੀ ਪਾਰਟੀ ਨੂੰ ਵੋਟ ਪਾਉਣ ਦਾ ਮਨ ਪੱਕ ਕਰ ਚੁੱਕੇ ਹਨ। ਹੁਣ ਤੱਕ ਆਏ ਇੱਕ ਤੋਂ ਬਾਅਦ ਇੱਕ ਸਰਵੇਖਣ ਇਸ ਗੱਲ ਦੀ ਸ਼ਾਹਦੀ ਭਰਦੇ ਹਨ ਕਿ ਉਂਟਰੀਓ ਦੀਆਂ ਤਿੰਨ ਵੱਡੀਆਂ ਪਾਰਟੀਆਂ ਲਿਬਰਲ, ਕੰਜ਼ਰਵੇਟਿਵ ਅਤੇ ਐਨ ਡੀ ਪੀ ਵਿੱਚੋਂ ਕੰਜ਼ਰਵੇਟਿਵਾਂ ਦੀ ਮਜ਼ਬੂਤ ਲੀਡ ਨੂੰ ਮਾਤ ਨਹੀਂ ਪਾਈ ਜਾ ਸਕੀ ਹੈ। ਇਹ ਲੀਡ ਇਸ ਹਕੀਕਤ ਦੇ ਬਾਵਜੂਦ ਬਣੀ ਆਈ ਹੈ ਕਿ ਲਿਬਰਲ ਅਤੇ ਐਨ ਡੀ ਪੀ ਫੈਡਰਲ ਪੱਧਰ ਉੱਤੇ 'ਤੂੰ ਮੇਰਾ ਬਾਈ ਮੈਂ ਤੇਰਾ ਬਾਈ' ਵਾਲੀ ਰਣਨੀਤੀ ਉੱਤੇ ਹੀ ਚੱਲ ਰਹੀਆਂ ਹਨ। ਅਸਲ ਵਿੱਚ ਇਹਨਾਂ ਦੋਵਾਂ ਦੇ ਪ੍ਰੋਵਿੰਸ਼ੀਅਲ ਪਲੇਟਫਾਰਮਾਂ ਵਿੱਚ ਵੀ ਕੋਈ ਬਹੁਤਾ ਫ਼ਰਕ ਵੀ ਨਹੀਂ ਹੈ। ਵੈਸੇ ਵੀ ਚੋਣਾਂ ਦੌਰਾਨ ਸਿਆਸੀ ਪਾਰਟੀਆਂ ਵੱਲੋਂ ਇੱਕ ਦੂਜੀ ਨਾਲੋਂ ਵੱਧ ਕੇ ਵਾਅਦੇ ਕਰਨੇ ਆਮ ਗੱਲ ਹ, ਸੋ ਚੁਣਾਵੀ ਵਾਅਦਿਆਂ ਨੂੰ ਸਿਆਸੀ ਵਾਅਦਾ ਪੁਗਾਉਣ ਦੀ ਨਿਸ਼ਾਨੀ ਨਹੀਂ ਆਖਿਆ ਜਾ ਸਕਦਾ। ਇਸ ਵਾਸਤੇ ਇਹ ਵੇਖਣਾ ਦਿਲਚਸਪ ਹੈ ਕਿ ਕੰਜ਼ਰਵੇਟਿਵ ਪਾਰਟੀ ਨੂੰ ਲੀਡ ਦੇਣ ਵਿੱਚ ਕਿਹੜੇ ਤੱਥ ਸਹਾਈ ਹੋ ਰਹੇ ਹਨ।

ਉਂਟੇਰੀਓ ਦਾ ਇਤਿਹਾਸ ਗਵਾਹ ਹੈ ਕਿ ਪਿਛਲੇ ਡੇਢ ਦੋ ਦਹਾਕਿਆਂ ਵਿੱਚ ਇੱਕ ਵੀ ਅਜਿਹੀ ਇਲੈਕਸ਼ਨ ਨਹੀਂ ਹੋਈ ਜਦੋਂ ਸੱਤਾਧਾਰੀ ਪਾਰਟੀ ਵਿਰੁੱਧ ਸਕੈਂਡਲਾਂ ਦੀ ਝੜੀ ਨਾ ਲੱਗੀ ਹੋਵੇ। ਮਿਸਾਲ ਵਜੋਂ ਪਿਛਲੀ ਲਿਬਰਲ ਸਰਕਾਰ ਨੂੰ ਏਅਰ ਐਂਬੂਲੈਂਸ (Ornge) ਵਿੱਚ ਕੀਤੇ ਵਿੱਤੀ ਘਪਲਿਆਂ, ਗੈਸ ਪਲਾਂਟਾਂ ਦੇ ਰੱਦ ਕਰਨ ਲਈ ਬਿਲੀਅਨ ਡਾਲਰਾਂ ਦਾ ਨੁਕਸਾਨ, ਈ ਹੈਲਥ ਸਕੈਂਡਲ, ਵਿੰਡਸਰ ਪਾਰਕਵੇਅ, ਅਤੇ ਪੈਨ ਐਮ ਖੇਡਾਂ ਵਿੱਚ ਘਪਲੇ ਆਦਿ ਦਾ ਸਾਹਮਣਾ ਕਰਨਾ ਪੈਂਦਾ ਰਿਹਾ ਹੈ।

...ਬਾਕੀ ਪੰਨਾ 15 'ਤੇ




Prabmeet Sarkaria mpp Brampton South




Nina Tangri, MPP Mississauga-Streetsville



Amarjot Sandhu Mpp Brampton West



Deepak Anand Mississauga-Malton



Hardeep Grewal Brampton East



Graham McGregor Brampton North



CHErmain William Brampton Centre




AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat
Axxel InsuranceBrokers Ltd. | 1332 Khalsa Dr, Unit # 11, Mississauga, ON L5S 0A2

MOTEL FOR SALE ON HWY 7
IN THE MIDDLE OF TORONTO AND OTTAWA
$1,275,000
• Excellent Cash Flow And Low Vacancy Rate
• Low Operating Costs
• Many Recent Upgrades To Rooms
• New Security Camera System
• Plan Approved For Additional Unit
RAJ HANDA BROKER OF RECORD
DIR: 647-546-5228
OFF: 905-457-4588
SAVE MAX GLOBAL REALTY
RAJ@SAVEMAXGLOBALREALTY.COM

NOW HIRING !!!
ALLKIND INSURANCE
• Life Insurance • Super Visa Insurance
• Critical illness Ins • Mortgage Insurance
• Travel & Visitor Ins • Disability Insurance
• RESP & TFSA & RRSP • Funeral Insurance
SIMRAN SAINI
416.994.7272
www.allkindinsurance.com

INSURANCE
Home | Auto
Business | Trucking
Life Insurance | Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma
Open Saturday
Providing excellent quality legal services to our clients

KELLEY LAW OFFICE
Immigration | Real Estate
Family Law | Business Closing
Corporate | Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley
905-362-0755

ROYAL STAR Realty Inc. Brokerage
Off: 905-793-1111
Fax: 905-793-1455
RESIDENTIAL | COMMERCIAL | INVESTMENT
Serving you from one of the Largest Offices in GTA !
GURVIR DHILLON
Sales Representative
Dir: 647-409-1302
170 Steelwell Rd., Unit 200, Brampton, ON L6T 5T3
gaggi04@hotmail.com | www.royalstarrealty.com

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
RANJIT GILL Insurance Advisor
416-724-5000
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance

SAMSUNG BUY 2 OR MORE APPLIANCES
OURR HOME & APPLIANCES
EXCLUSIVE
NO TAX
EVENT FROM MAY 13TH - 30TH
PRICE $5299
Premium Package
DEAL TILL STOCK LAST
KitchenAid moffat MAYTAG LG SAMSUNG Electrolux JENNAIR BOSCH Whirlpool
Unit #1, 241 Clarence, St Brampton, On L6W 3E7, (416) 551 3343
44 Fasken Dr. # 2-9 Etobicoke, On M9W 5M8, (416) 792-0877
Unit #6 410 Lewis Road, Stoney Creek, On L8E 5Y7, (905) 643-0818
Unit #4 - 1540 Fanshawe Park Road West London, On N6H 5L8 519-641-1010
WWW.OURRHOMEAPPLIANCES.COM (416) 792-0877 (416) 551 3343

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc. Advice you can bank on. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

ਨਵਾਂ ਘਾਹ ਲਵਾਉ | 647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovarid Dr. W. Brampton, ON L6X0T9 | www.ufsinsurance.com

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
NC Dhawan Certified Instructor
Cell: 416 726 6206 Tel: 905 405 0001

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

Royal Pest Control
Residential Commercial Industrial
Specialist in Bedbugs Service
All Pest Control :
• Mouse & Rats • Spiders & Fleas • Bedbugs • Wasps
• Cockroaches • Carpenter Ants • Silver Fish • Racoons
Call : PARESH PATEL
(Government Approved Licensed Technician)
416 938 4598

ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਅਮਿਤ: 647-784-1213


EXCLUSIVE OFFER!
GET A $15
IN-STORE CREDIT
*WITH NEW ACTIVATION ON A $25/MO
DATA, TALK, & TEXT PLAN OR HIGHER
chatr™
AUTHORIZED DEALER
1 Promenade Circle | Thornhill, ON | 647-274-3808
2456 Lake Shore Blvd West | Etobicoke, ON | 416-259-3654
379 Main St. North | Brampton, ON | 905-451-0379
See in-store for details. Offer available March 6th - 31st, 2022 and subject to change without notice. *Only applicable with new activation on a $25/mo Data, Talk & Text plan or higher. In-store credit cannot be applied to top-ups, bill payments, SIM cards, vouchers or redeemed for cash and has no cash value. Visit chatrmobile.com/plans for more details. Taxes are extra and while quantities last. ™ Trademarks used under license ©2022


afc
ORDER ONLINE TODAY !!!
WWW.ASIANFOODCENTRE.COM
FREE PICK UP!!!
HOME DELIVERY ALSO AVAILABLE !!!
ASIAN FOOD CENTRE
VEGETARIAN FOOD
HEALTHY EATING
FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas
SERVING FROM ALL LOCATIONS IN GTA AREA:
10 Westmore Drive
Etobicoke ON M9V-3Z7
416-740-3262
21 Lacoste Blvd,
Brampton, ON L6P 2K2
905 794-8109
621 Wanless drive, # 122
Brampton ON L7A 0A9
905-495-3336
1075 Ceremonial Drive
Mississauga ON L5R 2Z4
905-502-1600
80 Pertosa Drive
Brampton ON L5X-5E9
905-460-0009
10510 Torbram Road,
Brampton
905-790-0030
2120 North park Drive
Brampton ON L6S 0C9
905-793-1338
10 Pannahill Dr,
Brampton
905 913-8017

# ਓਨਟਾਰੀਓ ਵਿੱਚ ਖੁੱਲ੍ਹੀਆਂ ਐਡਵਾਂਸ ਵੋਟਿੰਗ ਲੋਕੇਸ਼ਨਾਂ




ਓਨਟਾਰੀਓ, 19 ਮਈ (ਪੋਸਟ ਬਿਊਰੋ) : ਆਪੋ ਆਪਣੇ ਪਲੇਟਫਾਰਮਜ਼ ਨਾਲ ਵੋਟਰਾਂ ਨੂੰ ਰਿਝਾਉਣ ਵਿੱਚ ਲੱਗੇ ਵੱਖ ਵੱਖ ਪਾਰਟੀਆਂ ਦੇ ਆਗੂਆਂ ਵੱਲੋਂ ਓਨਟਾਰੀਓ ਵਿੱਚ ਐਡਵਾਂਸ ਵੋਟਿੰਗ ਲੋਕੇਸ਼ਨਾਂ ਅੱਜ ਖੋਲ੍ਹੀਆਂ ਗਈਆਂ।

ਵੋਟਾਂ 2 ਜੂਨ ਨੂੰ ਪੈਣੀਆਂ ਹਨ ਪਰ ਇਨ੍ਹਾਂ ਲੋਕੇਸ਼ਨਾਂ ਦੇ ਖੁੱਲ੍ਹ ਜਾਣ ਨਾਲ ਹੁਣ ਲੋਕ ਅੱਜ ਤੋਂ ਹੀ ਵੋਟ ਕਰਨਾ ਸ਼ੁਰੂ ਕਰ ਸਕਦੇ ਹਨ। ਐਡਵਾਂਸ ਵੋਟਿੰਗ ਦਾ ਇਹ ਅਰਸਾ 28 ਮਈ ਤੱਕ ਚੱਲੇਗਾ ਤੇ ਵੈਨਿਊਂ ਸਵੇਰੇ 10:0 ਵਜੇ ਤੋਂ ਰਾਤੀਂ 8:00 ਵਜੇ ਤੱਕ ਖੁੱਲ੍ਹੇ ਰਿਹਾ ਕਰਨਗੇ।

ਐਨਡੀਪੀ ਆਗੂ ਐਂਡਰੀਆ ਹੌਰਵਥ ਦੇ ਅੱਜ ਉੱਤਰੀ ਓਨਟਾਰੀਓ ਵਿੱਚ ਨੌਕਰੀਆਂ ਸਬੰਧੀ ਐਲਾਨ ਕਰਨ ਦੀ ਸੰਭਾਵਨਾ ਸੀ ਪਰ ਉਨ੍ਹਾਂ ਦੇ ਕੋਵਿਡ-19 ਪਾਜ਼ੀਟਿਵ ਆਉਣ ਤੋਂ ਬਾਅਦ ਸ਼ਾਇਦ ਉਹ ਅਜਿਹਾ ਨਾ ਕਰ ਸਕਣ। ਪ੍ਰੋਗਰੈਸਿਵ ਕੰਜ਼ਰਵੇਟਿਵ ਆਗੂ ਡੱਗ ਫੋਰਡ ਵੱਲੋਂ ਨਾਇਗਰਾ ਰੀਜਨ ਦਾ ਦੌਰਾ ਕਰਨ ਦੀ ਸੰਭਾਵਨਾ ਹੈ। ਲਿਬਰਲ ਆਗੂ ਸਟੀਵਨ ਡੈਲ ਡੂਕਾ ਮਿਸੀਸਾਗਾ ਦਾ ਦੌਰਾ ਕਰਨਗੇ ਤੇ ਗ੍ਰੀਨ ਪਾਰਟੀ ਆਗੂ ਕੋਵਿਡ ਪਾਜ਼ੀਟਿਵ ਪਾਏ ਜਾਣ ਤੋਂ ਬਾਅਦ ਘਰ ਵਿੱਚ ਹੀ ਆਰਾਮ ਕਰਨਗੇ।

# ਬਰੈਂਪਟਨ ਤੋਂ ਪੀਸੀ ਪਾਰਟੀ ਦੇ ਪੰਜ ਉਮੀਦਵਾਰਾਂ ਲਈ ਮੀਟ ਐਂਡ ਗ੍ਰੀਟ ਈਵੈਂਟ ਦਾ ਕੀਤਾ ਗਿਆ ਆਯੋਜਨ

ਓਨਟਾਰੀਓ, 19 ਮਈ (ਪੋਸਟ ਬਿਊਰੋ) : ਓਨਟਾਰੀਓ ਦੀਆਂ ਪ੍ਰੋਵਿੰਸ਼ੀਅਲ ਚੋਣਾਂ ਲਈ ਬਰੈਂਪਟਨ ਦੇ ਪੰਜ ਹਲਕਿਆਂ ਤੋਂ ਚੋਣ ਲੜ ਰਹੇ ਓਨਟਾਰੀਓ ਦੀ ਪੀਸੀ ਪਾਰਟੀ ਦੇ ਪੰਜੇ ਉਮੀਦਵਾਰਾਂ-ਬਰੈਂਪਟਨ ਈਸਟ ਤੋਂ ਹਰਦੀਪ ਗਰੇਵਾਲ, ਬਰੈਂਪਟਨ ਸੈਂਟਰ ਤੋਂ ਚਾਰਾਮੀਨ ਵਿਲੀਅਮਜ਼, ਬਰੈਂਪਟਨ ਨੌਰਥ ਤੋਂ ਗ੍ਰਾਹਮ ਮੈਕਗ੍ਰੈਗਰ, ਬਰੈਂਪਟਨ ਵੈਸਟ ਤੋਂ ਅਮਰਜੋਤ ਸੰਧੂ ਤੇ ਬਰੈਂਪਟਨ ਸਾਊਥ ਤੋਂ ਪ੍ਰਭਮੀਤ ਸਰਕਾਰੀਆ ਲਈ ਮੀਟ ਐਂਡ ਗ੍ਰੀਟ ਈਵੈਂਟ ਦਾ ਆਯੋਜਨ ਕੀਤਾ ਗਿਆ। ਜਿਸ ਦੀ ਮੇਜ਼ਬਾਨੀ ਨਵਲ ਬਜਾਜ ਵੱਲੋਂ ਕੀਤੀ ਗਈ।

ਇਸ ਮੀਟ ਐਂਡ ਗ੍ਰੀਟ ਈਵੈਂਟ ਵਿੱਚ ਸੈਂਕੜੇ ਦੀ ਗਿਣਤੀ ਵਿੱਚ ਸਮਰਥਕਾਂ ਦੇ ਨਾਲ ਨਾਲ ਅਹਿਮ ਕਮਿਊਨਿਟੀ ਆਗੂਆਂ, ਕਈ ਬਿਜ਼ਨਸ ਆਰਗੇਨਾਈਜ਼ੇਸ਼ਨਜ਼,ਸੋਸ਼ਲ ਤੇ ਧਾਰਮਿਕ ਆਰਗੇਨਾਈਜ਼ੇਸ਼ਨਜ਼ ਦੇ ਮੁਖੀਆਂ ਦੇ ਨਾਲ ਨਾਲ ਮੀਡੀਆ ਮੈਂਬਰਾਂ ਨੇ ਹਿੱਸਾ ਲਿਆ। ਮੀਟ ਐਂਡ ਗ੍ਰੀਟ ਈਵੈਂਟ ਉੱਤੇ ਨਵਲ ਬਜਾਜ ਨੇ ਪੰਜੇ ਉਮੀਦਵਾਰਾਂ ਦੀ ਜਾਣ-ਪਛਾਣ



ਕਰਵਾਈ ਤੇ ਦੱਸਿਆ ਕਿ ਉਨ੍ਹਾਂ ਨੂੰ ਕਿਸ ਤਰ੍ਹਾਂ ਪ੍ਰੋਵਿੰਸ਼ੀਅਲ ਮੁੱਦਿਆਂ ਦੀ ਜ਼ਿਆਦਾ ਸਮਝ ਹੈ,ਉਨ੍ਹਾਂ ਆਖਿਆ ਕਿ ਇਹ ਸਾਰੇ ਹੀ ਪ੍ਰੋਵਿੰਸ਼ੀਅਲ ਮੁੱਦਿਆਂ ਲਈ ਆਵਾਜ਼ ਉਠਾਉਣ ਤੋਂ ਪਿੱਛੇ ਨਹੀਂ ਹਟਣਗੇ ਤੇ ਇਹ ਯਕੀਨੀ ਬਣਾਉਣਗੇ ਕਿ ਬਰੈਂਪਟਨ ਨੂੰ ਬਿਹਤਰ ਨੁਮਾਇੰਦਗੀ ਮਿਲੇ।

ਇਨ੍ਹਾਂ ਮੁੱਦਿਆਂ ਵਿੱਚ ਬਰੈਂਪਟਨ ਵਿੱਚ ਦੂਜਾ ਹਸਪਤਾਲ ਬਣਾਉਣਾ, ਯੂਨੀਵਰਸਿਟੀ, ਹਾਈਵੇਅ, ਅਫੋਰਡੇਬਲ ਹਾਊਸਿੰਗ, ਐਜੂਕੇਸ਼ਨਲ ਇੰਸਟੀਚਿਊਟਸ ਦਾ ਨਿਰਮਾਣ ਆਦਿ ਮੁੱਖ ਤੌਰ ਉੱਤੇ ਸ਼ਾਮਲ ਹਨ। ਇਸ ਦੇ ਨਾਲ ਹੀ ਉਨ੍ਹਾਂ ਦੱਸਿਆ ਕਿ ਪ੍ਰੀਮੀਅਰ ਡੱਗ ਫੋਰਡ ਦੀ ਅਗਵਾਈ ਵਿੱਚ ਪੀਸੀ ਪਾਰਟੀ ਦੇ ਨੁਮਾਇੰਦਿਆਂ ਨੇ ਪਿਛਲੇ 4 ਸਾਲਾਂ ਵਿੱਚ ਕਿਸ ਤਰ੍ਹਾਂ ਨਿੱਠ ਕੇ ਕੰਮ ਕੀਤਾ। ਇਹ ਤਰੱਕੀ ਇਸੇ ਤਰ੍ਹਾਂ ਜਾਰੀ ਰਹੇ ਇਹ ਯਕੀਨੀ ਬਣਾਇਆ ਜਾਣਾ ਜ਼ਰੂਰੀ ਹੈ।

ਬਰੈਂਪਟਨ ਸਾਊਥ ਤ੍ਰੋਂ ਪੀਸੀ ਪਾਰਟੀ ਦੇ ਉਮੀਦਵਾਰ ਪ੍ਰਭਮੀਤ ਸਰਕਾਰੀਆ ਨੇ ਆਖਿਆ ਕਿ ਪ੍ਰੀਮੀਅਰ ਫੋਰਡ ਦੀ ਅਗਵਾਈ ਵਿੱਚ ਕਿਸ ਤਰ੍ਹਾਂ ਉਹ ਬਰੈਂਪਟਨ ਲਈ ਦੂਜੇ ਹਸਪਤਾਲ, ਮੈਡੀਕਲ ਯੂਨੀਵਰਸਿਟੀ, ਹਾਈਵੇਅ 413 ਦਾ ਸੁਪਨਾ ਸਾਕਾਰ ਕਰਨ ਵਿੱਚ ਕਾਮਯਾਬ ਰਹੇ ਤੇ ਇਸ ਦੇ ਨਾਲ ਹੀ ਗੈਸ ਟੈਕਸ ਨੂੰ ਘਟਾਉਣ ਵਿੱਚ ਵੀ ਸਫਲ ਰਹੇ। ਇਸ ਈਵੈਂਟ ਉੱਤੇ ਹਰਦੀਪ ਗਰੇਵਾਲ, ਪ੍ਰਭਮੀਤ ਸਰਕਾਰੀਆ, ਚਾਰਾਮੀਨ ਵਿਲੀਅਮਜ਼, ਅਮਰਜੋਤ ਸੰਧੂ ਤੇ ਗ੍ਰਾਹਮ ਮੈਕਗ੍ਰੈਗਰ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ ਤੇ ਬਰੈਂਪਟਨ ਦੀ ਤਰੱਕੀ ਲਈ ਪੀਸੀ ਪਾਰਟੀ ਦੇ ਉਮੀਦਵਾਰਾਂ ਦੇ ਹੱਥ ਮਜ਼ਬੂਤ ਕਰਨ ਦਾ ਹੋਕਾ ਦਿੱਤਾ।

# ਸਕਾਰਾਤਮਕ ਲੀਡਰਸ਼ਿਪ ਰਿਵਿਊ ਦੇ ਬਾਵਜੂਦ ਜੇਸਨ ਕੇਨੀ ਨੇ ਦਿੱਤਾ ਅਸਤੀਫਾ



ਕੈਲਗਰੀ, 19 ਮਈ (ਪੋਸਟ ਬਿਊਰੋ) : ਯੂਨਾਈਟਿਡ ਕੰਜ਼ਰਵੇਟਿਵ ਪਾਰਟੀ ਲੀਡਰਸ਼ਿਪ ਮੁਲਾਂਕਣ ਸਕਾਰਾਤਮਕ ਪਾਏ ਜਾਣ ਦੇ ਬਾਵਜੂਦ ਜੇਸਨ ਕੇਨੀ ਨੇ ਅਲਬਰਟਾ ਦੇ ਪ੍ਰੀਮੀਅਰ ਤੇ ਆਪਣੀ ਪਾਰਟੀ ਦੇ ਲੀਡਰ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ।

ਕੈਲਗਰੀ ਵਿੱਚ ਸਪਰੂਸ ਮੀਡੋਅਜ਼ ਵਿੱਚ ਇੱਕਠੀ ਹੋਈ ਭੀੜ ਨੂੰ ਸੰਬੋਧਨ ਕਰਦਿਆਂ ਜੇਸਨ ਕੇਨੀ ਨੇ ਆਖਿਆ ਕਿ ਭਾਵੇਂ ਬਹੁਮਤ ਲਈ 51 ਫੀ ਸਦੀ ਸਮਰਥਨ ਕਾਫੀ ਹੈ ਪਰ ਲੀਡਰ ਵਜੋਂ ਆਪਣੀ ਪਾਰੀ ਨੂੰ ਜਾਰੀ ਰੱਖਣਾ ਉਨ੍ਹਾਂ ਲਈ ਸਹੀ ਨਹੀਂ ਹੋਵੇਗਾ। ਉਨ੍ਹਾਂ ਆਖਿਆ ਕਿ ਆਪਣੇ ਇਸ ਫੈਸਲੇ ਲਈ ਉਹ ਮੁਆਫੀ ਮੰਗਦੇ ਹਨ ਪਰ ਉਹ ਸੱਚਮੁੱਚ ਇਹ ਮੰਨਦੇ ਹਨ ਕਿ ਸਾਨੂੰ ਇੱਕਜੁੱਟ ਹੋ ਕੇ ਅੱਗੇ ਵਧਣਾ ਚਾਹੀਦਾ ਹੈ। ਸਾਨੂੰ ਅਤੀਤ ਨੂੰ ਪਿੱਛੇ ਛੱਡ ਦੇਣਾ ਚਾਹੀਦਾ ਹੈ। ਉਨ੍ਹਾਂ ਆਖਿਆ ਕਿ ਵੱਡੀ ਗਿਣਤੀ ਵਿੱਚ ਸਾਡੇ ਮੈਂਬਰਾਂ ਨੇ ਲੀਡਰਸ਼ਿਪ ਚੋਣ ਕਰਵਾਉਣ ਦੀ ਮੰਗ ਕੀਤੀ ਹੈ।

ਪਾਰਟੀ ਵੱਲੋਂ ਵਰਚੂਅਲ ਤੌਰ ਉੱਤੇ ਇਹ ਨਤੀਜਾ ਸ਼ਾਮੀਂ 6:30 ਵਜੇ ਐਲਾਨਿਆ ਗਿਆ ਤੇ ਉਸ ਤੋਂ ਤੁਰੰਤ ਬਾਅਦ ਹੀ ਕੇਨੀ ਨੇ ਇੱਕਠ ਨੂੰ ਸੰਬੋਧਨ ਕੀਤਾ। ਸਟੇਜ ਛੱਡਣ ਤੋਂ ਪਹਿਲਾਂ ਕੇਨੀ ਨੇ ਆਪਣੀ ਪਾਰਟੀ ਨੂੰ ਬਜਟ ਸੰਤੁਲਿਤ ਕਰਨ ਉੱਤੇ ਮੁਬਾਰਕਬਾਦ ਦਿੱਤੀ। ਉਨ੍ਹਾਂ ਇਹ ਵੀ ਆਖਿਆ ਕਿ ਪ੍ਰੀਮੀਅਰ ਵਜੋਂ ਉਨ੍ਹਾਂ ਜਿਹੜੇ ਵਾਅਦੇ ਕੀਤੇ ਸਨ ਉਨ੍ਹਾਂ ਵਿੱਚੋਂ 90 ਫੀ ਸਦੀ ਨੂੰ ਪੂਰਾ ਕੀਤਾ।

ਮਿਊਂਸਪਲ ਮਾਮਲਿਆਂ ਬਾਰੇ ਮੰਤਰੀ ਰਿਕ ਮੈਕਾਈਵਰ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਯੂਸੀਪੀ ਵੱਲੋਂ ਵੀਰਵਾਰ ਨੂੰ ਕਾਕਸ ਮੀਟਿੰਗ ਕੀਤੀ ਜਾਵੇਗੀ ਤੇ ਪਾਰਟੀ ਦੀਆਂ ਭਵਿੱਖ ਦੀਆਂ ਗਤੀਵਿਧੀਆਂ ਬਾਰੇ ਵੀ ਚਾਨਣਾ ਪਾਇਆ ਜਾਵੇਗਾ।

# ਵੋਟਾਂ ਹਾਸਲ ਕਰਨ ਲਈ ਕੋਨੇ ਕੋਨੇ ਤੱਕ ਪਹੁੰਚਣਾ ਚਾਹੁੰਦੇ ਹਨ ਪਾਰਟੀ ਆਗੂ



ਓਨਟਾਰੀਓ, 19 ਮਈ (ਪੋਸਟ ਬਿਊਰੋ) : ਵੱਖ ਵੱਖ ਸਿਆਸੀ ਪਾਰਟੀਆਂ ਦੀਆਂ ਚੋਣ ਕੈਂਪੇਨਜ਼ ਨੂੰ ਸ਼ੁਰੂ ਹੋਇਆਂ ਅੱਧਾ ਸਮਾਂ ਬੀਤ ਚੁੱਕਿਆ ਹੈ। ਓਨਟਾਰੀਓ ਦੀਆਂ ਮੁੱਖ ਸਿਆਸੀ ਪਾਰਟੀਆਂ ਦੇ ਆਗੂ ਵੋਟਾਂ ਦੀ ਭਾਲ ਵਿੱਚ ਕੋਈ ਕੋਨਾਂ ਲੁਕਿਆ ਨਹੀਂ ਰਹਿਣ ਦੇਣਾ ਚਾਹੁੰਦੇ।

ਪ੍ਰੋਗਰੈਸਿਵ ਕੰਜ਼ਰਵੇਟਿਵ ਪਾਰਟੀ ਦੇ ਆਗੂ ਡੱਗ ਫੋਰਡ ਅੱਜ ਹੈਮਿਲਟਨ ਵਿੱਚ ਐਲਾਨ ਕਰਨਗੇ। ਐਨਡੀਪੀ ਆਗੂ ਐਂਡਰੀਆ ਹੌਰਵਥ ਸਮਿੱਥ ਫਾਲਜ਼, ਓਨਟਾਰੀਓ ਤੇ ਓਟਵਾ ਵਿੱਚ ਰੁਕਣ ਤੋਂ ਪਹਿਲਾਂ ਆਪਣੇ ਫਾਰਮਾਕੇਅਰ ਪਲੈਨ ਬਾਰੇ ਵਿਚਾਰ ਵਟਾਂਦਰਾ ਕਰਨ ਲਈ ਕਿੰਗਸਟਨ, ਓਨਟਾਰੀਓ ਵਿੱਚ ਰੁਕੇਗੀ।

ਲਿਬਰਲ ਆਗੂ ਸਟੀਵਨ ਡੈਲ ਡੂਕਾ ਬਰਲਿੰਗਟਨ, ਓਨਟਾਰੀਓ ਤੇ ਲੰਡਨ, 'ਓਨਟਾਰੀਓ ਵਿੱਚ ਕੈਂਪੇਨਿੰਗ ਲਈ ਜਾਣ ਤੋਂ ਪਹਿਲਾਂ ਟੋਰਾਂਟੋ ਵਿੱਚ ਅਫੋਰਡੇਬਿਲਿਟੀ ਦੇ ਸਬੰਧ ਵਿੱਚ ਐਲਾਨ ਕਰਨਗੇ। ਗ੍ਰੀਨ ਪਾਰਟੀ ਆਗੂ ਮਾਈਕ ਸ਼੍ਰੇਨਰ ਪੈਰੀ ਸਾਊਂਡ-ਮਸਕੋਕਾ ਵਿੱਚ ਕੈਂਪੇਨ ਕਰਨ ਨਾਲ ਆਪਣੇ ਦਿਨ ਦੀ ਸ਼ੁਰੂਆਤ ਕਰਨਗੇ। ਉਨ੍ਹਾਂ ਨੂੰ ਯਕੀਨ ਹੈ ਕਿ ਉਨ੍ਹਾਂ ਦੀ ਪਾਰਟੀ ਇਸ ਸੀਟ ਨੂੰ ਜਿੱਤ ਸਕਦੀ ਹੈ। ਇਸ ਤੋਂ ਬਾਅਦ ਉਹ ਐਲੋਰਾ, ਓਨਟਾਰੀਓ ਰਵਾਨਾ ਹੋਣਗੇ।

## ਪਾਣੀ ਵਿੱਚੋਂ ਕੱਢੇ ਜਾਣ ਤੋਂ ਬਾਅਦ ਇੱਕ ਵਿਅਕਤੀ ਦੀ ਹੋਈ ਮੌਤ

ਬਰੈਂਪਟਨ, 19 ਮਈ (ਪੋਸਟ ਬਿਊਰੋ): ਐਤਵਾਰ ਦੁਪਹਿਰ ਨੂੰ ਬਰੈਂਪਟਨ ਵਿੱਚ ਪਾਣੀ ਵਿੱਚੋਂ ਕੱਢੇ ਜਾਣ ਤੋਂ ਬਾਅਦ ਇੱਕ ਵਿਅਕਤੀ ਦੀ ਮੌਤ ਹੋ ਗਈ। ਪੁਲਿਸ ਨੇ ਦੱਸਿਆ ਕਿ ਦੁਪਹਿਰੇ 3:30 ਵਜੇ ਉਨ੍ਹਾਂ ਨੂੰ ਕ੍ਰੈਡਿਟਵਿਊ ਰੋਡ ਤੇ ਸਟੀਲਜ਼ ਐਵਨਿਊ ਸੱਦਿਆ ਗਿਆ। ਇੱਕ ਵਿਅਕਤੀ ਪਾਣੀ ਵਿੱਚ ਬੇਸੁੱਧ ਪਾਇਆ ਗਿਆ ਤੇ ਉਸ ਨੂੰ ਬਾਹਰ ਕੱਢੇ ਜਾਣ ਤੋਂ ਬਾਅਦ ਮ੍ਰਿਤਕ ਐਲਾਨ ਦਿੱਤਾ ਗਿਆ। ਇਸ ਘਟਨਾ ਬਾਰੇ ਪੁਲਿਸ ਵੱਲੋਂ ਹੋਰ ਜਾਣਕਾਰੀ ਨਹੀਂ ਦਿੱਤੀ ਗਈ ਹੈ। ਜਿਨ੍ਹਾਂ ਹਾਲਾਤ ਵਿੱਚ ਇਹ ਸੱਭ ਹੋਇਆ ਉਨ੍ਹਾਂ ਬਾਰੇ ਵੀ ਕੋਈ ਜਾਣਕਾਰੀ ਨਹੀਂ ਮਿਲੀ ਹੈ। ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ।

# ਮਹਿਲਾ ਨੂੰ ਲੁੱਟਣ ਦੀ ਕੋਸ਼ਿਸ਼ ਕਰਨ ਵਾਲੇ ਤਿੰਨ ਮਸ਼ਕੂਕਾਂ ਵਿੱਚੋਂ ਇੱਕ ਨੂੰ ਰਾਹਗੀਰਾਂ ਨੇ ਕੀਤਾ ਕਾਬੂ

ਟੋਰਾਂਟੋ, 19 ਮਈ (ਪੋਸਟ ਬਿਊਰੋ) : ਮੰਗਲਵਾਰ ਸ਼ਾਮ ਨੂੰ ਵਾਲਮਾਰਟ ਨੇੜੇ ਰੈਕਸਡੇਲ ਵਿੱਚ ਇੱਕ ਮਹਿਲਾ ਨੂੰ ਲੁੱਟਣ ਵਾਲੇ ਤਿੰਨ ਮਸ਼ਕੂਕਾਂ ਵਿੱਚੋਂ ਟੋਰਾਂਟੋ ਪੁਲਿਸ ਦੋ ਦੀ ਭਾਲ ਕਰ ਰਹੀ ਹੈ।

ਪੁਲਿਸ ਨੇ ਦੱਸਿਆ ਕਿ ਸ਼ਾਮੀਂ 6:00 ਵਜੇ ਤੋਂ ਪਹਿਲਾਂ ਇਸਲਿੰਗਟਨ ਐਵਨਿਊ ਤੇ ਬਰਗਾਮੋਟ ਐਵਨਿਊ ਏਰੀਆ ਵਿੱਚ ਬਿੱਗ ਬਾਕਸ ਸਟੋਰ ਦੇ ਪਾਰਕਿੰਗ ਲੌਟ ਵਿੱਚ ਤਿੰਨ ਵਿਅਕਤੀਆਂ ਵੱਲੋਂ ਇੱਕ ਮਹਿਲਾ ਨੂੰ ਘੇਰਾ ਪਾ ਕੇ ਉਸ ਦਾ ਪਰਸ ਖੋਹ ਲਿਆ ਗਿਆ ਤੇ ਉਸ ਤੋਂ ਗੱਡੀ ਦੀਆਂ ਚਾਬੀਆਂ ਵੀ ਮੰਗੀਆਂ ਗਈਆਂ। ਉਸ ਦੀਆਂ ਚੀਕਾਂ ਸੁਣ ਕੇ ਰਾਹਗੀਰ ਉਸ ਦੀ ਮਦਦ ਲਈ ਪਹੁੰਚੇ।




ਇਸ ਮਹਿਲਾ ਦੀ ਮਦਦ ਕਰਨ ਵਾਲੇ ਇੱਕ ਵਿਅਕਤੀ ਨੇ ਤਿੰਨਾਂ ਵਿੱਚੋਂ ਇੱਕ ਨੂੰ ਕਾਬੂ ਕਰ ਲਿਆ ਤੇ ਦੋ ਹੋਰ ਭੱਜਣ ਵਿੱਚ ਕਾਮਯਾਬ ਹੋ ਗਏ। ਇਹ ਸਪਸ਼ਟ ਨਹੀਂ ਹੋ ਸਕਿਆ ਹੈ ਕਿ ਇਹ ਦੋਵੇਂ ਮਸ਼ਕੂਕ ਪੈਦਲ ਹੀ ਫਰਾਰ ਹੋਏ ਜਾਂ ਗੱਡੀ ਵਿੱਚ ਭੱਜੇ। ਇਸ ਦੌਰਾਨ ਮਹਿਲਾ ਨੂੰ ਕੋਈ ਸੱਟ ਫੇਟ ਨਹੀਂ ਲੱਗੀ ਹੈ ਤੇ ਪੁਲਿਸ ਦਾ ਕਹਿਣਾ ਹੈ ਕਿ ਉਨ੍ਹਾਂ ਵੱਲੋਂ ਇੱਕ ਵਿਅਕਤੀ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਹੈ ਤੇ ਜਿਹੜੇ ਦੋ ਮਸ਼ਕੂਕ ਭੱਜ ਗਏ ਉਨ੍ਹਾਂ ਵਿੱਚੋਂ ਇੱਕ ਦੀ ਗੰਨ ਉੱਥੇ ਹੀ ਡਿੱਗ ਗਈ ਤੇ ਹੁਣ ਪੁਲਿਸ ਕੋਲ ਉਹ ਗੰਨ ਹੈ।

ਪੁਲਿਸ ਮਸ਼ਕੂਕਾਂ ਦੀ ਭਾਲ ਵਿੱਚ ਅਜੇ ਵੀ ਇਲਾਕੇ ਵਿੱਚ ਘੁੰਮ ਰਹੀ ਹੈ। ਕਿਸੇ ਵੀ ਮਸ਼ਕੂਕ ਦਾ ਵੇਰਵਾ ਜਾਰੀ ਨਹੀਂ ਕੀਤਾ ਗਿਆ ਹੈ।

# ਫਾਸਟ ਨਹੀਂ ਹੋਣਗੇ ਕੰਜ਼ਰਵੇਟਿਵ ਫਾਇਨਾਂਸ ਕ੍ਰਿਟਿਕ



ਓਟਵਾ, 19 ਮਈ (ਪੋਸਟ ਬਿਊਰੋ) : ਅੰਤਰਿਮ ਪਾਰਟੀ ਆਗੂ ਕੈਂਡਿਸ ਬਰਜਨ ਨੇ ਦੱਸਿਆ ਕਿ ਐਡ ਫਾਸਟ ਹੁਣ ਕੰਜ਼ਰਵੇਟਿਵ ਫਾਇਨਾਂਸ ਕ੍ਰਿਟਿਕ ਨਹੀਂ ਹੋਣਗੇ।

ਬੁੱਧਵਾਰ ਸ਼ਾਮ ਨੂੰ ਜਾਰੀ ਕੀਤੇ ਇੱਕ ਬਿਆਨ ਵਿੱਚ ਬਰਜਨ ਨੇ ਆਖਿਆ ਕਿ ਫਾਸਟ ਨੇ ਉਨ੍ਹਾਂ ਨੂੰ ਇਹ ਜਾਣਕਾਰੀ ਦਿੱਤੀ ਹੈ ਕਿ ਉਹ ਫਾਇਨਾਂਸ ਕ੍ਰਿਟਿਕ ਵਜੋਂ ਆਪਣੀਆਂ ਸੇਵਾਵਾਂ ਨਹੀਂ ਦੇ ਸਕਣਗੇ। ਫਾਸਟ ਕਿਊਬਿਕ ਦੇ ਸਾਬਕਾ ਪ੍ਰੀਮੀਅਰ ਜੀਨ ਚਾਰੈਸਟ ਦੀ ਲੀਡਰਸ਼ਿਪ ਕੈਂਪੇਨ ਨੂੰ ਕੋ-ਚੇਅਰ ਕਰ ਰਹੇ ਹਨ। ਬੁੱਧਵਾਰ ਨੂੰ ਇਨ੍ਹਾਂ ਦੋਵਾਂ ਆਗੂਆਂ ਨੇ ਚਾਰੈਸਟ ਦੇ ਲੀਡਰਸ਼ਿਪ ਵਿਰੋਧੀ ਪਿਏਰ ਪੌਲੀਏਵਰ ਨੂੰ ਬੈਂਕ ਆਫ ਕੈਨੇਡਾ ਦੇ ਗਵਰਨਰ ਨੂੰ ਕੱਢਣ ਦੀ ਗੱਲ ਉੱਤੇ ਘੇਰਿਆ।

ਫਾਸਟ ਨੇ ਆਖਿਆ ਕਿ ਦੇਸ਼ ਵਿੱਚ ਮਹਿੰਗਾਈ ਦਰ ਵਧਣ ਕਾਰਨ ਪੌਲੀਏਵਰ ਵੱਲੋਂ ਟਿਫ ਮੈਕਲੈਮ ਨੂੰ ਨੌਕਰੀ ਤੋਂ ਕੱਢਣ ਦੀ ਗੱਲ ਕੀਤੀ ਗਈ ਹੈ ਜਿਸ ਨਾਲ ਪਾਰਟੀ ਦੀ ਆਰਥਿਕ ਮਾਮਲਿਆਂ ਵਿੱਚ ਭਰੋਸੇਯੋਗਤਾ ਨੂੰ ਢਾਹ ਲੱਗੀ ਹੈ। ਪਾਰਟੀ ਕਾਕਸ ਦੀ ਮੀਟਿੰਗ ਤੋਂ ਪਹਿਲਾਂ ਫਾਸਟ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਸਾਡੇ ਇੱਕ ਉਮੀਦਵਾਰ ਦੇ ਸੈਂਟਰਲ ਬੈਂਕ ਦੀ ਆਜ਼ਾਦੀ ਵਿੱਚ ਦਖਲ ਦੇਣ ਦੀ ਗੱਲ ਕੀਤੇ ਜਾਣ ਤੋਂ ਉਹ ਪਰੇਸ਼ਾਨ ਹਨ। ਫਾਸਟ ਨੂੰ ਕੈਂਡਿਸ ਬਰਜਨ ਵੱਲੋਂ ਉਸ ਸਮੇਂ ਪਾਰਟੀ ਦਾ ਫਾਇਨਾਂਸ ਕ੍ਰਿਟਿਕ ਨਿਯੁਕਤ ਕੀਤਾ ਗਿਆ ਸੀ ਜਦੋਂ ਸਾਬਕਾ ਕ੍ਰਿਟਿਕ ਪਿਏਰ ਪੌਲੀਏਵਰ ਨੇ ਚੋਣਾਂ ਵਿੱਚ ਖੜ੍ਹੇ ਹੋਣ ਦਾ ਫੈਸਲਾ ਕੀਤਾ ਸੀ। ਬਰਜਨ ਵੱਲੋਂ ਜਲਦ ਹੀ ਨਵੇਂ ਫਾਇਨਾਂਸ ਕ੍ਰਿਟਿਕ ਦਾ ਐਲਾਨ ਕੀਤਾ ਜਾਵੇਗਾ ਤੇ ਉਨ੍ਹਾਂ ਇਹ ਵੀ ਆਖਿਆ ਕਿ ਫਾਸਟ ਅਜੇ ਵੀ ਕਾਕਸ ਦੇ ਅਹਿਮ ਮੈਂਬਰ ਹਨ।

# ਪ੍ਰਿੰਸ ਚਾਰਲਸ ਤੇ ਕੈਮਿਲਾ ਨੇ ਯੂਕਰੇਨੀ ਚਰਚ ਦਾ ਕੀਤਾ ਦੌਰਾ

ਓਟਵਾ, 19 ਮਈ (ਪੋਸਟ ਬਿਊਰੋ) : ਪ੍ਰਿੰਸ ਚਾਰਲਸ ਤੇ ਕੈਮਿਲਾ, ਡਚੈਸ ਆਫ ਕੌਰਨਵਾਲ, ਨੇ ਬੁੱਧਵਾਰ ਨੂੰ ਓਟਵਾ ਦੇ ਯੂਕਰੇਨੀਅਨ ਆਰਥੋਡੌਕਸ ਕੈਥੇਡਰਲ ਵਿੱਚ ਮੋਮਬੱਤੀਆਂ ਬਾਲੀਆਂ ਤੇ ਪ੍ਰੇਅਰ ਸਰਵਿਸ ਵਿੱਚ ਹਿੱਸਾ ਲਿਆ। ਇਸ ਦੌਰਾਨ ਲੋਕਾਂ ਵੱਲੋਂ ਨੀਲੇ ਤੇ ਪੀਲੇ ਰੰਗ ਦੇ ਨਾਲ ਨਾਲ ਯੂਨੀਅਨ ਜੈਕ ਦੇ ਝੰਡੇ ਫਹਿਰਾਏ ਗਏ।



ਕੈਨੇਡਾ ਦੇ ਆਪਣੇ ਪਲੈਟੀਨਮ ਜੁਬਲੀ ਦੌਰੇ ਦੇ ਦੂਜੇ ਦਿਨ ਇਸ ਸ਼ਾਹੀ ਜੋੜੇ ਵੱਲੋਂ ਜੰਗ ਨਾਲ ਝੰਬੇ ਦੇਸ਼ ਦੇ ਸਮਰਥਨ ਵਿੱਚ ਚਰਚ ਦਾ ਦੌਰਾ ਕੀਤਾ ਗਿਆ। ਪਾਦਰੀ ਨੇ ਇਸ ਜੋੜੇ ਨੂੰ ਦੱਸਿਆ ਕਿ ਉਨ੍ਹਾਂ ਦੇ ਪਰਿਵਾਰ ਵੱਲੋਂ ਮਿਲਣ ਵਾਲੇ ਸਮਰਥਨ ਲਈ ਕਮਿਊਨਿਟੀ ਧੰਨਵਾਦੀ ਹੈ। ਪ੍ਰਿੰਸ ਤੇ ਕੈਮਿਲਾ ਮੰਗਲਵਾਰ ਨੂੰ ਕੈਨੇਡਾ ਪਹੁੰਚ ਗਏ ਸਨ, ਉਨ੍ਹਾਂ ਪੂਰਾ ਦਿਨ ਨਿਊਫਾਊਂਡਲੈਂਡ ਤੇ ਲੈਬਰਾਡੋਰ ਵਿੱਚ ਬਿਤਾਇਆ। ਉਨ੍ਹਾਂ ਵੱਲੋਂ ਬੁੱਧਵਾਰ ਨੂੰ ਨੈਸ਼ਨਲ ਵਾਰ ਮੈਮੋਰੀਅਲ ਤੇ ਬਾਇਵਰਡ ਮਾਰਕਿਟ ਦਾ ਦੌਰਾ ਵੀ ਕੀਤਾ ਗਿਆ।

ਫਾਦਰ ਇਹਰ ਕੁਤਾਸ਼ ਨੇ ਆਖਿਆ ਕਿ ਤੁਹਾਡਾ ਦੇਸ਼ ਸੱਚਮੁੱਚ ਯੂਕਰੇਨ ਦਾ ਦੋਸਤ ਹੈ। ਤੁਸੀਂ ਨਾ ਸਿਰਫ ਮਦਦ ਦਾ ਹੀ ਹੱਥ ਵਧਾਇਆ ਹੈ ਸਗੋਂ ਉੱਥੇ ਰਹਿਣ ਵਾਲੇ ਨਾਗਰਿਕਾਂ ਦੀ ਵੀ ਸਾਰ ਲਈ ਹੈ। ਜ਼ਿਕਰਯੋਗ ਹੈ ਕਿ ਸ਼ਾਹੀ ਜੋੜੇ ਨੂੰ ਵੇਖਣ ਤੇ ਮਿਲਣ ਦਾ ਲੋਕਾਂ ਨੂੰ ਕਾਫੀ ਚਾਅ ਸੀ।

ਇਸ ਤੋਂ ਬਾਅਦ ਐਸੰਪਸ਼ਨ ਐਲੀਮੈਂਟਰੀ ਸਕੂਲ ਵਿੱਚ ਕੈਮਿਲਾ ਨੇ ਗ੍ਰੇਡ ਵੰਨ ਤੇ ਟੂ ਕਲਾਸ ਦਾ ਮੁਆਇਨਾ ਕੀਤਾ ਤੇ ਫਰੈਂਚ ਇਮਰਸ਼ਨ ਕਲਾਸ ਦੇ ਵਿਦਿਆਰਥੀਆਂ ਨਾਲ ਵੀ ਗੱਲਬਾਤ ਕੀਤੀ। ਫਿਰ ਇਹ ਜੋੜਾ ਨੈਸ਼ਨਲ ਵਾਰ ਮੈਮੋਰੀਅਲ ਗਿਆ ਜਿੱਥੇ ਇੱਕ ਮਿੰਟ ਦਾ ਮੌਨ ਧਾਰਨ ਤੋਂ ਬਾਅਦ ਉਨ੍ਹਾਂ ਅਣਪਛਾਤੇ ਸੈਨਿਕਾਂ ਦੇ ਮਕਬਰੇ ਉੱਤੇ ਫੁੱਲ ਅਰਪਣ ਕਰਕੇ ਸ਼ਰਧਾਂਜਲੀ ਭੇਟ ਕੀਤੀ। ਫਿਰ ਸ਼ਾਹੀ ਜੋੜੇ ਨੇ ਲੋਕਾਂ ਨਾਲ ਮੁਲਾਕਾਤ ਕੀਤੀ।

# ਗੈਸ ਦੀਆਂ ਕੀਮਤਾਂ ਵਿੱਚ ਦਰਜ ਕੀਤੀ ਜਾ ਸਕਦੀ ਹੈ ਭਾਰੀ ਗਿਰਾਵਟ



ਓਨਟਾਰੀਓ, 19 ਮਈ (ਪੋਸਟ ਬਿਊਰੋ) : ਅਗਲੇ 48 ਘੰਟਿਆਂ ਵਿੱਚ ਪ੍ਰੋਵਿੰਸ ਭਰ ਵਿੱਚ ਗੈਸ ਦੀਆਂ ਕੀਮਤਾਂ ਵਿੱਚ ਭਾਰੀ ਗਿਰਾਵਟ ਦਰਜ ਕੀਤੀ ਜਾ ਸਕਦੀ ਹੈ। ਇਸ ਨਾਲ ਆਉਣ ਵਾਲੇ ਲਾਂਗ ਵੀਕੈਂਡ ਉੱਤੇ ਟਰੈਵਲ ਕਰਨ ਵਾਲਿਆਂ ਨੂੰ ਵੀ ਰਾਹਤ ਮਿਲੇਗੀ। ਐਨ-ਪ੍ਰੋ ਇੰਟਰਨੈਸ਼ਨਲ ਇਨਕਾਰਪੋਰੇਸ਼ਨ ਦੇ ਚੀਫ ਪੈਟਰੋਲੀਅਮ ਵਿਸ਼ਲੇਸ਼ਕ ਰੌਜਰ ਮੈਕਨਾਈਟ ਦਾ ਕਹਿਣਾ ਹੈ ਕਿ ਗੈਸ ਦੀਆਂ ਕੀਮਤਾਂ ਵੀਰਵਾਰ ਨੂੰ ਤਿੰਨ ਸੈਂਟ ਤੱਕ ਘਟਣ ਦੀ ਉਮੀਦ ਹੈ ਤੇ ਬਹੁਤੇ ਸਟੇਸ਼ਨਾਂ ਉੱਤੇ ਇਹ ਅੱਠ ਸੈਂਟ ਤੋਂ ਹੋਰ ਹੇਠਾਂ ਡਿੱਗਣ ਦੀ ਸੰਭਾਵਨਾ ਹੈ। ਮੈਕਨਾਈਟ ਦਾ ਕਹਿਣਾ ਹੈ ਕਿ ਸ਼ੁੱਕਰਵਾਰ ਨੂੰ ਗੈਸ ਦੀਆਂ ਕੀਮਤਾਂ 2 ਡਾਲਰ ਪ੍ਰਤੀ ਲੀਟਰ ਤੱਕ ਡਿੱਗ ਸਕਦੀਆਂ ਹਨ।

ਪਿਛਲੇ ਕੁੱਝ ਦਿਨਾਂ ਤੋਂ ਫਿਊਲ ਦੀਆਂ ਕੀਮਤਾਂ ਵਿੱਚ ਲਗਾਤਾਰ ਵਾਧਾ ਹੋ ਰਿਹਾ ਸੀ, 12 ਮਈ ਨੂੰ ਇਹ ਕੀਮਤਾਂ 193.9 ਡਾਲਰ ਉੱਤੇ ਸਨ ਤੇ 18 ਮਈ ਨੂੰ ਇਹ 209.9 ਡਾਲਰ ਪ੍ਰਤੀ ਲੀਟਰ ਤੱਕ ਵਧ ਗਈਆਂ। ਸਟੈਟੇਸਟਿਕਸ ਕੈਨੇਡਾ ਦਾ ਕਹਿਣਾ ਹੈ ਕਿ ਅਪਰੈਲ ਵਿੱਚ ਸਾਲਾਨਾ ਮਹਿੰਗਾਈ ਦਰ 6.8 ਫੀ ਸਦੀ ਸੀ, ਜੋ ਕਿ ਜਨਵਰੀ 1991 ਤੋਂ ਲੈ ਕੇ ਸੱਭ ਤੋਂ ਵੱਧ ਸੀ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
25 years of Canadian Experience
OPEN MON - SAT 9AM TO 7PM
CHEEMA
LOWEST PRICE IN TOWN
Towing Service Car Paint Starts $799*upto 100% Deductible Paid*
Call Rick or Manminder Cheema: 416.749.9596 /416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

UK TRUCK TRAINING CENTRE
ukttc
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
➡ Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
➡ Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS
uktruck1@gmail.com
Jitpal Singh Deol
647-204-1936

SherGill Law Firm
Barrister, Solicitor & Notary Public
Services:
★ Real Estate
★ Residential, Commercial & Franchise
★ Criminal Law
★ Family Law
★ Affidavit, Power Of Attorney & Notarization
★ Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

# ਮਾਰਚ ਵਿੱਚ ਕ੍ਰੈਸ਼ ਹੋਏ ਜਹਾਜ਼ ਬਾਰੇ ਅਮਰੀਕਾ ਨੇ ਕੋਈ ਸੂਚਨਾ ਨਹੀਂ ਦਿੱਤੀ: ਚੀਨ

ਬੀਜਿੰਗ, 19 ਮਈ (ਪੋਸਟ ਬਿਊਰੋ)- ਚੀਨ ਨੇ ਕੱਲ੍ਹ ਕਿਹਾ ਕਿ ਅਮਰੀਕੀ ਜਾਂਚ ਅਧਿਕਾਰੀਆਂ ਨੇ ਮਾਰਚ ਵਿੱਚ ਚਾਈਨਾ ਈਸਟਨ ਏਅਰਲਾਈਨਜ਼ ਜਹਾਜ਼ ਹਾਦਸੇ ਦੇ ਕਾਰਨਾਂ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ।



ਅਖ਼ਬਾਰ 'ਵਾਲ ਸਟ੍ਰੀਟ ਜਨਰਲ' ਨੇ ਖ਼ਬਰ ਛਾਪੀ ਹੈ ਕਿ ਜਹਾਜ਼ ਦੇ ਉਡਾਣ ਡਾਟਾ ਰਿਕਾਰਡਰ ਨੇ ਸੰਕੇਤ ਦਿੱਤਾ ਹੈ ਕਿ ਬੋਇੰਗ 737-800 ਨੂੰ ਕਿਸੇ ਨੇ ਜਾਣ ਬੁੱਝ ਕੇ ਕਰੈਸ਼ ਕੀਤਾ ਹੈ।ਸਰਕਾਰੀ ਅਖਬਾਰ 'ਗਲੋਬਲ ਟਾਈਮਜ਼' ਨੇ ਦੱਸਿਆ ਕਿ ਅਮਰੀਕੀ ਜਾਂਚ ਅਧਿਕਾਰੀਆਂ ਨੇ ਚੀਨ ਦੇ ਨਾਗਰਿਕ ਹਵਾਬਾਜ਼ੀ ਪ੍ਰਸ਼ਾਸਨ (ਸੀ ਏ ਏ ਸੀ) ਤੋਂ ਪੁਸ਼ਟੀ ਕੀਤੀ ਹੈ ਕਿ ਉਨ੍ਹਾਂ ਨੇ ਪੱਤਰਕਾਰਾਂ ਨੂੰ ਕੋਈ ਸੂਚਨਾ ਜਾਰੀ ਨਹੀਂ ਕੀਤੀ। ਵਿਦੇਸ਼ ਮੰਤਰਾਲਾ ਦੇ ਬੁਲਾਰੇ ਵਾਂਗ ਵੈਨਬਿਨ ਨੇ ਜਾਂਚ ਦੇ ਬਾਰੇ ਜਾਣਕਾਰੀ ਲਈ ਬੇਨਤੀਆਂ ਦੇ ਜਵਾਬ ਵਿੱਚ ਪੱਤਰਕਾਰਾਂ ਨੂੰ 'ਗਲੋਬਲ ਟਾਈਮਜ਼' ਦੀ ਖ਼ਬਰ ਦਾ ਹਵਾਲਾ ਦਿੱਤਾ।ਚੀਨ ਦੇ ਦੱਖਣੀ-ਪੱਛਮ ਵਿੱਚ ਕੁਨਮਿੰਗ ਤੋਂ ਹਾਂਗਕਾਂਗ ਨੇੜੇ ਗਵਾਂਗਜ਼ੂ ਦੀ ਉਡਾਣ ਦੌਰਾਨ ਜਹਾਜ਼ ਕਰੀਬ 8800 ਮੀਟਰ ਦੀ ਉਚਾਈ ਤੋਂ ਡਿੱਗਿਆ ਸੀ। ਇਹ ਘਟਨਾ 21 ਮਾਰਚ ਦੀ ਸੀ। ਘਟਨਾ ਵਿੱਚ ਜਹਾਜ਼ ਵਿੱਚ ਸਵਾਰ ਸਾਰੇ 123 ਯਾਤਰੀ ਅਤੇ ਚਾਲਕ ਦਲ ਦੇ 9 ਮੈਂਬਰ ਮਾਰੇ ਗਏ ਸਨ। ਜਹਾਜ਼ ਦਾ ਮਲਬਾ ਕਈ ਹਿੱਸਿਆਂ ਵਿੱਚ ਪਹਾੜੀ ਖੇਤਰ ਵਿੱਚ ਮਿਲਿਆ। 'ਵਾਲ ਸਟ੍ਰੀਟ ਜਨਰਲ' ਨੇ ਸ਼ੁਰੂ ਦੀ ਜਾਂਚ ਸਿੱਟੇ ਉੱਤੇ ਪਹੁੰਚਣ ਵਾਲੇ ਅਮਰੀਕੀ ਅਧਿਕਾਰੀਆਂ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਡਾਟਾ ਰਿਕਾਰਡਰ ਤੋਂ ਪਤਾ ਲੱਗਦਾ ਹੈ ਕਿ ਕਿਸੇ ਨੇ ਜਹਾਜ਼ ਨੂੰ ਜਾਣਬੁੱਝ ਕੇ ਕਰੈਸ਼ ਕੀਤਾ।

# ਐਨਡੀਪੀ ਤੇ ਪੀਸੀ ਖੁਦ ਨੂੰ ਲੇਬਰ ਪੱਖੀ ਦੱਸਣ ਵਿੱਚ ਨਹੀਂ ਛੱਡ ਰਹੀਆਂ ਕੋਈ ਕਸਰ

ਟੋਰਾਂਟੋ, 19 ਮਈ (ਪੋਸਟ ਬਿਊਰੋ) : ਮੰਗਲਵਾਰ ਨੂੰ ਡੱਗ ਫੋਰਡ ਨੇ ਯੂਨੀਅਨਾਂ ਨਾਲ ਆਪਣੇ ਸਬੰਧਾਂ ਦੀ ਗੱਲ ਕਰਦਿਆਂ ਹੋਇਆਂ ਪ੍ਰੋਗਰੈਸਿਵ ਕੰਜ਼ਰਵੇਟਿਵ ਪਾਰਟੀ ਨੂੰ ਲੇਬਰ ਫਰੈਂਡਲੀ ਦੱਸਿਆ । ਪਰ ਉਨ੍ਹਾਂ ਦੇ ਵਿਰੋਧੀਆਂ ਵੱਲੋਂ ਆਖਿਆ ਗਿਆ ਕਿ ਫੋਰਡ ਸਿਰਫ ਲੇਬਰ ਪੱਖੀ ਹੋਣ ਦਾ ਦਾਅਵਾ ਕਰ ਰਹੇ ਹਨ ਪਰ ਅਜਿਹਾ ਅਸਲ ਵਿੱਚ ਹੈ ਨਹੀਂ।

ਕੈਂਪੇਨ ਦੌਰਾਨ ਟੋਰੀਜ਼ ਨੂੰ ਕੰਸਟ੍ਰਕਸ਼ਨ ਯੂਨੀਅਨ ਦਾ ਸਾਥ ਮਿਲ ਗਿਆ ਜਦਕਿ ਰਵਾਇਤੀ ਤੌਰ ਉੱਤੇ ਵਰਕਰ ਫਰੈਂਡਲੀ ਐਨਡੀਪੀ ਨੂੰ ਓਨਟਾਰੀਓ ਪਬਲਿਕ ਸਰਵਿਸ ਇੰਪਲੌਈਜ਼ ਯੂਨੀਅਨ, ਜਿਸ ਦੇ 180,000 ਵਰਕਰ ਹਨ, ਤੋਂ ਸਮਰਥਨ ਹਾਸਲ ਹੋਇਆ। ਇਸ ਦੌਰਾਨ ਇੰਟਰਨੈਸ਼ਨਲ ਯੂਨੀਅਨ ਆਫ ਪੇਂਟਰਜ਼ ਐਂਡ ਅਲਾਈਡ ਟਰੇਡਜ਼ ਤੋਂ ਸਮਰਥਨ



ਹਾਸਲ ਹੋਣ ਤੋਂ ਬਾਅਦ ਫੋਰਡ ਨੇ ਆਖਿਆ ਕਿ ਇਹ ਉਹ ਲੋਕ ਹਨ ਜਿਨ੍ਹਾਂ ਵੱਲੋਂ ਓਨਟਾਰੀਓ, ਟੋਰਾਂਟੋ, ਤੇ ਸਮੁੱਚੇ ਪ੍ਰੋਵਿੰਸ ਦਾ ਨਿਰਮਾਣ ਕੀਤਾ ਜਾਵੇਗਾ। ਉਨ੍ਹਾਂ ਆਖਿਆ ਕਿ ਭਾਵੇਂ ਮੌਸਮ ਕਿਹੋ ਜਿਹਾ ਹੋਵੇ ਪਰ ਇਹ ਲੋਕ ਕੰਮ ਕਰਦੇ ਰਹਿੰਦੇ ਹਨ। ਅਸੀਂ ਇਨ੍ਹਾਂ ਤੋਂ ਬਿਨਾਂ ਪ੍ਰੋਵਿੰਸ ਚਲਾਉਣ ਬਾਰੇ ਸੋਚ ਵੀ ਨਹੀਂ ਸਕਦੇ। ਸਵੇਰ ਸਮੇਂ ਕੀਤੀ ਪ੍ਰੈੱਸ ਕਾਨਫਰੰਸ ਵਿੱਚ ਉਨ੍ਹਾਂ ਆਖਿਆ ਕਿ ਉਨ੍ਹਾਂ ਦੀ ਪਿੱਠ ਉੱਤੇ ਹਮੇਸ਼ਾਂ ਇਨ੍ਹਾਂ ਲੋਕਾਂ ਦਾ ਥਾਪੜਾ ਰਿਹਾ ਹੈ।

ਫੋਰਡ ਵੱਲੋਂ ਖੁਦ ਨੂੰ ਯੂਨੀਅਨ ਪੱਖੀ ਦੱਸੇ ਜਾਣ ਤੋਂ ਬਾਅਦ ਐਨਡੀਪੀ ਦੀ ਆਗੂ ਐਂਡਰੀਆ ਹੌਰਵਥ ਨੇ ਆਖਿਆ ਕਿ 2019 ਵਿੱਚ ਤਨਖਾਹਾਂ ਵਿੱਚ ਵਾਧੇ ਉੱਤੇ ਰੋਕ ਲਾਏ ਜਾਣ ਲਈ ਲਿਆਂਦੇ ਬਿੱਲ ਨੂੰ ਪਾਸ ਕਰਕੇ ਫੋਰਡ ਨੇ ਆਪਣੇ ਓਪੀਐਸਈਯੂ ਤੇ ਹੋਰਨਾਂ ਲੇਬਰ ਗਰੁੱਪਸ ਦੇ ਖਿਲਾਫ ਹੋਣ ਦਾ ਸਬੂਤ ਦਿੱਤਾ ਸੀ। ਹੌਰਵਥ ਨੇ ਆਖਿਆ ਕਿ ਐਨਡੀਪੀ ਸ਼ੁਰੂ ਤੋਂ ਹੀ ਯੂਨੀਅਨਜ਼ ਦੇ ਮੋਢੇ ਨਾਲ ਮੋਢਾ ਜੋੜ ਕੇ ਚੱਲਦੀ ਆਈ ਹੈ ਤੇ ਇਸ ਲਈ ਵਰਕਰਜ਼ ਨੂੰ ਫੋਰਡ ਦੇ ਬਦਲੇ ਹੋਏ ਸੁਰ ਵੱਲ ਧਿਆਨ ਦੇਣਾ ਚਾਹੀਦਾ ਹੈ।ਉਨ੍ਹਾਂ ਆਖਿਆ ਕਿ ਅਸੀਂ ਫੋਰਡ ਨੂੰ ਯੂਨੀਅਨਾਂ ਉੱਤੇ ਹਮਲਾ ਕਰਦਿਆਂ ਵੇਖਿਆ ਹੈ, ਅਸੀਂ ਉਨ੍ਹਾਂ ਨੂੰ ਵਰਕਿੰਗ ਲੋਕਾਂ ਉੱਤੇ ਹਮਲਾ ਕਰਦਿਆਂ ਵੀ ਵੇਖਿਆ ਹੈ। ਕੰਜ਼ਰਵੇਟਿਵ ਹਮੇਸ਼ਾਂ ਅਜਿਹਾ ਕਰਦੇ ਹਨ। ਪਰ ਉਨ੍ਹਾਂ ਆਖਿਆ ਕਿ ਉਹ ਜਾਣਦੀ ਹੈ ਕਿ ਉਨ੍ਹਾਂ ਨੇ ਚੋਣਾਂ ਤੋਂ ਪਹਿਲਾਂ, ਚੋਣਾਂ ਦਰਮਿਆਨ ਤੇ ਚੋਣਾਂ ਤੋਂ ਬਾਅਦ ਕਿਸ ਦੇ ਨਾਲ ਖੜ੍ਹਨਾ ਹੈ।

# ਤਲਾਅ ਵਿੱਚੋਂ ਮਿਲੇ ਮਨੁੱਖੀ ਅਵਸ਼ੇਸ਼ ਟੋਰਾਂਟੋ ਤੋਂ ਲਾਪਤਾ ਵਿਅਕਤੀ ਦੇ : ਪੁਲਿਸ

ਟੋਰਾਂਟੋ, 19 ਮਈ (ਪੋਸਟ ਬਿਊਰੋ) : ਪਿਛਲੇ ਹਫਤੇ ਅਕਸਬ੍ਰਿੱਜ ਤੋਂ ਮਿਲੇ ਮਨੁੱਖੀ ਅਵਸ਼ੇਸ਼ ਪਿਛਲੀਆਂ ਗਰਮੀਆਂ ਵਿੱਚ ਲਾਪਤਾ ਹੋਏ ਟੋਰਾਂਟੋ ਦੇ ਵਿਅਕਤੀ ਦੇ ਹਨ।

10 ਮਈ ਨੂੰ ਦੁਪਹਿਰੇ 2:40 ਵਜੇ ਇੱਕ ਤਲਾਅ ਵਿੱਚ ਤੈਰ ਰਹੇ ਬੈਗ ਵਿੱਚ ਮਨੁੱਖੀ ਅਵਸ਼ੇਸ਼ ਮਿਲਣ ਤੋਂ ਬਾਅਦ ਡੀਆਰਪੀਐਸ ਅਧਿਕਾਰੀਆਂ ਨੂੰ ਅਕਸਬ੍ਰਿੱਜ ਕਨਸੈਸ਼ਨ ਰੋਡ 6 ਤੇ ਆਲਬ੍ਰਾਈਟ ਰੋਡ ਏਰੀਆ ਵਿੱਚ ਸੱਦਿਆ ਗਿਆ। ਓਨਟਾਰੀਓ ਫੋਰੈਂਸਿਕ ਪੈਥੌਲੋਜੀ ਸਰਵਿਸਿਜ਼ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ 32 ਸਾਲਾਂ ਦੇ ਏਰੀਅਲ ਕਾਪਲਾਨ ਦੇ ਹਨ।ਇਸ ਦੌਰਾਨ ਪਬਲਿਕ ਸੇਫਟੀ ਯੂਨਿਟ ਦੇ ਨਾਲ ਨਾਲ ਯੌਰਕ ਰੀਜਨਲ ਪੁਲਿਸ ਦੀ ਡਾਈਵ ਟੀਮ ਦੇ ਮੈਂਬਰਾਂ ਵੱਲੋਂ ਜ਼ਮੀਨੀ ਪੱਧਰ ਅਤੇ ਪਾਣੀ ਵਿੱਚ ਸਰਚ ਕੀਤੀ ਗਈ।ਮੰਗਲਵਾਰ ਨੂੰ ਜਾਰੀ ਕੀਤੀ ਗਈ



ਨਿਊਜ਼ ਰਲੀਜ਼ ਅਨੁਸਾਰ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

ਜ਼ਿਕਰਯੋਗ ਹੈ ਕਿ ਕਾਪਲਾਨ ਦੇ ਪਿਛਲੇ ਸਾਲ ਅਗਸਤ 2021 ਵਿੱਚ ਲਾਪਤਾ ਹੋਣ ਦੀ ਰਿਪੋਰਟ ਲਿਖਾਈ ਗਈ ਸੀ। ਮਈ 2021 ਵਿੱਚ ਕਾਪਲਾਨ ਉੱਤੇ ਜੁਰਮ ਨਾਲ ਹਾਸਲ ਕੀਤੀ ਸੰਪਤੀ ਰੱਖਣ ਤੇ 250,000 ਡਾਲਰ ਦੇ ਸਮਾਨ ਨਾਲ ਭਰੇ ਟਰੈਕਟਰ ਟਰੇਲਰ ਨੂੰ ਚੋਰੀ ਕਰਨ ਦੇ ਦੋਸ਼ ਲੱਗੇ ਸਨ।ਦਰਹਾਮ ਪੁਲਿਸ ਦੀ ਹੋਮੀਸਾਈਡ ਯੂਨਿਟ, ਟੋਰਾਂਟੋ ਪੁਲਿਸ ਨਾਲ ਰਲ ਕੇ ਇਸ ਮਾਮਲੇ ਉੱਤੇ ਕੰਮ ਕਰ ਰਹੀਆਂ ਹਨ।

# ਬਫਲੋ ਸ਼ੂਟਰ ਨੇ ਬਲੈਕ ਲੋਕਾਂ ਨੂੰ ਸੋਚ ਸਮਝ ਕੇ ਨਿਸ਼ਾਨਾ ਬਣਾਇਆ

ਬਫਲੋ, 19 ਮਈ (ਪੋਸਟ ਬਿਊਰੋ) : 18 ਸਾਲਾਂ ਦੇ ਗੋਰੇ ਲੜਕੇ, ਜਿਸ ਨੇ ਬਫਲੋ ਦੀ ਸੁਪਰਮਾਰਕਿਟ ਵਿੱਚ 10 ਵਿਅਕਤੀਆਂ ਨੂੰ ਗੋਲੀ ਮਾਰ ਕੇ ਮਾਰ ਮੁਕਾਇਆ, ਨੇ ਇੱਕ ਦਿਨ ਪਹਿਲਾਂ ਮੌਕਾ-ਏ-ਵਾਰਦਾਤ ਉੱਤੇ ਜਾ ਕੇ ਹਾਲਾਤ ਦਾ ਪੂਰਾ ਜਾਇਜ਼ਾ ਲਿਆ ਸੀ ਤੇ ਵੱਧ ਤੋਂ ਵੱਧ ਕਾਲੇ ਲੋਕਾਂ ਨੂੰ ਮਾਰਨ ਲਈ ਸਥਿਤੀ ਦਾ ਮੁਆਇਨਾ ਵੀ ਕੀਤਾ ਸੀ। ਇਹ ਖੁਲਾਸਾ ਅਧਿਕਾਰੀਆਂ ਵੱਲੋਂ ਕੀਤਾ ਗਿਆ।

ਅਧਿਕਾਰੀਆਂ ਅਨੁਸਾਰ ਇਸ ਲੜਕੇ ਨੂੰ ਇੱਕ ਸਾਲ ਪਹਿਲਾਂ ਆਪਣੇ ਹਾਈ ਸਕੂਲ ਵਿੱਚ ਧਮਕੀਆਂ ਦੇਣ ਤੋਂ ਬਾਅਦ ਸਟੇਟ ਪੁਲਿਸ ਵੱਲੋਂ ਹਸਪਤਾਲ ਲਿਜਾਇਆ ਗਿਆ ਸੀ ਤੇ ਹੁਣ ਉਸ ਨੇ ਇਹ ਕਾਰਾ ਕਰ ਦਿੱਤਾ ਹੈ। ਪੁਲਿਸ ਨੇ ਦੱਸਿਆ ਕਿ ਉਸ ਸਮੇਂ ਉਸ ਨੂੰ ਕਿਸੇ ਤਰ੍ਹਾਂ ਦੇ ਜੁਰਮ ਲਈ ਚਾਰਜ ਨਹੀਂ ਕੀਤਾ ਗਿਆ ਤੇ ਉਹ ਡੇਢ ਕੁ ਦਿਨ ਬਾਅਦ ਹੀ ਹਸਪਤਾਲ ਤੋਂ ਬਾਹਰ ਆ ਗਿਆ ਸੀ।ਪਰ ਇਸ ਲੜਕੇ ਦੀ ਹਥਿਆਰਾਂ ਤੱਕ ਪਹੁੰਚ ਨਾਲ ਕਈ ਸਵਾਲ ਉੱਠਦੇ ਹਨ ਤੇ ਇਹ ਵੀ ਕਿੰਤੂ ਕਰਨਾ ਬਣਦਾ ਹੈ ਕਿ ਕੀ ਉਸ ਨੂੰ ਪੁਲਿਸ ਦੀ ਸਖ਼ਤ ਨਿਗਰਾਨੀ ਵਿੱਚ ਨਹੀਂ ਸੀ ਰੱਖਿਆ ਜਾ ਸਕਦਾ।

ਟੌਪਸ ਫਰੈਂਡਲੀ ਮਾਰਕਿਟ ਦੇ ਆਲੇ ਦੁਆਲੇ ਵਧੇਰੇ ਕਰਕੇ ਬਲੈਕ ਕਮਿਊਨਿਟੀ ਰਹਿੰਦੀ ਹੈ ਤੇ ਇਸ ਘਟਨਾ ਤੋਂ ਬਾਅਦ ਬਲੈਕ ਲੋਕਾਂ ਵਿੱਚ ਕਾਫੀ ਰੋਹ ਪਾਇਆ ਜਾ ਰਿਹਾ ਹੈ। ਐਤਵਾਰ ਦੁਪਹਿਰ ਨੂੰ ਲੋਕਾਂ ਨੇ ਇੱਕਠੇ ਹੋ ਕੇ ਮਾਰੇ ਗਏ ਲੋਕਾਂ ਨੂੰ ਯਾਦ ਕੀਤਾ ਤੇ ਬਲੈਕ ਲਾਈਵਜ਼ ਮੈਟਰ ਦਾ ਹੋਕਾ ਦਿੱਤਾ।



ਮਰਨ ਵਾਲਿਆਂ ਵਿੱਚ 86 ਸਾਲਾਂ ਦੀ ਬਜ਼ੁਰਗ ਮਹਿਲਾ ਵੀ ਸ਼ਾਮਲ ਸੀ ਜਿਹੜੀ ਕੁੱਝ ਸਮਾਂ ਪਹਿਲਾਂ ਹੀ ਆਪਣੇ ਪਤੀ ਨੂੰ ਨਰਸਿੰਗ ਹੋਮ ਵਿੱਚ ਮਿਲ ਕੇ ਆਈ ਸੀ ਤੇ ਇਸ ਘਟਨਾ ਵਿੱਚ ਸੁਪਰਮਾਰਕਿਟ ਦਾ ਸਕਿਊਰਿਟੀ ਗਾਰਡ ਵੀ ਮਾਰਿਆ ਗਿਆ, ਦੋਵੇਂ ਬਲੈਕ ਕਮਿਊਨਿਟੀ ਨਾਲ ਸਬੰਧਤ ਸਨ।ਡੈਨਿਸ ਵਾਲਡਨ ਗਲੈਨ ਨਾਂ ਦੇ ਵਿਅਕਤੀ ਨੇ ਆਖਿਆ ਕਿ ਕਿਸੇ ਨੇ ਉਸ ਲੜਕੇ ਦੇ ਮਨ ਵਿੱਚ ਐਨੀ ਨਫਰਤ ਭਰ ਦਿੱਤੀ ਸੀ ਕਿ ਉਹ ਸਾਡੀ ਕਮਿਊਨਿਟੀ ਦਾ ਖੁਰਾ ਖੋਜ ਮਿਟਾਉਣ ਉੱਤੇ ਤੁਲ ਗਿਆ।

ਇਸ ਦੌਰਾਨ ਵਾਸ਼ਿੰਗਟਨ ਵਿੱਚ ਨੈਸ਼ਨਲ ਪੀਸ ਆਫੀਸਰਜ਼ ਮੈਮਰੀਅਲ ਸਰਵਿਸ ਮੌਕੇ ਗੱਲ ਕਰਦਿਆਂ ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਨੇ ਆਖਿਆ ਕਿ ਸਾਨੂੰ ਸਾਰਿਆਂ ਨੂੰ ਰਲ ਕੇ ਅਮਰੀਕਾ ਦੀ ਆਤਮਾ ਉੱਤੇ ਲੱਗੇ ਨਫਰਤ ਦੇ ਦਾਗ ਨੂੰ ਹਟਾਉਣਾ ਹੋਵੇਗਾ। ਇਸ ਤੋਂ ਬਾਅਦ ਵ੍ਹਾਈਟ ਹਾਊਸ ਵੱਲੋਂ ਇਹ ਐਲਾਨ ਕੀਤਾ ਗਿਆ ਕਿ ਰਾਸ਼ਟਰਪਤੀ ਬਾਇਡਨ ਤੇ ਉਨ੍ਹਾਂ ਦੀ ਪਤਨੀ ਮੰਗਲਵਾਰ ਨੂੰ ਕਮਿਊਨਿਟੀ ਨਾਲ ਅਫਸੋਸ ਕਰਨ ਲਈ ਬਫਲੋ ਜਾਣਗੇ। ਪਿਛਲੇ ਦਿਨਾਂ ਵਿੱਚ ਦੇਸ਼ ਵਿੱਚ ਹੋਈਆਂ ਹਿੰਸਕ ਘਟਨਾਵਾਂ ਵਿੱਚੋਂ ਬਫਲੋ ਵਾਲੀ ਘਟਨਾ ਕਾਫੀ ਘਾਤਕ ਸੀ।

# ਰੈਗੂਲਰ ਟਰੈਵਲ ਤੇ ਪਬਲਿਕ ਹੈਲਥ ਮਾਪਦੰਡ ਇੱਕਠਿਆਂ ਨਹੀਂ ਚੱਲ ਸਕਦੇ : ਕੈਨੇਡੀਅਨ ਏਅਰਪੋਰਟ ਕਾਊਂਸਲ

ਓਟਵਾ, 19 ਮਈ (ਪੋਸਟ ਬਿਊਰੋ) : ਕੈਨੇਡੀਅਨ ਏਅਰਪੋਰਟਸ ਕਾਊਂਸਲ ਦਾ ਕਹਿਣਾ ਹੈ ਕਿ ਕੈਨੇਡੀਅਨ ਏਅਰਪੋਰਟਸ ਉੱਤੇ ਇੰਟਰਨੈਸ਼ਨਲ ਫਲਾਈਟਸ ਕਾਰਨ ਐਨੀ ਭੀੜ ਲੱਗੀ ਹੋਈ ਹੈ ਕਿ ਲੈਂਡ ਕਰਨ ਤੋਂ ਬਾਅਦ ਲੋਕਾਂ ਨੂੰ ਇੱਕ ਘੰਟੇ ਤੋਂ ਵੀ ਜ਼ਿਆਦਾ ਸਮੇਂ ਲਈ ਜਹਾਜ਼ਾਂ ਵਿੱਚ ਹੀ ਬਿਠਾਉਣਾ ਪੈ ਰਿਹਾ ਹੈ। ਅਜਿਹਾ ਇਸ ਲਈ ਵੀ ਹੋ ਰਿਹਾ ਹੈ ਕਿ ਟਰੈਵਲਰਜ਼ ਦੀਆਂ ਲੰਮੀਆਂ ਕਤਾਰਾਂ ਨੂੰ ਸਾਂਭ ਕੇ ਰੱਖਣ ਲਈ ਏਅਰਪੋਰਟਸ ਉੱਤੇ ਥਾਂ ਹੀ ਨਹੀਂ ਬਚੀ ਹੈ।

ਕਾਊਂਸਲ ਵੱਲੋਂ ਇਸ ਦਾ ਇੱਕ ਵੱਡਾ ਕਾਰਨ ਕੋਵਿਡ-19 ਸਬੰਧੀ ਪ੍ਰੋਟੋਕਾਲਜ਼ ਨੂੰ ਦੱਸਿਆ ਜਾ ਰਿਹਾ ਹੈ ਤੇ ਫੈਡਰਲ ਸਰਕਾਰ ਤੋਂ ਇਹ ਮੰਗ ਕੀਤੀ ਜਾ ਰਹੀ ਹੈ ਕਿ ਉਹ ਕਦੇ ਕਦਾਈਂ ਪੈਸੈਂਜਰਜ਼ ਦੇ ਟੈਸਟ ਕਰਵਾਇਆ ਕਰਨ ਤਾਂ ਕਿ ਕੈਨੇਡਾ ਆਉਣ ਵਾਲੇ ਯਾਤਰੀਆਂ ਨੂੰ ਗੰਭੀਰ ਦੇਰੀ ਦਾ ਸਾਹਮਣਾ ਨਾ ਕਰਨਾ ਪਵੇ। ਕਾਊਂਸਲਜ਼ ਦੀ



ਅੰਤਰਿਮ ਪ੍ਰੈਜ਼ੀਡੈਂਟ ਮੌਨੇਟ ਪਾਸ਼ਰ ਨੇ ਆਖਿਆ ਕਿ ਇਸ ਸਮੇਂ ਲੋਕਾਂ ਨੂੰ ਪ੍ਰੋਸੈੱਸ ਕਰਨ ਵਿੱਚ ਮਹਾਂਮਾਰੀ ਤੋਂ ਪਹਿਲਾਂ ਦੇ ਮੁਕਾਬਲੇ ਚਾਰ ਗੁਣਾ ਜ਼ਿਆਦਾ ਸਮਾਂ ਲੱਗਦਾ ਹੈ। ਉਨ੍ਹਾਂ ਆਖਿਆ ਕਿ ਇਹ ਉਸ ਸਮੇਂ ਠੀਕ ਸੀ ਜਦੋਂ ਲੋਕ ਟਰੈਵਲ ਨਹੀਂ ਸਨ ਕਰ ਰਹੇ ਪਰ ਹੁਣ ਇਹ ਇੱਕ ਗੰਭੀਰ ਸਮੱਸਿਆ ਬਣ ਚੁੱਕੀ ਹੈ।

ਕੈਨੇਡਾ ਦੇ ਸੱਭ ਤੋਂ ਵੱਡੇ ਏਅਰਪੋਰਟ, ਟੋਰਾਂਟੋ ਪੀਅਰਸਨ ਇੰਟਰਨੈਸ਼ਨਲ ਉੱਤੇ ਹਾਲਾਤ ਹੋਰ ਵੀ ਮਾੜੇ ਹਨ। ਐਤਵਾਰ ਨੂੰ ਇਸ ਏਅਰਪੋਰਟ ਉੱਤੇ 120 ਫਲਾਈਟਸ ਉੱਤੇ ਯਾਤਰੀਆਂ ਨੂੰ ਜਹਾਜ਼ਾਂ ਉੱਤੇ ਹੀ ਰੱਖਿਆ ਗਿਆ ਤੇ ਉਹ ਕਸਟਮਜ਼ ਲਈ ਲਾਈਨ ਵਿੱਚ ਲੱਗਣ ਦੀ ਆਪਣੀ ਵਾਰੀ ਦੀ ਉਡੀਕ ਕਰਦੇ ਰਹੇ। ਪਾਸ਼ਰ ਨੇ ਆਖਿਆ ਕਿ ਕਈ ਵਾਰੀ ਇਹ ਉਡੀਕ 20 ਮਿੰਟ ਦੀ ਹੁੰਦੀ ਹੈ ਤੇ ਕਈ ਵਾਰੀ ਇੱਕ ਘੰਟੇ ਲਈ ਵੀ ਹੋ ਸਕਦੀ ਹੈ। ਉਨ੍ਹਾਂ ਆਖਿਆ ਕਿ ਏਅਰਪੋਰਟਸ ਇਸ ਤਰ੍ਹਾਂ ਦੀ ਕਸਟਮਜ਼ ਸਬੰਧੀ ਲੰਮੀ ਪ੍ਰਕਿਰਿਆ ਲਈ ਡਿਜ਼ਾਈਨ ਨਹੀਂ ਕੀਤੇ ਗਏ। ਐਨੇ ਲੋਕਾਂ ਨੂੰ ਸਾਂਭਣ ਲਈ ਏਅਰਪੋਰਟ ਦੀ ਥਾਂ ਬਣੀ ਹੀ ਨਹੀਂ ਹੁੰਦੀ। ਇਸ ਦੇ ਨਾਲ ਹੀ ਏਅਰਪੋਰਟ ਕੋਵਿਡ-19 ਦਾ ਟੈਸਟ ਕਰਨ ਲਈ ਕੋਈ ਸਹੀ ਥਾਂ ਨਹੀਂ ਹੈ।

ਉਨ੍ਹਾਂ ਆਖਿਆ ਕਿ ਇਸ ਤਰ੍ਹਾਂ ਦੀਆਂ ਸਿਹਤ ਸਬੰਧੀ ਪ੍ਰੋਟੋਕਾਲਜ਼ ਤੇ ਟੈਸਟਿੰਗ ਦੇ ਚੱਲਦਿਆਂ ਐਨੇ ਦਬਾਅ ਤੇ ਸਿਸਟਮ ਦੇ ਗੜਬੜਾਏ ਬਿਨਾਂ ਰੈਗੂਲਰ ਟਰੈਵਲ ਕਿਸ ਤਰ੍ਹਾਂ ਸੰਭਵ ਹੋ ਸਕਦਾ ਹੈ। ਇਸ ਸਬੰਧ ਵਿੱਚ ਟਿੱਪਣੀ ਲਈ ਕੀਤੀ ਗਈ ਬੇਨਤੀ ਉੱਤੇ ਹੈਲਥ ਤੇ ਟਰਾਂਸਪੋਰਟੇਸ਼ਨ ਮੰਤਰੀ ਨੇ ਕੋਈ ਪ੍ਰਤੀਕਿਰਿਆ ਨਹੀਂ ਪ੍ਰਗਟਾਈ।

# ਪ੍ਰੋਗਰਾਮਾਂ ਵਿੱਚ ਪ੍ਰਸਤਾਵਿਤ ਤਬਦੀਲੀਆਂ ਖਿਲਾਫ ਵਿਦਿਆਰਥੀਆਂ ਨੇ ਕੀਤਾ ਮੁਜ਼ਾਹਰਾ

ਟੋਰਾਂਟੋ, 19 ਮਈ (ਪੋਸਟ ਬਿਊਰੋ) : ਟੋਰਾਂਟੋ ਡਿਸਟ੍ਰਿਕਟ ਸਕੂਲ ਬੋਰਡ ਵੱਲੋਂ ਐਡਮਿਸ਼ਨ ਮਾਪਦੰਡਾਂ ਤੋਂ ਲੈ ਕੇ ਏਰੀਆਜ਼ ਆਫ ਸਪੈਸ਼ਲਾਈਜ਼ੇਸ਼ਨ ਤੱਕ ਆਪਣੇ ਐਜੂਕੇਸ਼ਨਲ ਪ੍ਰੋਗਰਾਮਾਂ ਨੂੰ ਓਵਰਹਾਲ ਕੀਤਾ ਜਾ ਰਿਹਾ ਹੈ।

ਇਸ ਪਾਲਿਸੀ ਚੇਂਜ ਦਾ ਟੀਚਾ ਪ੍ਰੋਗਰਾਮਾਂ ਤੱਕ ਪਹੁੰਚ ਦੇ ਰਾਹ ਆਉਣ ਵਾਲੇ ਅੜਿੱਕਿਆਂ ਨੂੰ ਖ਼ਤਮ ਕਰਨਾ ਤੇ ਪ੍ਰੋਗਰਾਮਾਂ ਦੇ ਮਿਆਰ ਨੂੰ ਸੁਧਾਰਨਾ ਹੈ। ਪਰ ਬਹੁਤ ਸਾਰੇ ਵਿਦਿਆਰਥੀਆਂ ਦਾ ਮੰਨਣਾ ਹੈ ਕਿ ਹੋਵੇਗਾ ਇਸ ਤੋਂ ਉਲਟ। ਅਰਲ ਹੇਗ ਸੈਕੰਡਰੀ ਸਕੂਲ ਦੇ ਕਲਾਡ ਵਾਟਸਨ ਆਰਟਸ ਪ੍ਰੋਗਰਾਮ ਵਿੱਚ ਗ੍ਰੇਡ 11 ਵਿੱਚ ਫਿਲਮ ਮੇਜਰ ਕਰ ਰਹੇ ਜੇਮਜ਼ ਨੈਚਲ ਦਾ ਕਹਿਣਾ ਹੈ ਕਿ ਟੀਡੀਐਸਬੀ ਵੱਲੋਂ ਸਪੈਸ਼ਲਾਈਜ਼ਡ ਆਰਟਸ ਪ੍ਰੋਗਰਾਮਾਂ ਦੀ ਓਵਰਹਾਲਿੰਗ ਇਨ੍ਹਾਂ ਨੂੰ ਵਧੇਰੇ ਨਿਆਂ ਸੰਗਤ ਬਣਾਉਣ ਲਈ ਕੀਤੀ ਜਾ ਰਹੀ ਹੈ ਪਰ ਹਕੀਕਤ ਵਿੱਚ ਉਹ ਸਿੱਖਿਆ ਦੇ ਮਿਆਰ ਨੂੰ ਖਰਾਬ ਕਰ ਦੇਣਗੇ।



ਪ੍ਰਸਤਾਵਿਤ ਤਬਦੀਲੀਆਂ ਵਿੱਚ ਇਹ ਸ਼ਾਮਲ ਹੈ ਕਿ ਦਾਖਲੇ ਲਈ ਵਿਦਿਆਰਥੀਆਂ ਦਾ ਮੁਲਾਂਕਣ ਕਿਵੇਂ ਕੀਤਾ ਜਾਵੇਗਾ, ਆਡੀਸ਼ਨਜ਼ ਖ਼ਤਮ ਕਰ ਦਿੱਤੇ ਜਾਣਗੇ ਤੇ ਸਗੋਂ ਵਿਦਿਆਰਥੀ ਦੀ ਸਟੱਡੀ ਦੇ ਫੀਲਡ ਵਿੱਚ ਦਿਲਚਸਪੀ ਜਾਂ ਜਨੂੰਨ ਉੱਤੇ ਧਿਆਨ ਕੇਂਦਰਿਤ ਕੀਤਾ ਜਾਵੇਗਾ। ਪ੍ਰੋਗਰਾਮਾਂ ਵਿੱਚ ਵੀ ਤਬਦੀਲੀ ਦਾ ਪ੍ਰਸਤਾਵ ਪੇਸ਼ ਕੀਤਾ ਗਿਆ ਹੈ।ਇਸ ਵਿੱਚ ਵਧੇਰੇ ਜਨਰਲ ਪਹੁੰਚ ਆਰਟਸ ਐਜੂਕੇਸ਼ਨ ਲਈ ਅਪਨਾਈ ਗਈ ਹੈ ਜਿੱਥੇ ਵਿਦਿਆਰਥੀ ਪਹਿਲਾਂ ਪ੍ਰੋਗਰਾਮ ਵਿੱਚ ਦਾਖਲ ਹੁੰਦੇ ਹਨ ਤੇ ਫਿਰ ਜਿੱਥੇ ਉਹ ਅਪਲਾਈ ਕਰ ਸਕਦੇ ਹਨ ਉਹ ਤਬਦੀਲੀਆਂ।ਨੈਚਲ ਨੇ ਆਖਿਆ ਕਿ ਤੁਸੀਂ ਆਪਣੇ ਏਰੀਆ ਦੇ ਇੱਕ ਸਕੂਲ ਵਿੱਚ ਹੀ ਅਪਲਾਈ ਕਰ ਸਕਦੇ ਹੋਂ। ਜੇ ਤੁਹਾਡੇ ਏਰੀਆ ਵਿੱਚ ਸਕੂਲ ਹੈ ਤਾਂ ਤੁਸੀਂ ਕਿਤੇ ਹੋਰ ਜਾ ਕੇ ਅਪਲਾਈ ਨਹੀਂ ਕਰ ਸਕਦੇ। ਉਨ੍ਹਾਂ ਆਖਿਆ ਕਿ ਇਹ ਤਾਂ ਲੋਕਾਂ ਨੂੰ ਇੱਕ ਏਰੀਆ ਵਿੱਚ ਬੰਨ੍ਹ ਕੇ ਰੱਖਣ ਵਾਲੀ ਗੱਲ ਹੈ।

ਸੋਮਵਾਰ ਦੁਪਹਿਰ ਨੂੰ ਸੈਂਕੜੇ ਦੀ ਗਿਣਤੀ ਵਿੱਚ ਵਿਦਿਆਰਥੀਆਂ ਨੇ ਕਲਾਸਾਂ ਛੱਡ ਕੇ ਯੰਗ ਸਟਰੀਟ ਉੱਤੇ ਮੌਜੂਦ ਟੀਡੀਐਸਬੀ ਦੇ ਹੈੱਡ ਆਫਿਸ ਦੇ ਬਾਹਰ ਮੁਜ਼ਾਹਰਾ ਕੀਤਾ। ਵਿਦਿਆਰਥੀ ਬੋਰਡ ਨੂੰ ਇਨ੍ਹਾਂ ਤਬਦੀਲੀਆਂ ਉੱਤੇ ਮੁੜ ਵਿਚਾਰ ਕਰਨ ਦੀ ਮੰਗ ਕਰ ਰਹੇ ਸਨ।

# ਮੇਰੀ ਅਗਵਾਈ ਵਾਲੀ ਸਰਕਾਰ ਵਿਚ ਸੋਸ਼ਲ ਕੰਜ਼ਰਵੇਟਿਵਜ਼ ਲਈ ਵੀ ਹੋਵੇਗੀ ਥਾਂ : ਪੈਟ੍ਰਿਕ

ਓਨਟਾਰੀਓ, 19 ਮਈ (ਪੋਸਟ ਬਿਊਰੋ) : ਕੰਜ਼ਰਵੇਟਿਵ ਪਾਰਟੀ ਦੀ ਲੀਡਰਸ਼ਿਪ ਦੌੜ ਦੇ ਉਮੀਦਵਾਰ ਪੈਟ੍ਰਿਕ ਬ੍ਰਾਊਨ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਅਗਵਾਈ ਵਾਲੀ ਪਾਰਟੀ ਵਿੱਚ ਸੋਸ਼ਲ ਕੰਜ਼ਰਵੇਟਿਵਜ਼ ਲਈ ਥਾਂ ਹੋਵੇਗੀ। ਪਰ ਇਸ ਦੇ ਨਾਲ ਹੀ ਉਨ੍ਹਾਂ ਇਹ ਵੀ ਸਪਸ਼ਟ ਕਰ ਦਿੱਤਾ ਕਿ ਗਰਭਪਾਤ ਵਰਗੇ ਮੁੱਦਿਆਂ ਉੱਤੇ ਉਨ੍ਹਾਂ ਦੇ ਵਿਚਾਰਾਂ ਨੂੰ ਕੋਈ ਬਦਲ ਨਹੀਂ ਸਕਦਾ।

ਇੱਕ ਇੰਟਰਵਿਊ ਵਿੱਚ ਬ੍ਰਾਊਨ ਨੇ ਆਖਿਆ ਕਿ ਕੰਜ਼ਰਵੇਟਿਵ ਪਰਿਵਾਰ ਵਿੱਚ ਸਾਰੇ ਕੰਜ਼ਰਵੇਟਿਵਾਂ ਦਾ ਸਵਾਗਤ ਹੈ ਤੇ ਉਨ੍ਹਾਂ ਚੇਤੇ ਕਰਵਾਉਂਦਿਆਂ



ਆਖਿਆ ਕਿ ਜਦੋਂ ਉਹ ਪਾਰਟੀ ਲੀਡਰ ਸਨ ਤਾਂ ਕਈ ਉੱਘੇ ਸੋਸ਼ਲ ਕੰਜ਼ਰਵੇਟਿਵ ਨਾਮਜਦ ਹੋਏ ਸਨ। ਉਨ੍ਹਾਂ ਆਖਿਆ ਕਿ ਪਾਰਟੀ ਵਿੱਚ ਉਨ੍ਹਾਂ ਦੀ ਥਾਂ ਦਾ ਉਹ ਸਵਾਗਤ ਕਰਦੇ ਹਨ।ਉਨ੍ਹਾਂ ਆਖਿਆ ਕਿ ਉਨ੍ਹਾਂ ਦੀ ਅਗਵਾਈ ਵਾਲੀ ਸਰਕਾਰ ਵਿੱਚ ਇਹ ਬਹਿਸ ਮੁੜ ਨਹੀਂ ਹੋਵੇਗੀ।

ਬ੍ਰਾਊਨ ਨੇ ਆਖਿਆ ਕਿ ਸਾਡਾ ਸਾਰਾ ਧਿਆਨ ਕੈਨੇਡਾ ਨੂੰ ਮੁੜ ਪੈਰਾਂ ਸਿਰ ਕਰਨ, ਆਪਣੇ ਅਰਥਚਾਰੇ ਦੇ ਵਿਕਾਸ, ਰੋਜ਼ਗਾਰ ਪੈਦਾ ਕਰਨ ਤੇ ਨਿਵੇਸ਼ਕਾਂ ਨੂੰ ਕੈਨੇਡਾ ਵਿੱਚ ਨਿਵੇਸ਼ ਕਰਨ ਲਈ ਆਕਰਸ਼ਿਤ ਕਰਨ ਵੱਲ ਹੋਣਾ ਚਾਹੀਦਾ ਹੈ।

ਇੱਥੇ ਦੱਸਣਾ ਬਣਦਾ ਹੈ ਕਿ ਪਿਛਲੇ ਹਫਤੇ ਹੋਈ ਬਹਿਸ ਦੌਰਾਨ ਪਿਏਰ ਪੌਲੀਏਵਰ ਵੱਲੋਂ ਗਰਭਪਾਤ ਬਾਰੇ ਆਪਣਾ ਸਟੈਂਡ ਸਪਸ਼ਟ ਨਾ ਕੀਤੇ ਜਾਣ ਨੂੰ ਲੈ ਕੇ ਕਈ ਪਾਰਟੀ ਲੀਡਰਸ਼ਿਪ ਉਮੀਦਵਾਰ ਉਨ੍ਹਾਂ ਦੇ ਮਗਰ ਪੈ ਗਏ ਸਨ।ਜਿਸ ਦੇ ਚੱਲਦਿਆਂ ਬੁੱਧਵਾਰ ਨੂੰ ਪੌਲੀਏਵਰ ਨੇ ਆਖਿਆ ਕਿ ਉਹ ਮਰਜ਼ੀ ਦੀ ਚੋਣ ਉੱਤੇ ਯਕੀਨ ਕਰਦੇ ਹਨ।

# ਐਨਡੀਪੀ ਵੱਲੋਂ ਛੇ ਸਾਲਾਂ ਵਿੱਚ ਬਜਟ ਸੰਤੁਲਿਤ ਕਰਨ ਦਾ ਵਾਅਦਾ

### * ਗੈਸ ਟੈਕਸ ਕਟੌਤੀ ਨੂੰ ਰੱਦ ਕਰੇਗੀ ਐਨਡੀਪੀ

ਓਨਟਾਰੀਓ, 19 ਮਈ (ਪੋਸਟ ਬਿਊਰੋ) : ਓਨਟਾਰੀਓ ਦੀ ਨਿਊ ਡੈਮੋਕ੍ਰੈਟਿਕ ਪਾਰਟੀ ਨੇ ਇਹ ਸਪਸ਼ਟ ਕੀਤਾ ਹੈ ਕਿ ਜੇ ਉਹ ਸੱਤਾ ਵਿੱਚ ਆਉਂਦੇ ਹਨ ਤਾਂ ਉਹ ਛੇ ਸਾਲ ਤੱਕ ਬਜਟ ਸੰਤੁਲਿਤ ਨਹੀਂ ਕਰਨਗੇ। ਪਰ ਪਾਰਟੀ ਦਾ ਇਹ ਵੀ ਕਹਿਣਾ ਹੈ ਕਿ ਉਹ ਗੈਸ ਟੈਕਸ ਕਟੌਤੀ ਨੂੰ ਰੱਦ ਕਰਕੇ ਕੁੱਝ ਬਚਤ ਕਰ ਸਕੇਗੀ।

ਪ੍ਰੋਗਰੈਸਿਵ ਕੰਜ਼ਰਵੇਟਿਵ ਸਰਕਾਰ ਵੱਲੋਂ ਗੈਸ ਟੈਕਸ ਦੇ ਪ੍ਰੋਵਿੰਸ਼ੀਅਲ ਹਿੱਸੇ ਵਿੱਚ 5·7 ਸੈਂਟ ਪ੍ਰਤੀ ਲੀਟਰ,ਜੋ ਕਿ ਪਹਿਲੀ ਜੁਲਾਈ ਤੋਂ ਸ਼ੁਰੂ ਹੋ ਕੇ ਛੇ ਮਹੀਨਿਆਂ ਲਈ ਕੀਤੀ ਜਾਵੇਗੀ, ਕਟੌਤੀ ਕਰਨ ਦੇ ਫੈਸਲੇ ਨੂੰ ਉਲਟਾ ਕੇ ਐਨਡੀਪੀ ਪਹਿਲੇ ਸਾਲ ਵਿੱਚ 600 ਮਿਲੀਅਨ ਡਾਲਰ ਦੀ ਬਚਤ ਕਰਨ ਦਾ ਇਰਾਦਾ ਰੱਖਦੀ ਹੈ। ਐਨਡੀਪੀ ਦੀ ਵਿੱਤ ਕ੍ਰਿਟਿਕ ਕੈਥਰੀਨ ਫਾਈਫ ਨੇ ਐਤਵਾਰ ਨੂੰ ਪੂਰੀ ਕੌਸਟਿੰਗ ਪੇਸ਼ ਕੀਤੀ ਤੇ ਸਵੀਕਾਰਿਆ ਕਿ ਰਹਿਣ





ਸਹਿਣ ਦੀ ਲਾਗਤ ਕਾਫੀ ਜ਼ਿਆਦਾ ਹੈ। ਉਨ੍ਹਾਂ ਆਖਿਆ ਕਿ ਗੈਸ ਦੀਆਂ ਕੀਮਤਾਂ ਇਸ ਸਮੇਂ 2 ਡਾਲਰ ਪ੍ਰਤੀ ਲੀਟਰ ਪਹੁੰਚ ਗਈਆਂ ਹਨ ਤੇ ਟੋਰੀਜ਼ ਵੱਲੋਂ ਆਰਜ਼ੀ ਤੌਰ ਉੱਤੇ ਕੀਤੀ ਗਈ ਕਟੌਤੀ ਅੱਖਾਂ ਪੂੰਝਣ ਵਾਲੀ ਗੱਲ ਹੈ।

ਪਾਰਟੀ ਵੱਲੋਂ ਗੈਸ ਦੀਆਂ ਕੀਮਤਾਂ ਨੂੰ ਨਿਯੰਤਰਿਤ ਕਰਨ ਵੱਲ ਇਸ਼ਾਰਾ ਕਰਦਿਆਂ ਉਨ੍ਹਾਂ ਆਖਿਆ ਕਿ ਅਸੀਂ ਲੰਮੇਂ ਸਮੇਂ ਲਈ ਗੈਸ ਦੀਆਂ ਕੀਮਤਾਂ ਘੱਟ ਕਰਨ ਲਈ ਰਣਨੀਤੀ ਤੈਅ ਕਰਨ ਤੇ ਸਥਿਰਤਾ ਲਿਆਉਣ ਲਈ ਨਵਾਂ ਹੀਲਾ ਲੱਭਣ ਦੀ ਕੋਸ਼ਿਸ਼ ਕਰ ਰਹੇ ਹਾਂ। ਐਨਡੀਪੀ ਵੱਲੋਂ ਇਹ ਆਖਿਆ ਜਾ ਰਿਹਾ ਹੈ ਕਿ ਕੰਜ਼ਰਵੇਟਿਵਾਂ ਵੱਲੋਂ ਕੀਤੀਆਂ ਜਾਣ ਵਾਲੀਆਂ ਕਟੌਤੀਆਂ ਕੰਜ਼ਿਊਮਰਜ਼ ਲਈ ਫਾਇਦੇਮੰਦ ਨਹੀਂ ਹੋਣਗੀਆਂ ਪਰ ਇਨ੍ਹਾਂ ਨਾਲ ਸਗੋਂ ਤੇਲ ਤੇ ਗੈਸ ਕੰਪਨੀਆਂ ਦੀ ਮਦਦ ਹੋ ਸਕਦੀ ਹੈ।

ਇਸ ਦੌਰਾਨ ਲਿਬਰਲ ਆਗੂ ਸਟੀਵਨ ਡੈਲ ਡੂਕਾ ਨੇ ਆਖਿਆ ਕਿ ਇਸ ਵਾਅਦੇ ਦਾ ਮਤਲਬ ਇਹ ਹੈ ਕਿ ਐਨਡੀਪੀ ਮੱਧ ਵਰਗ ਨੂੰ ਅਧਵਾਟੇ ਹੀ ਛੱਡ ਰਹੀ ਹੈ। ਕੰਜ਼ਰਵੇਟਿਵਾਂ ਵੱਲੋਂ ਇਸ ਕਟੌਤੀ ਦੇ ਕੀਤੇ ਵਾਅਦੇ ਨੂੰ ਲਿਬਰਲਾਂ ਵੱਲੋਂ ਰੱਦ ਨਹੀਂ ਕੀਤਾ ਜਾ ਰਿਹਾ। ਲਿਬਰਲਾਂ ਦਾ ਕਹਿਣਾ ਹੈ ਕਿ ਦੂਜੇ ਸਾਲ ਉਹ ਪੀਸੀ ਪਾਰਟੀ ਨਾਲੋਂ ਵੱਧ ਘਾਟੇ ਵਿੱਚ ਹੋ ਸਕਦੇ ਹਨ ਪਰ ਟੋਰੀਜ਼ ਵੱਲੋਂ 2027-28 ਵਿੱਚ ਬਜਟ ਸੰਤੁਲਿਤ ਕਰਨ ਦੇ ਕੀਤੇ ਵਾਅਦੇ ਨਾਲੋਂ ਇੱਕ ਸਾਲ ਪਹਿਲਾਂ ਬਜਟ ਸੰਤੁਲਿਤ ਕਰ ਲੈਣਗੇ।

# ਐਨਡੀਪੀ ਆਗੂ ਐਂਡਰੀਆ ਹੌਰਵਥ ਆਈ ਕੋਵਿਡ-19 ਪਾਜ਼ੀਟਿਵ



ਓਨਟਾਰੀਓ, 19 ਮਈ (ਪੋਸਟ ਬਿਊਰੋ) : ਓਨਟਾਰੀਓ ਦੀ ਐਨਡੀਪੀ ਆਗੂ ਐਂਡਰੀਆ ਹੌਰਵਥ ਦਾ ਕੋਵਿਡ-19 ਟੈਸਟ ਪਾਜ਼ੀਟਿਵ ਪਾਇਆ ਗਿਆ ਹੈ।

ਵੀਰਵਾਰ ਸਵੇਰੇ ਜਾਰੀ ਕੀਤੇ ਗਏ ਇੱਕ ਬਿਆਨ ਵਿੱਚ ਹੌਰਵਥ ਨੇ ਆਖਿਆ ਕਿ ਹੁਣ ਜਦੋਂ ਚੋਣਾਂ ਵਿੱਚ ਦੋ ਹਫਤੇ ਹੀ ਰਹਿ ਗਏ ਹਨ ਤਾਂ ਅਜਿਹੇ ਵਿੱਚ ਉਹ ਆਈਸੋਲੇਸ਼ਨ ਵਿੱਚ ਕੰਮ ਕਰਨਾ ਤੇ ਕੈਂਪੇਨ ਚਲਾਉਣਾ ਜਾਰੀ ਰੱਖੇਗੀ।ਆਉਣ ਵਾਲੇ ਦਿਨਾਂ ਵਿੱਚ ਹੌਰਵਥ ਨੇ ਉੱਤਰੀ ਓਨਟਾਰੀਓ ਵਿੱਚ ਕਈ ਥਾਂਵਾਂ ਉੱਤੇ ਰੁਕਣਾ ਸੀ। ਉਨ੍ਹਾਂ ਆਖਿਆ ਕਿ ਉਨ੍ਹਾਂ ਨੂੰ ਥੋੜ੍ਹੀ ਬਹੁਤ ਐਡਜਸਟਮੈਂਟ ਕਰਨੀ ਹੋਵੇਗੀ ਪਰ ਉਹ ਵੱਧ ਤੋਂ ਵੱਧ ਲੋਕਾਂ ਨਾਲ ਰਾਬਤਾ ਕਾਇਮ ਕਰਨਾ ਜਾਰੀ ਰੱਖੇਗੀ।

ਓਨਟਾਰੀਓ ਦੇ ਮੌਜੂਦਾ ਪਬਲਿਕ ਹੈਲਥ ਨਿਯਮਾਂ ਤਹਿਤ ਕੋਵਿਡ-19 ਦੇ ਲੱਛਣ ਸਾਹਮਣੇ ਆਉਣ ਜਾਂ ਪਾਜ਼ੀਟਿਵ ਟੈਸਟ ਰਿਜ਼ਲਟ ਆਉਣ ਤੋਂ ਬਾਅਦ ਲੋਕਾਂ ਨੂੰ ਪੰਜ ਦਿਨਾਂ ਤੱਕ ਖੁਦ ਨੂੰ ਅਲੱਗ ਥਲੱਗ ਕਰਨਾ ਹੁੰਦਾ ਹੈ।

ਇਸ ਦੌਰਾਨ ਗ੍ਰੀਨ ਪਾਰਟੀ ਆਗੂ ਮਾਈਕ ਸ਼ਰੇਨਰ ਵੀ ਕੋਵਿਡ ਪਾਜ਼ੀਟਿਵ ਪਾਏ ਗਏ ਹਨ। ਬੁੱਧਵਾਰ ਸ਼ਾਮ ਨੂੰ ਕਿਸੇ ਸਟਾਫ ਮੈਂਬਰ ਦੇ ਨੇੜਲੇ ਸੰਪਰਕ ਵਿੱਚ ਆਉਣ ਕਾਰਨ ਉਹ ਪਾਜ਼ੀਟਿਵ ਪਾਏ ਗਏ। ਸ਼ਰੇਨਰ ਨੇ ਆਖਿਆ ਕਿ ਉਹ ਠੀਕ ਮਹਿਸੂਸ ਕਰ ਰਹੇ ਹਨ ਤੇ ਉਨ੍ਹਾਂ ਦੀ ਪੂਰੀ ਵੈਕਸੀਨੇਸ਼ਨ ਵੀ ਹੋ ਚੁੱਕੀ ਹੈ। ਉਨ੍ਹਾਂ ਆਖਿਆ ਕਿ ਪਬਲਿਕ ਹੈਲਥ ਦੀ ਸਲਾਹ ਉੱਤੇ ਉਹ ਕੁੱਝ ਦਿਨਾਂ ਲਈ ਘਰ ਰਹਿ ਕੇ ਹੀ ਕੰਮ ਕਰਨਗੇ।

# ਫ਼ੈਕਟਰੀ ਦੀ ਕੰਧ ਡਿੱਗਣ ਨਾਲ 12 ਮਜ਼ਦੂਰਾਂ ਦੀ ਮੌਤ



ਮੋਰਬੀ, 19 ਮਈ (ਪੋਸਟ ਬਿਊਰੋ)- ਗੁਜਰਾਤ ਦੇ ਮੋਰਬੀ ਦੇ ਹਲਵਾੜ ਜੀ ਆਈ ਡੀ ਸੀ ਵਿੱਚ ਇੱਕ ਨਮਕ ਕਾਰਖਾਨੇ ਦੀ ਕੰਧ ਡਿੱਗਣ ਨਾਲ ਵੱਡਾ ਹਾਦਸਾ ਵਾਪਰ ਗਿਆ, ਜਿਸ ਵਿੱਚ 12 ਲੋਕਾਂ ਦੀ ਮੌਤ ਹੋ ਗਈ ਅਤੇ ਕਈ ਜ਼ਖ਼ਮੀ ਹੋ ਗਏ। ਉਨ੍ਹਾਂ ਦਾ ਇਲਾਜ ਹਸਪਤਾਲ ਵਿੱਚ ਚੱਲ ਰਿਹਾ ਹੈ। ਪ੍ਰਧਾਨ ਮੰਤਰੀ ਵੱਲੋਂ ਰਾਸ਼ਟਰੀ ਰਾਹਤ ਕੋਸ਼ ਤੋਂ ਮ੍ਰਿਤਕ ਪਰਵਾਰਾਂ ਨੂੰ 2-2 ਲੱਖ ਦੇ ਜ਼ਖ਼ਮੀਆਂ ਨੂੰ 50-50 ਹਜ਼ਾਰ ਮੁਆਵਜ਼ਾ ਦੇਣ ਦਾ ਐਲਾਨ ਕੀਤਾ ਗਿਆ ਹੈ।

ਮਿਲੀ ਜਾਣਕਾਰੀ ਮੁਤਾਬਕ ਹਾਦਸੇ ਵਿੱਚ ਮ੍ਰਿਤਕ ਦੇਹਾਂ ਮਲਬੇ ਤੋਂ ਬਰਾਮਦ ਹੋਈਆਂ ਹਨ। ਘਟਨਾ ਕੱਲ੍ਹ ਦੁਪਹਿਰੇ 12 ਵਜੇ ਹੋਈ ਅਤੇ ਪੁਲਸ ਕੰਧ ਡਿੱਗਣ ਦੇ ਕਾਰਨਾਂ ਦੀ ਜਾਂਚ ਕਰ ਰਹੀ ਹੈ। ਸੂਤਰਾਂ ਮੁਤਾਬਕ ਇਹ ਘਟਨਾ ਸਾਗਰ ਕੇਮ ਫੂਡ ਇੰਡਸਟਰੀ ਵਿੱਚ ਹੋਈ, ਜਿਸ ਨੂੰ ਜੀ ਆਈ ਡੀ ਸੀ ਹਲਵਾੜ ਵਿੱਚ ਦੋ ਪਲਾਟਾਂ ਵਿੱਚ ਵੰਡਿਆ ਗਿਆ ਹੈ। ਕੰਪਨੀ ਹੋਰ ਉਤਪਾਦਾਂ ਦੇ ਨਾਲ ਖਾਣ ਵਾਲਾ ਨਮਕ ਬਣਾਉਂਦੀ ਹੈ। ਸੂਬੇ ਦੇ ਕਿਰਤ ਤੇ ਰੋਜ਼ਗਾਰ ਮੰਤਰੀ ਨੇ ਕਿਹਾ ਕਿ ਦੁਖਦ ਘਟਨਾ ਹਲਵਾੜ ਉਦਯੋਗਿਕ ਖੇਤਰ ਅੰਦਰ ਸਥਿਤ ਸਮੁੰਦਰੀ ਨਮਕ ਦੀ ਫ਼ੈਕਟਰੀ ਵਿੱਚ ਹੋਈ।

TAX & ACCOUNTING

TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX

ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ

Harcharan S. Grover
Chartered Accountant



Call for Professional Advice
905.247.0193
info@grovercpa.ca

GroVerCPA
Professional Corporation

214-7895 Tranmere Drive, Mississauga ON L5S 1V9

## ਅੱਜ ਨਾਮਾ

ਜਾਖੜ ਗਿਆ ਸੀ ਕਾਂਗਰਸ ਨੂੰ ਛੱਡ ਪਹਿਲਾਂ,
ਭਾਜਪਾ ਵਿੱਚ ਫਿਰ ਚਲਾ ਗਿਆ ਅੱਜ ਬੇਲੀ।
ਕਾਂਗਰਸ ਵਿੱਚ ਨਾ ਉਹਦੀ ਸੀ ਕਦਰ ਕੋਈ,
ਰਿਹਾ ਸੀ ਕੰਧਾਂ ਨਾਲ ਰੋਜ਼ ਉਹ ਵੱਜ ਬੇਲੀ।
ਸੋਨੀਆ ਗਾਂਧੀ ਦਾ ਟੱਬਰ ਨਹੀਂ ਸੂਝ ਵਾਲਾ,
ਪਾਰਟੀ ਸਾਂਭਣ ਦਾ ਮਾਸਾ ਨਹੀਂ ਚੱਜ ਬੇਲੀ।
ਛੱਡਦਾ ਕਾਂਗਰਸ ਨਾ ਜਾਖੜ ਤਾਂ ਕੀ ਕਰਦਾ,
ਟਿਕਿਆ ਰਹਿਣ ਨੂੰ ਜਿੱਥੇ ਨਹੀਂ ਹੱਜ ਬੇਲੀ।
ਪਿੱਛੋਂ ਸੌਖੇ ਕਈ ਲੀਡਰ ਹਨ ਕਾਂਗਰਸ ਦੇ,
ਕਹਿੰਦੇ ਏਹੋ ਜਿਹੇ ਰਹਿੰਦੇ ਵੀਜਾਣ ਬੇਲੀ।
ਜਿਹੜੇ ਲੀਡਰਵੀ ਬਚੇ ਆ ਪਾਰਟੀ ਵਿੱਚ,
ਕਰਦੇ ਕਾਂਗਰਸ ਦਾ ਪਏ ਆ ਘਾਣ ਬੇਲੀ।

**ਤੀਸ ਮਾਰ ਖਾਂ**

# ਭਗਵੰਤ ਮਾਨ ਦੀ ਅਮਿਤ ਸ਼ਾਹ ਨਾਲ ਮੁਲਾਕਾਤ ਵਿੱਚ ਅਹਿਮ ਮੁੱਦਿਆਂ ਦੀ ਚਰਚਾ

ਨਵੀਂ ਦਿੱਲੀ, 19 ਮਈ, (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕੇਂਦਰ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਮੁਲਾਕਾਤ ਕਰ ਕੇ ਅੱਜ ਘੱਟੋ-ਘੱਟ ਸਮਰਥਨ ਮੁੱਲ ਉੱਤੇ ਬਾਸਮਤੀ ਦੀ ਖਰੀਦਣ ਲਈ ਨੋਟੀਫਿਕੇਸ਼ਨ ਜਾਰੀ ਕਰਨ ਉੱਤੇ ਜ਼ੋਰ ਦਿੱਤਾ।ਮੁੱਖ ਮੰਤਰੀ ਨੇ ਅਮਿਤ ਸ਼ਾਹ ਨੂੰ ਦੱਸਿਆ ਕਿ ਕਿਸਾਨਾਂ ਨੂੰ ਕਣਕ-ਝੋਨੇ ਦੇ ਫਸਲੀ ਚੱਕਰਤੋਂ ਕੱਢਣਾ ਸਮੇਂ ਦੀ ਲੋੜ ਹੈ, ਜਿਸ ਲਈ ਪੰਜਾਬ ਦੀ ਨਵੀਂ ਸਰਕਾਰ ਯਤਨਸ਼ੀਲ ਹੈ।

ਇਸ ਮੌਕੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਇਸ ਕਦਮ ਨਾਲ ਪੰਜਾਬ ਦੇਕੀਮਤੀ ਕੁਦਰਤੀ ਸਰੋਤ ਪਾਣੀ ਨੂੰ ਬਚਾਉਣ ਵਿਚ ਮਦਦ ਮਿਲੇਗੀ ਤੇ ਫ਼ਸਲੀ ਵਿਭਿੰਨਤਾ ਨੂੰ ਹੁਲਾਰਾ ਮਿਲੇਗਾ।ਉਨ੍ਹਾਂਦੱਸਿਆ ਕਿ ਇਸ ਵਾਰੀ ਵੇਲੇ ਤੋਂ ਪਹਿਲਾਂ ਤਪਸ਼ ਵਧਣ ਨਾਲ ਕਣਕ ਦੇ ਦਾਣੇ ਨੂੰ ਨੁਕਸਾਨ ਪੁੱਜਾ ਹੈ ਅਤੇ ਕਿਸਾਨਾਂ ਨੂੰ ਘੱਟ ਝਾੜ ਦੇ ਕਾਰਨ 500 ਰੁਪਏ ਕੁਇੰਟਲ ਮੁਆਵਜ਼ਾ ਚਾਹੀਦਾ ਹੈ।ਉਨ੍ਹਾ ਕਿਹਾ ਕਿ ਸਾਡੇ ਮਿਹਨਤੀ ਕਿਸਾਨਾਂ ਨੇ ਦੇਸ਼ ਨੂੰ ਅਨਾਜ ਪੱਖੋਂ ਆਤਮ-ਨਿਰਭਰ ਬਣਾਉਣ ਵਿੱਚ ਵੱਡਾ ਯੋਗਦਾਨ ਪਾਇਆ ਹੈ ਤੇ ਅੱਜ ਕੇਂਦਰ ਸਰਕਾਰ ਨੂੰ ਉਨ੍ਹਾਂ ਨੂੰ ਸੰਕਟ ਵਿੱਚੋਂਕੱਢਣਾ ਚਾਹੀਦਾ ਹੈ।



ਇਕ ਹੋਰ ਅਹਿਮ ਮੁੱਦਾ ਉਠਾਉਂਦੇ ਹੋਏਮੁੱਖ ਮੰਤਰੀ ਭਗਵੰਤ ਮਾਨ ਨੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਭਾਖੜਾ ਬਿਆਸ ਪ੍ਰਬੰਧਕੀ ਬੋਰਡ (ਬੀਬੀਐੱਮਬੀ) ਵਿੱਚੋਂ ਪੰਜਾਬ ਦੀ ਨੁਮਾਇੰਦਗੀ ਖ਼ਤਮ ਕਰਨ ਦਾਹੁਕਮ ਰੱਦ ਕਰਨ ਲਈ ਕਿਹਾ। ਉਨ੍ਹਾਂ ਇਸ ਕਦਮ ਨੂੰ ਪੱਖਪਾਤੀ ਦੱਸ ਕੇ ਕਿਹਾ ਕਿ ਇਸ ਨੇ ਹਰ ਪੰਜਾਬੀ ਦੀ ਮਾਨਸਿਕਤਾ ਨੂੰ ਠੇਸ ਲਾਈ ਹੈ।

ਪੰਜਾਬ ਦਾ ਅਮਨ ਭੰਗ ਕਰਨ ਦੀਆਂ ਵਾਰ-ਵਾਰ ਹੁੰਦੀਆਂ ਕੋਸ਼ਿਸ਼ਾਂ ਉੱਤੇ ਚਿੰਤਾ ਕਾਰਨਮੁੱਖ ਮੰਤਰੀ ਭਗਵੰਤ ਮਾਨ ਨੇ ਪੰਜਾਬ ਵਿੱਚ ਨੀਮ ਫੌਜੀ ਫੋਰਸ ਦੀਆਂ 10 ਵਾਧੂ ਯੂਨਿਟਾਂ ਦੀ ਮੰਗ ਕੀਤੀ। ਜਵਾਬ ਵਿਚ ਕੇਂਦਰੀ ਗ੍ਰਹਿ ਮੰਤਰੀ ਨੇ 10 ਹੋਰ ਕੰਪਨੀਆਂ ਤੁਰੰਤ ਅਲਾਟ ਕਰ ਦਿੱਤੀਆਂ।ਮੁੱਖ ਮੰਤਰੀ ਨੇ ਡਰੋਨ ਨਾਲ ਸਰਹੱਦ ਪਾਰੋਂ ਵਧ ਰਹੀ ਨਸ਼ਿਆਂ ਅਤੇ ਹਥਿਆਰਾਂ ਦੀ ਤਸਕਰੀ ਉੱਤੇ ਡੂੰਘੀ ਚਿੰਤਾ ਜ਼ਾਹਿਰ ਕੀਤੀ ਤੇ ਇਨ੍ਹਾਂ ਸ਼ਰਾਰਤਾਂ ਨੂੰ ਨਾਕਾਮ ਕਰਨ ਲਈ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਪੰਜਾਬ ਨੂੰ ਐਂਟੀ ਡਰੋਨ ਤਕਨੀਕ ਦਿਵਾਉਣ ਲਈ ਕਿਹਾ।

## ਸੜਕ ਉੱਤੇ ਝਗੜੇ ਦਾ ਮਾਮਲਾ: ਨਵਜੋਤ ਸਿੰਘ ਸਿੱਧੂ ਨੂੰ ਸੁਪਰੀਮ ਕੋਰਟ ਨੇ ਇੱਕ ਸਾਲ ਸਜ਼ਾ ਸੁਣਾਈ

ਨਵੀਂ ਦਿੱਲੀ, 19 ਮਈ, (ਪੋਸਟ ਬਿਊਰੋ)- ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੂੰ ਅੱਜ ਸੁਪਰੀਮ ਕੋਰਟ ਤੋਂ ਝਟਕਾ ਲੱਗਾ ਅਤੇ 34 ਸਾਲ ਪੁਰਾਣੇ ਰੋਡ ਰੇਜ ਕੇਸ ਵਿੱਚ ਇੱਕ ਸਾਲ ਸਜ਼ਾ ਹੋਈ ਹੈ।



ਭਾਰਤੀ ਸੁਪਰੀਮ ਕੋਰਟ ਦੇਜਸਟਿਸ ਏ ਐਮ ਖਾਨਵਿਲਕਰ ਅਤੇ ਜਸਟਿਸ ਸੰਜੇ ਕਿਸ਼ਨ ਕੌਲ ਦੀ ਬੈਂਚ ਨੇ ਤਿੰਨ ਦਹਾਕੇ ਪੁਰਾਣੇ ਰੋਡ ਰੇਜ ਕੇਸ ਵਿੱਚ ਕਾਂਗਰਸ ਆਗੂ ਨਵਜੋਤ ਸਿੰਘ ਸਿੱਧੂਦੇ ਖਿਲਾਫਪੀੜਤ ਪਰਿਵਾਰ ਦੀਮੁੜ ਵਿਚਾਰ ਅਰਜ਼ੀਪ੍ਰਵਾਨ ਕੇ ਇਹ ਫੈਸਲਾ ਦਿੱਤਾ ਹੈ। ਇਸ ਤੋਂ ਪਹਿਲਾਂ ਅਦਾਲਤ ਨੇ ਇਸਕੇਸ ਵਿੱਚ ਨਵਜੋਤ ਸਿੰਘ ਸਿੱਧੂਵਿਰੁੱਧ ਨੋਟਿਸ ਦੀ ਮਿਆਦ ਵਧਾਉਣ ਦੀ ਮੰਗ ਵਾਲੀ ਅਰਜ਼ੀ ਉੱਤੇ ਫੈਸਲਾ ਰਾਖਵਾਂ ਰੱਖ ਲਿਆ ਸੀ।

ਵਰਨਣ ਯੋਗ ਹੈ ਕਿ ਇਹ ਘਟਨਾ 27 ਦਸੰਬਰ 1988 ਨੂੰ ਪਟਿਆਲਾ ਵਿੱਚਹੋਈ ਸੀ, ਜਦੋਂ ਨਵਜੋਤ ਸਿੰਘ ਸਿੱਧੂ ਨੇ ਸੜਕ ਵਿਚਾਲੇ ਜਿਪਸੀ ਖੜੀ ਕੀਤੀ ਹੋਈ ਸੀ। ਜਦੋਂ ਪੀੜਤ ਅਤੇ ਦੋ ਹੋਰ ਵਿਅਕਤੀ ਬੈਂਕ ਤੋਂ ਪੈਸੇ ਕਢਵਾਉਣ ਚੱਲੇ ਤਾਂ ਉਨ੍ਹਾਂ ਨੇ ਸੜਕਤੋਂ ਜਿਪਸੀ ਹਟਾਉਣ ਲਈ ਕਿਹਾ ਸੀ ਤੇ ਇਸ ਕਾਰਨ ਝਗੜਾ ਹੋ ਗਿਆ ਸੀ। ਪੁਲਿਸ ਦਾ ਦੋਸ਼ ਸੀ ਕਿ ਇਸ ਮੌਕੇ ਨਵਜੋਤ ਸਿੰਘਸਿੱਧੂ ਨੇ ਪੀੜਤਾਂ ਦੀ ਕੁੱਟਮਾਰ ਕੀਤੀ ਅਤੇ ਫਰਾਰ ਹੋ ਗਏ। ਪੀੜਤਨੂੰ ਹਸਪਤਾਲ ਲਿਜਾਇਆ ਗਿਆ ਤਾਂ ਉਸ ਨੂੰ ਡਾਕਟਰਾਂ ਨੇ ਮ੍ਰਿਤਕ ਐਲਾਨ ਕਰਦਿੱਤਾ ਸੀ।

ਸੁਪਰੀਮ ਕੋਰਟ ਵੱਲੋਂ ਕਾਂਗਰਸ ਨੇਤਾ ਅਤੇ ਸਾਬਕਾ ਕ੍ਰਿਕਟ ਖਿਡਾਰੀ ਨਵਜੋਤ ਸਿੰਘ ਸਿੱਧੂ ਨੂੰ 34 ਸਾਲ ਪੁਰਾਣੇ ਰੋਡ ਰੇਜ ਕੇਸ ਵਿੱਚ ਇੱਕ ਸਾਲ ਦੀ ਕੈਦ ਦੀ ਸਜ਼ਾ ਸੁਣਾਉਣ ਵੇਲੇ ਨਵਜੋਤ ਸਿੰਘ ਸਿੱਧੂ ਹਾਥੀ ਉੱਤੇ ਚੜ੍ਹ ਕੇ ਮਹਿੰਗਾਈ ਦੇ ਵਿਰੁੱਧ ਹੋਏ ਰੋਸ ਪ੍ਰਦਰਸ਼ਨ ਦੀ ਅਗਵਾਈ ਕਰ ਰਹੇ ਸਨ।ਇਸ ਫੈਸਲੇ ਮਗਰੋਂ ਨਵਜੋਤ ਸਿੰਘ ਸਿੱਧੂ ਨੇ ਟਵੀਟ ਕਰਕੇ ਏਨਾ ਕਿਹਾ ਕਿ ਮੈਂ ਖੁਦ ਨੂੰ ਕਾਨੂੰਨ ਦੇ ਹਵਾਲੇ ਕਰਾਂਗਾ। ਇਸ ਤੋਂ ਪਹਿਲਾਂ ਨਵਜੋਤ ਸਿੰਘ ਸਿੱਧੂ ਨੂੰ ਸੈਸ਼ਨ ਕੋਰਟ ਨੇ ਬਰੀ ਕਰ ਦਿੱਤਾ ਸੀ, ਪਰ ਹਾਈ ਕੋਰਟ ਵਿੱਚ ਫੈਸਲੇ ਦੇ ਵਿਰੁੱਧ ਅਪੀਲ ਮਨਜ਼ੂਰ ਹੋਈ ਤਾਂ ਉਨ੍ਹਾਂ ਨੂੰ ਤਿੰਨ ਸਾਲ ਸਜ਼ਾ ਹੋ ਗਈ ਸੀ। ਜਦੋਂ ਨਵਜੋਤ ਸਿੰਘ ਸਿੱਧੂ ਨੇ ਉਸ ਫੈਸਲੇ ਨੂੰ ਸੁਪਰੀਮ ਕੋਰਟ ਵਿੱਚ ਚੁਣੌਤੀ ਦਿੱਤੀ ਸੀ ਤਾਂ ਸਿੱਧੂ ਨੂੰ ਮਾਮੂਲੀ ਜੁਰਮਾਨੇ ਨਾਲ ਬਰੀ ਕਰ ਦਿੱਤਾ ਗਿਆ ਸੀ। ਬੀਤੀ 22 ਮਾਰਚ ਨੂੰ ਨਵਜੋਤ ਸਿੰਘ ਸਿੱਧੂ ਨੇ ਸੁਪਰੀਮ ਕੋਰਟ ਵਿੱਚ ਦਲੀਲ ਦਿੱਤੀ ਕਿ ਅਜਿਹਾ ਕੋਈ ਠੋਸ ਸਬੂਤ ਨਹੀਂ, ਜਿਸ ਤੋਂ ਪਤਾ ਲੱਗੇ ਕਿ 65 ਸਾਲਾ ਵਿਅਕਤੀ ਨੂੰ ਮੁੱਕਾ ਮਾਰ ਕੇ ਮਾਰਿਆ ਗਿਆ ਸੀ, ਪਰ ਸੁਪਰੀਮ ਕੋਰਟ ਨੇ ਪੀੜਤ ਪਰਿਵਾਰ ਦੇ ਵਕੀਲ ਦੀਆਂ ਦਲੀਲਾਂ ਨੂੰ ਪ੍ਰਵਾਨ ਕਰ ਕੇ ਨਵਜੋਤ ਸਿੰਘ ਸਿੱਧੂ ਇੱਕ ਸਾਲ ਦੀ ਸਜ਼ਾ ਸੁਣਾਈ ਹੈ।

## ਸੀਨੀਅਰ ਕਾਂਗਰਸ ਆਗੂ ਸੁਨੀਲ ਜਾਖੜ ਭਾਜਪਾ ਵਿੱਚ ਸ਼ਾਮਲ

ਚੰਡੀਗੜ੍ਹ, 19 ਮਈ, (ਪੋਸਟ ਬਿਊਰੋ)- ਕਾਂਗਰਸ ਨੂੰ ਛੱਡ ਚੁੱਕੇ ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਸੁਨੀਲ ਜਾਖੜ ਅੱਜ ਭਾਜਪਾ ਵਿੱਚ ਸ਼ਾਮਲ ਹੋ ਗਏ ਹਨ। ਭਾਜਪਾ ਪ੍ਰਧਾਨ ਜੇਪੀ ਨੱਡਾ ਨੇ ਉਨ੍ਹਾਂ ਨੂੰ ਪਾਰਟੀ ਦੀ ਮੈਂਬਰਸ਼ਿਪ ਦਿਵਾਈ ਹੈ। ਪਿਛਲੇ ਕੁਝ ਦਿਨਾਂ ਤੋਂ ਸੁਨੀਲ ਜਾਖੜ ਦੀ ਸਰਗਰਮ ਸਿਆਸਤ ਵਿੱਚ ਵਾਪਸੀ ਬਾਰੇ ਅਟਕਲਾਂ ਚੱਲ ਰਹੀਆਂ ਸਨ। ਜਾਖੜ ਉੱਤੇ ਦਲਿਤ ਭਾਈਚਾਰੇ ਦੇ ਵਿਰੁੱਧ ਟਿੱਪਣੀਆਂ ਕਰਨ ਦਾ ਦੋਸ਼ ਸੀ, ਪਰ ਕੁਝ ਦਿਨ ਪਹਿਲਾਂ ਪੰਜਾਬ ਪੁਲਿਸ ਨੇ ਉਨ੍ਹਾਂ ਨੂੰ ਇਸ ਕੇਸਦੀ ਕਲੀਨ ਚਿੱਟ ਦੇ ਦਿੱਤੀ ਸੀ। ਇਸ ਦੌਰਾਨ ਪਾਰਟੀ ਡਿਸਿਪਲਿਨ ਤੋੜਨ ਦੇ ਦੋਸ਼ ਹੇਠ ਕਾਂਗਰਸ ਪਾਰਟੀ ਦੀ ਹਾਈਕਮਾਂਡ ਨੇ ਜਾਖੜ ਨੂੰ ਸਾਰੇ ਅਹੁਦਿਆਂ ਤੋਂ ਲਾਹ ਦਿੱਤਾ ਸੀ।

ਅੱਜ ਵੀਰਵਾਰ ਭਾਜਪਾ ਦੇ ਕੌਮੀ ਪ੍ਰਧਾਨ ਜੇਪੀ ਨੱਡਾ ਨੇ ਸੁਨੀਲ ਜਾਖੜ ਨੂੰ ਦਿੱਲੀ ਵਿੱਚ ਪਾਰਟੀ ਮੈਂਬਰ ਹੋਣਦਾ



ਸਰਟੀਫਿਕੇਟ ਦਿੱਤਾ ਅਤੇ ਸੁਨੀਲ ਜਾਖੜ ਦਾ ਭਾਰਤੀ ਜਨਤਾ ਪਾਰਟੀ ਵਿੱਚ ਸਵਾਗਤ ਕੀਤਾ। ਨੱਡਾ ਨੇ ਕਿਹਾ ਕਿ ਸੁਨੀਲ ਜਾਖੜ ਅਨੁਭਵੀ ਨੇਤਾ ਹਨ, ਜਿਨ੍ਹਾਂ ਨੇ ਰਾਜਨੀਤਿਕ ਕੈਰੀਅਰ ਦੌਰਾਨ ਆਪਣਾ ਨਾਮ ਬਣਾਇਆ ਹੈ ਅਤੇ ਮੈਨੂੰ ਯਕੀਨ ਹੈ ਕਿ ਉਹ ਪੰਜਾਬ ਵਿੱਚਭਾਜਪਾ ਨੂੰ ਮਜ਼ਬੂਤ ਕਰਨ ਵਿੱਚ ਵੱਡੀ ਭੂਮਿਕਾ ਨਿਭਾਉਣਗੇ।

ਇਸ ਮੌਕੇ ਸੁਨੀਲ ਜਾਖੜ ਨੇ ਕਿਹਾ ਕਿ 'ਮੈਂ ਉਨ੍ਹਾਂ ਸਭਨਾਂ ਦਾ ਧੰਨਵਾਦੀ ਹਾਂ, ਜੋ ਭਾਜਪਾ ਵਿੱਚ ਸ਼ਾਮਲ ਹੋਏ ਹਨ। ਇਹ ਆਸਾਨ ਕੰਮ ਨਹੀਂ ਸੀ। ਮੈਂ ਤਿੰਨ ਪੀੜ੍ਹੀਆਂ ਤੋਂ ਕਾਂਗਰਸੀ ਹਾਂ। ਮੈਂ ਨਿੱਜੀ ਹਿੱਤਾਂ ਅਤੇ ਤੋੜ-ਵਿਛੋੜੇ ਲਈ ਰਾਜਨੀਤੀ ਨਹੀਂ ਕੀਤੀ। ਪੰਜਾਬ ਗੁਰੂਆਂ, ਸੰਤਾਂ ਤੇ ਪੀਰਾਂ ਦੀ ਧਰਤੀ ਹੈ। ਇਹ ਰਾਸ਼ਟਰਵਾਦ ਦੀ ਸ਼ੁਰੂਆਤ ਹੈ। ਕੋਈ ਨਿੱਜੀ ਝਗੜਾ ਨਹੀਂ ਸੀ, ਪਰ ਕੁਝ ਮਸਲਾ ਸੀ। ਪੰਜਾਬ ਵਿੱ-ਚਅੱਜ ਤੱਕ ਵਿਤਕਰਾ ਨਹੀਂ ਸੀ ਹੋਇਆ।'

## ਕੇਜਰੀਵਾਲ ਸਰਕਾਰ ਦੀ 'ਘਰ-ਘਰ ਰਾਸ਼ਨ ਯੋਜਨਾ' ਨੂੰ ਹਾਈ ਕੋਰਟ ਤੋਂ ਬਰੇਕਾਂ

ਨਵੀਂ ਦਿੱਲੀ, 19 ਮਈ, (ਪੋਸਟ ਬਿਊਰੋ)- ਦਿੱਲੀ ਵਿੱਚ ਆਮ ਆਦਮੀ ਪਾਰਟੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਸਰਕਾਰ ਨੂੰ ਦਿੱਲੀ ਹਾਈ ਕੋਰਟ ਤੋਂ ਵੱਡਾ ਝਟਕਾ ਲੱਗਾ ਤੇ ਕਾਰਜਕਾਰੀ ਚੀਫ ਜਸਟਿਸ ਵਿਪਿਨ ਸਾਂਘੀ ਤੇ ਜਸਟਿਸ ਜਸਮੀਤ ਸਿੰਘ ਨੇ ਇਸਦੀ 'ਘਰ-ਘਰ ਰਾਸ਼ਨ ਯੋਜਨਾ' ਰੱਦ ਕਰ ਦਿੱਤੀ ਹੈ।

ਇਸ ਸੰਬੰਧ ਵਿੱਚ ਦਿੱਲੀ ਹਾਈ ਕੋਰਟ ਦੇ ਕਾਰਜਕਾਰੀ ਚੀਫ ਜਸਟਿਸ ਵਿਪਿਨ ਸਾਂਘੀ ਅਤੇ ਜਸਟਿਸ ਜਸਮੀਤ ਸਿੰਘ ਨੇ ਕਿਹਾ ਕਿ ਘਰ-ਘਰ ਰਾਸ਼ਨ ਪੁਚਾਉਣ ਲਈ ਦਿੱਲੀ ਸਰਕਾਰ ਕੋਈ ਹੋਰ ਯੋਜਨਾ ਬਣਾਉਣ ਲਈ ਆਜ਼ਾਦ ਹੈ, ਪਰ ਉਹ ਕੇਂਦਰ ਸਰਕਾਰ ਦੇਦਿੱਤੇ ਅਨਾਜ ਦੀ ਵਰਤੋਂ ਘਰ-ਘਰ ਪੁਚਾਉਣ ਦੀ ਯੋਜਨਾ ਲਈ ਨਹੀਂ ਕਰ ਸਕਦੀ।ਦਿੱਲੀ ਸਰਕਾਰੀ ਰਾਸ਼ਨ ਡੀਲਰਜ਼ ਐਸੋਸੀਏਸ਼ਨ ਤੇ ਦਿੱਲੀ ਰਾਸ਼ਨ ਡੀਲਰਜ਼ ਯੂਨੀਅਨ ਦੀਆਂ ਪਟੀਸ਼ਨਾਂ ਉੱਤੇ ਹਾਈ ਕੋਰਟ ਨੇ 10 ਜਨਵਰੀ ਨੂੰ ਹੁਕਮ ਰਾਖਵਾਂ ਰੱਖਿਆ ਸੀ। ਇਸ ਤੋਂ ਪਹਿਲਾਂ ਲੈਫਟੀਨੈਂਟ ਗਵਰਨਰ ਅਨਿਲ ਬੈਜਲ ਨੇ ਆਮ ਆਦਮੀ ਪਾਰਟੀ ਸਰਕਾਰ ਦੀ ਘਰ-ਘਰ ਰਾਸ਼ਨ ਯੋਜਨਾਨੂੰ ਰੋਕ ਲਾਈ ਸੀ। ਇਸ ਯੋਜਨਾ ਹੇਠ ਕੇਜਰੀਵਾਲ ਸਰਕਾਰ ਨੇ ਰਾਸ਼ਨ ਦੀ ਹੋਮ ਡਿਲਿਵਰੀ ਦਾ ਵਾਅਦਾ ਕੀਤਾ ਅਤੇ ਡੋਰ ਸਟੈਪ ਡਿਲਿਵਰੀ ਸਕੀਮ ਲਾਂਚ ਕੀਤੀ ਸੀ, ਜਿਸ ਦੇ ਨਾਲਦਿੱਲੀਵਿੱਚ ਰਹਿਣ ਵਾਲਾ ਹਰ ਨਾਗਰਿਕ ਘਰ ਬੈਠੇ ਸਰਕਾਰੀ ਸੇਵਾ ਦਾ ਲਾਭ ਲੈ ਸਕਦਾ ਸੀ।

## ਭਾਰਤ ਦੀ ਜ਼ਰੀਨ ਨੇ ਵਰਲਡ ਬਾਕਸਿੰਗ ਦਾ ਗੋਲਡ ਜਿੱਤ ਕੇ ਇਤਿਹਾਸ ਰਚਿਆ



ਨਵੀਂ ਦਿੱਲੀ, 19 ਮਈ, (ਪੋਸਟ ਬਿਊਰੋ)- ਵਿਸ਼ਵ ਬਾਕਸਿੰਗ ਚੈਂਪੀਅਨਸ਼ਿਪ ਵਿੱਚ ਭਾਰਤ ਦੀ ਨਿਕਹਤ ਜ਼ਰੀਨ ਨੇ ਸੋਨ ਤਮਗਾ ਜਿੱਤ ਕੇ ਇਤਿਹਾਸ ਰਚ ਦਿੱਤਾ ਹੈ। ਅੱਜ ਵੀਰਵਾਰ ਹੋਏ ਫਾਈਨਲ ਵਿੱਚ 52 ਕਿਲੋਗ੍ਰਾਮ ਵਰਗ ਵਿੱਚ ਨਿਕਹਤ ਨੇ ਥਾਈਲੈਂਡ ਦੀ ਜਿਟਪੌਂਗ ਜੁਤਾਮਾਸ ਨੂੰ 5-0 ਨਾਲ ਹਰਾ ਕੇ ਗੋਲਡ ਮੈਡਲ ਜਿੱਤ ਲਿਆ।

ਇਸ ਫਾਈਟ ਦੇ ਦੌਰਾਨ ਨਿਕਹਤ ਜ਼ਰੀਨ ਨੇ ਦਬਦਬਾ ਬਣਾਈ ਰੱਖਿਆ।ਉਸ ਨੇ ਬਾਊਟ ਦੀ ਸ਼ੁਰੂਆਤ ਵਿਰੋਧੀ ਬਾਕਸਰ ਜਿਟਪੌਂਗ ਜੁਤਾਮਾਸ ਨੂੰ ਰਾਈਟ ਹੈਂਡ ਤੋਂ ਜੈਬ ਮਾਰਦੇ ਹੋਏ ਕੀਤੀ।ਵਰਨਣ ਯੋਗ ਹੈ ਕਿ ਪਹਿਲੀ ਵਾਰ ਵਿਸ਼ਵ ਬਾਕਸਿੰਗ ਚੈਂਪੀਅਨਸ਼ਿਪ ਵਿੱਚ ਸੋਨੇ ਦਾ ਮੈਡਲ ਜਿੱਤ ਕੇ ਭਾਰਤ ਦਾ ਨਾਂ ਚਮਕਾਉਣ ਵਾਲੀ ਹੈਦਰਾਬਾਦ ਦੀ 25 ਸਾਲਾ ਮੁੱਕੇਬਾਜ਼ਇਸ ਭਾਰਤ ਦੀ ਧੀ ਨਿਕਹਤ ਜ਼ਰੀਨ ਨੇ ਇਸ ਜਿੱਤ ਨਾਲ ਆਪਣਾ ਨਾਂ ਭਾਰਤੀ ਮਹਿਲਾ ਮੁੱਕੇਬਾਜ਼ਾਂ ਦੀ ਉਸ ਸੂਚੀ ਵਿੱਚ ਪੰਜਵੇਂ ਥਾਂ ਦਰਜ ਕਰਾ ਲਿਆ ਹੈ, ਜਿਨ੍ਹਾਂ ਨੇ ਵਿਸ਼ਵ ਚੈਂਪੀਅਨਸ਼ਿਪਦਾਗੋਲਡ ਮੈਡਲ ਜਿੱਤਿਆ ਹੈ। ਨਿਕਹਤ ਤੋਂ ਪਹਿਲਾਂ ਇਹ ਮੁਕਾਬਲਾ ਛੇ ਵਾਰ ਦੀ ਚੈਂਪੀਅਨ ਐਮਸੀ ਮੈਰੀਕਾਮ, ਸਰਿਤਾ ਦੇਵੀ, ਜੇਨੀ ਆਰਐਏ ਅਤੇ ਲੇਖਾ ਸੀ ਕਰ ਚੁੱਕੀਆਂ ਹਨ ਅਤੇ ਨਿਕਹਤ ਦੀ ਇਸ ਪ੍ਰਾਪਤੀ ਦੀ ਹਰ ਪਾਸੇ ਸ਼ਲਾਘਾ ਹੋਈ ਹੈ।

## ਕ੍ਰਿਸ਼ਨ ਜਨਮ ਭੂਮੀ ਬਨਾਮ ਮਸਜਿਦ ਕੇਸ: ਅਦਾਲਤ ਨੇ ਮਸਜਿਦ ਹਟਾਉਣ ਦੀ ਮੰਗ ਵਾਲੀ ਅਰਜ਼ੀ ਦਾਇਰ ਕਰਨ ਦੀ ਇਜਾਜ਼ਤ ਦਿੱਤੀ

ਮਥਰਾ, 19 ਮਈ, (ਪੋਸਟ ਬਿਊਰੋ)- ਉੱਤਰ ਪ੍ਰਦੇਸ਼ ਦੀ ਇੱਕ ਸਿਵਲ ਅਦਾਲਤ ਨੇ ਏਥੇ ਦੀ ਸ਼ਾਹੀ ਈਦਗਾਹ ਮਸਜਿਦ ਨੂੰ ਹਟਾਉਣ ਦੀ ਮੰਗ ਕਰਨ ਵਾਲੀ ਪਟੀਸ਼ਨ ਦਾਇਰ ਕਰਨ ਦੀ ਮਨਜ਼ੂਰੀ ਦੇ ਦਿੱਤੀ ਹੈ, ਜਿਸ ਵਿੱਚ ਕਿਹਾ ਗਿਆ ਹੈ ਕਿ 'ਕ੍ਰਿਸ਼ਨ ਜਨਮ ਭੂਮੀ' ਜਾਂ ਇਹ ਮਸਜਿਦ ਭਗਵਾਨ ਕ੍ਰਿਸ਼ਨ ਦੇ ਜਨਮ ਸਥਾਨ ਉੱਤੇ ਬਣਾਈ ਗਈ ਹੈ।

ਇਸ ਬਾਰੇ ਅਦਾਲਤ ਨੇ ਕਿਹਾ ਕਿ 'ਮਥੁਰਾ ਅਦਾਲਤ ਦਾ ਫੈਸਲਾ ਹੈ ਕਿ ਸ਼ਾਹੀ ਈਦਗਾਹ ਮਸਜਿਦ ਹਟਾਉਣ ਦਾ ਕੇਸਇਸ ਆਧਾਰ ਉੱਤੇ ਚੱਲ ਸਕਦਾ ਹੈ ਕਿ ਇਹ ਕ੍ਰਿਸ਼ਨ ਜਨਮ ਭੂਮੀ ਜ਼ਮੀਨ ਉੱਤੇ ਬਣੀ ਸੀ।' ਮੁਕੱਦਮਾਰੱਦ ਕਰਨ ਵਾਲੇ ਸਿਵਲ ਕੋਰਟ ਦੇ ਪੁਰਾਣੇ ਹੁਕਮ ਨੂੰ ਮਥੁਰਾ ਅਦਾਲਤ ਵਿੱਚ ਮੁੜ ਵਿਚਾਰ ਪਟੀਸ਼ਨ ਵਿੱਚ ਚੁਣੌਤੀ ਦਿੱਤੀ ਗਈ ਸੀਅਤੇ ਇਹ ਕੇਸ ਮੈਰਿਟ ਉੱਤੇ ਸੁਣਵਾਈ ਲਈ ਸਿਵਲ ਕੋਰਟ ਨੂੰ ਵਾਪਸ ਭੇਜਿਆ ਗਿਆ ਹੈ।

ਸ੍ਰੀ ਕ੍ਰਿਸ਼ਨ ਜਨਮ ਭੂਮੀ ਬਨਾਮ ਸ਼ਾਹੀ ਈਦਗਾਹ ਮਸਜਿਦ ਦਾ ਪਹਿਲਾ ਕੇਸ ਲਖਨਊ ਦੀ ਰੰਜਨਾ ਅਗਨੀਹੋਤਰੀ ਨੇ ਕੱਟੜਾ ਕੇਸ਼ਵ ਦੇਵ ਮੰਦਰ ਦੇ ਬਾਲ ਦੇਵਤਾ ਸ੍ਰੀ ਕ੍ਰਿਸ਼ਨ ਬਿਰਾਜਮਾਨ ਅਤੇ ਛੇ ਹੋਰਨਾਂ ਦੇ ਅਗਲੇ ਦੋਸਤ ਵਜੋਂ ਦਾਇਰ ਕੀਤਾ ਸੀ। ਏਦਾਂ ਦੇ ਤਿੰਨ ਕੇਸਾਂਵਿੱਚੋਂ ਦੂਸਰਾਕੇਸ ਹਿੰਦੂ ਸੈਨਾ ਦੇ ਮੁਖੀ ਮਨੀਸ਼ ਯਾਦਵ ਵੱਲੋਂਅਤੇ ਤੀਜਾ ਕੇਸ ਪੰਜ ਹੋਰ ਲੋਕਾਂਨੇ ਐਡਵੋਕੇਟ ਮਹਿੰਦਰ ਪ੍ਰਤਾਪ ਸਿੰਘ ਰਾਹੀਂ ਦਾਇਰ ਕੀਤਾ ਸੀ।ਉਨ੍ਹਾਂ ਨੇ ਕ੍ਰਿਸ਼ਨ ਦੇ ਜਨਮ ਸਥਾਨ ਨੇੜੇ ਕੱਟੜਾ ਕੇਸ਼ਵ ਦੇਵ ਮੰਦਿਰ ਦੇ 13.37 ਏਕੜ ਵਿੱਚ 1669-70 ਵਿੱਚ ਮੁਗਲ ਸਮਰਾਟ ਔਰੰਗਜ਼ੇਬ ਦੇ ਹੁਕਮ ਉੱਤੇ ਕਥਿਤ ਤੌਰ ਉੱਤੇ ਬਣਾਈ ਮਸਜਿਦ ਨੂੰ ਹਟਾਉਣ ਦੀ ਮੰਗ ਕੀਤੀ ਸੀ।ਦੋਵਾਂ ਪੱਖਾਂ ਦੀ ਬਹਿਸ ਪਿੱਛੋਂ ਸੈਸ਼ਨ ਜੱਜ ਰਾਜੀਵ ਭਾਰਤੀ ਨੇ ਸ੍ਰੀ ਕ੍ਰਿਸ਼ਨ ਜਨਮਭੂਮੀ ਕੇਸਦਾ ਫੈਸਲਾ ਸੁਣਾਉਣ ਲਈ 19 ਮਈ ਦੀ ਤਰੀਕ ਰੱਖੀ ਸੀ।

## ਸ਼ੀਨਾ ਬੋਰਾ ਕਤਲਕਾਂਡ ਵਿਚ ਸੁਪਰੀਮ ਕੋਰਟ ਨੇ ਇੰਦਰਾਣੀ ਮੁਖਰਜੀ ਨੂੰ ਜ਼ਮਾਨਤ ਦਿੱਤੀ

ਨਵੀਂ ਦਿੱਲੀ, 19 ਮਈ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਮੁੰਬਈ ਦੇ ਬਹੁ-ਚਰਚਿੱਤ ਸ਼ੀਨਾ ਬੋਰਾ ਕਤਲ ਕੇਸਦੀ ਮੁੱਖ ਦੋਸ਼ੀ ਇੰਦਰਾਣੀ ਮੁਖਰਜੀ ਦੀ ਜ਼ਮਾਨਤ ਪਟੀਸ਼ਨ ਕੱਲ੍ਹ ਸਵੀਕਾਰ ਕਰ ਲਈ।

< ਜਸਟਿਸ ਐਲ ਨਾਗੇਸ਼ਵਰ ਰਾਓ, ਜਸਟਿਸ ਬੀ ਆਰ ਗਵਈ ਅਤੇ ਜਸਟਿਸ ਏ ਐਸ ਬੋਪੰਨਾ ਦੇ ਬੈਂਚ ਨੇ ਦੋਸ਼ੀ ਇੰਦਰਾਣੀ ਦੀ ਪਟੀਸ਼ਨ ਮਨਜ਼ੂਰ ਕਰ ਕੇ ਜ਼ਮਾਨਤ ਦਿੰਦੇ ਸਮੇਂ ਇੰਦਰਾਣੀ ਦੇ ਸਾਢੇ ਛੇ ਸਾਲ ਤੋਂ ਵਧ ਸਮਾਂ ਜੇਲ੍ਹ ਵਿੱਚ ਰਹਿਣ ਦੇ ਤੱਥਾਂ ਉੱਤੇਵਿਚਾਰ ਕੀਤਾ। ਇੰਦਰਾਣੀ ਦੇ ਵਕੀਲ ਨੇ ਪਿਛਲੀ ਸੁਣਵਾਈ ਉੱਤੇ ਤਰਕ ਦਿੱਤਾ ਸੀ ਕਿ ਮੁਕੱਦਮਾ ਪਿਛਲੇ ਕਰੀਬ ਸਾਢੇ



ਛੇ ਸਾਲਾਂ ਤੋਂ ਚੱਲ ਰਿਹਾ ਹੈ ਤੇ ਸ਼ਾਇਦ ਅਗਲੇ 10 ਸਾਲਾਂ ਵਿੱਚ ਖ਼ਤਮ ਨਹੀਂ ਹੋਵੇਗਾ। ਅਜੇ ਹੋਰ ਵੀ ਕਈ ਗਵਾਹਾਂ ਤੋਂ ਪੁੱਛਗਿੱਛ ਹੋਣੀ ਹੈ, ਜਦਕਿ ਸਬੰਧਤ ਸੀ ਬੀ ਆਈ ਕੋਰਟ ਵਿੱਚ ਕੋਈ ਜੱਜ ਨਹੀਂ ਹੈ। ਜਸਟਿਸ ਰਾਓ ਨੇ ਵਕੀਲ ਨੂੰ ਪੁੱਛਿਆ ਕਿ ਗਵਾਹੀ ਦੇਣ ਲਈ ਕਿੰਨੇ ਗਵਾਹ ਬਚੇ ਹਨ। ਇਸ ਉੱਤੇ ਉਨ੍ਹਾਂ ਦੱਸਿਆ ਕਿ 185 ਗਵਾਹਾਂ ਦੀ ਸੂਚੀ ਬਾਕੀ ਹੈ। ਕਰੀਬ ਡੇਢ ਸਾਲ ਤੋਂ ਕੋਈ ਗਵਾਹੀ ਨਹੀਂ ਹੋਈ। ਸਬੰਧਤ ਅਦਾਲਤਦੇ ਜੱਜ ਦਾ ਅਹੁਦਾ ਜੂਨ 2021 ਤੋਂ ਖਾਲੀ ਹੈ। ਉਸ ਨੇ ਦੋਸ਼ੀ ਮੁਖਰਜੀ ਦੇ ਛੇ ਸਾਲ ਤੋਂ ਵਧ ਸਮਾਂ ਜੇਲ੍ਹ ਰਹਿਣ ਅਤੇ ਉਸ ਦੀ ਬੀਮਾਰੀ ਦਾ ਹਵਾਲਾ ਦੇ ਕੇ ਜ਼ਮਾਨਤ ਦੀ ਮੰਗ ਕੀਤੀ ਸੀ। ਮੁੱਖ ਦੋਸ਼ੀ ਨੇ ਵਿਸ਼ੇਸ਼ ਸੀ ਬੀ ਆਈ ਅਦਾਲਤ ਸਾਹਮਣੇ ਬਿਆਨ ਦਿੱਤਾ ਕਿ ਜੇਲ੍ਹ ਦੇ ਇੱਕ ਕੈਦੀ ਨੇ ਇੰਦਰਾਣੀ ਨੂੰ ਦੱਸਿਆ ਸੀ ਕਿ ਉਸ ਨੇ ਕਸ਼ਮੀਰ ਵਿੱਚ ਸ਼ੀਨਾ ਨਾਲ ਮੁਲਾਕਾਤ ਕੀਤੀ ਸੀ।

ਵਰਨਣ ਯੋਗ ਹੈ ਕਿ ਵਿਸ਼ੇਸ਼ ਸੀ ਬੀ ਆਈ ਅਦਾਲਤ ਵਿੱਚ ਕੇਂਦਰੀ ਜਾਂਚ ਏਜੰਸੀ ਨੇ ਇੰਦਰਾਣੀ ਮੁਖਰਜੀ ਦੇ ਬਿਆਨ ਉੱਤੇ ਜਵਾਬ ਦਾਇਰ ਕੀਤਾ ਸੀ, ਜਿਸ ਵਿੱਚ ਸ਼ੀਨਾ ਦੇ ਜ਼ਿੰਦਾ ਹੋਣ ਦੇ ਇੰਦਰਾਣੀ ਦੇ ਦਾਅਵੇ ਦੀ ਜਾਂਚ ਦੀ ਮੰਗ ਕੀਤੀ ਸੀ। ਅਪਣੀ ਧੀ ਸ਼ੀਨਾ ਦੇ ਕਤਲ ਦੇ ਮਾਮਲੇ ਵਿੱਚ 2015 ਵਿੱਚ ਗ੍ਰਿਫ਼ਤਾਰ ਇੰਦਰਾਣੀ ਦੀ ਜ਼ਮਾਨਤ ਪਟੀਸ਼ਨ ਬਾਂਬੇ ਹਾਈ ਕੋਰਟ ਨੇ ਨਾ-ਮਨਜ਼ੂਰ ਕਰ ਦਿੱਤੀ ਸੀ।

## 6000 ਮਹੀਨੇ ਲਈ ਹਰ ਤਿਮਾਹੀ 5000 ਦਾ ਖਰਚ ਰਹੀ ਹੈ ਵਿਸ਼ਵ ਯੁੱਧ ਦੇ ਸਿਪਾਹੀ ਦੀ ਪਤਨੀ

ਬਿਲਾਸਪੁਰ, 19 ਮਈ (ਪੋਸਟ ਬਿਊਰੋ)- ਦੂਸਰੇ ਵਿਸ਼ਵ ਯੁੱਧ ਦੇ ਫੌਜੀ ਰਣਜੀਤ ਸਿੰਘ ਦੀ ਪਤਨੀ ਸਾਲਾਂ ਤੋਂ ਇੱਕ ਵੱਡੀ ਲੜਾਈ ਲੜ ਰਹੀ ਹੈ। 95 ਸਾਲ ਦੀ ਉਮਰ ਵਿੱਚ ਉਨ੍ਹਾਂ ਨੂੰ ਹਰ ਤਿੰਨ ਮਹੀਨੇ ਵਿੱਚ ਇੱਕ ਵਾਰ 900 ਕਿਲੋਮੀਟਰ ਦੀ ਯਾਤਰਾ ਕਰਨੀ ਪੈਂਦੀ ਅਤੇ ਜਾ ਕੇ ਦੱਸਣਾ ਪੈਂਦਾ ਹੈ ਕਿ ਉਹ ਜ਼ਿੰਦਾ ਹੈ। ਉੱਤਰ ਪ੍ਰਦੇਸ਼ ਦੇ ਜ਼ਿਲਾ ਬਿਲਾਸਪੁਰ ਦੇ ਤਿਫਰਾ ਵਿੱਚ ਰਹਿੰਦੀ ਲਲਿਤਾ ਦੇਵੀ 6000 ਰੁਪਏ ਪੈਨਸ਼ਨ ਲੈਣ ਨੂੰ ਪਿਛਲੇ ਵੀਹ ਸਾਲ ਤੋਂ ਇਹ ਜੱਦੋਜਹਿਦ ਕਰ ਰਹੀ ਹੈ। ਪਹਿਲਾਂ ਉਹ ਯੂ ਪੀ ਦੇ ਬਲੀਆ ਵਿੱਚ ਰਹਿੰਦੀ ਸੀ। ਦੋ ਦਹਾਕੇ ਤੋਂ ਬਿਲਾਸਪੁਰ ਵਿੱਚ ਹੈ। ਜਦ ਤਕ ਬਲੀਆ ਵਿੱਚ ਸੀ, ਇਹ ਦਿੱਕਤ ਨਹੀਂ ਸੀ। ਬਿਲਾਸਪੁਰ ਆਉਣ ਪਿੱਛੋਂ ਉਨ੍ਹਾਂ ਨੂੰ ਹਰ ਤਿੰਨ ਮਹੀਨੇ ਬਾਅਦ ਜੀਉਂਦੇ ਹੋਣ ਦਾ ਸਬੂਤ ਦੇਣ ਲਈ ਉਥੇ ਜਾਣਾ ਪੈਂਦਾ ਹੈ। ਬੇਟੇ ਦੀ ਅੱਖ ਦੀ ਵੀ ਸੱਤ ਫੀਸਦੀ ਰੋਸ਼ਨੀ ਜਾ ਚੁੱਕੀ ਹੈ। ਉਹ ਪਿਛਲੇ ਕਈ ਸਾਲ ਤੋਂ ਬਿਲਾਸਪੁਰ ਦੇ ਅਫਸਰਾਂ ਨੂੰ ਅਰਜ਼ੀਆਂ ਦੇ ਕੇ ਪੈਨਸ਼ਨ ਬਲੀਆ ਤੋਂ ਬਿਲਾਸਪੁਰ ਸ਼ਿਫਟ ਕਰਨ ਨੂੰ ਕਹਿ ਰਹੀ ਹੈ, ਪ੍ਰੰਤੂ ਸੁਣਵਾਈ ਨਹੀਂ ਹੋ ਸਕੀ।






# ਚੱਲਦੀ ਗੱਡੀ ਵਿੱਚ ਡਰਾਈਵਰ ਨੂੰ ਮਾਰੀ ਗਈ ਗੋਲੀ, 1 ਹਲਾਕ



ਦਰਹਾਮ, 19 ਮਈ (ਪੋਸਟ ਬਿਊਰੋ) : ਪਿੱਕਰਿੰਗ ਵਿੱਚ ਚੱਲਦੀ ਗੱਡੀ ਵਿੱਚ ਡਰਾਈਵਰ ਨੂੰ ਮਾਰੀ ਗਈ ਗੋਲੀ ਕਾਰਨ 21 ਸਾਲਾ ਵਿਅਕਤੀ ਦੀ ਮੌਤ ਹੋ ਗਈ।

ਦਰਹਾਮ ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਵੀਰਵਾਰ ਨੂੰ ਦੁਪਹਿਰੇ 12:30 ਵਜੇ ਇੱਕਲੀ ਗੱਡੀ ਨੂੰ ਪੇਸ਼ ਆਏ ਹਾਦਸੇ ਦੀ ਰਿਪੋਰਟ ਦੇ ਕੇ ਉਨ੍ਹਾਂ ਨੂੰ ਟੌਂਟਨ ਰੋਡ ਤੇ ਕੰਸੈਸ਼ਨ ਰੋਡ 4 ਉੱਤੇ ਸੱਦਿਆ ਗਿਆ। ਜਦੋਂ ਪੁਲਿਸ ਮੌਕੇ ਉੱਤੇ ਪਹੁੰਚੀ ਤਾਂ ਗੱਡੀ ਦਾ ਡਰਾਈਵਰ ਦਮ ਤੋੜ ਚੁੱਕਿਆ ਸੀ। ਪੁਲਿਸ ਨੇ ਪਾਇਆ ਕਿ ਗੱਡੀ ਚਲਾਉਂਦੇ ਸਮੇਂ ਡਰਾਈਵਰ ਨੂੰ ਗੋਲੀ ਲੱਗਣ ਕਾਰਨ ਹੀ ਇਹ ਹਾਦਸਾ ਹੋਇਆ।

ਕਿਸੇ ਮਸ਼ਕੂਕ ਜਾਂ ਗੱਡੀ ਦਾ ਵੇਰਵਾ ਅਜੇ ਜਾਰੀ ਨਹੀਂ ਕੀਤਾ ਗਿਆ ਹੈ। ਪੁਲਿਸ ਨੇ ਦੱਸਿਆ ਕਿ ਪੋਸਟ ਮਾਰਟਮ ਤੋਂ ਬਾਅਦ ਹੀ ਮ੍ਰਿਤਕ ਦੀ ਪਛਾਣ ਜ਼ਾਹਿਰ ਕੀਤੀ ਜਾ ਸਕੇਗੀ। ਜਾਂਚਕਾਰ ਕਿਸੇ ਚਸ਼ਮਦੀਦ ਦਾ ਪਤਾ ਲਾਉਣ ਦੀ ਵੀ ਕੋਸ਼ਿਸ਼ ਕਰ ਰਹੇ ਹਨ। ਮਾਮਲੇ ਦੀ ਜਾਂਚ ਹੋਮੀਸਾਈਡ ਯੂਨਿਟ ਵੱਲੋਂ ਆਪਣੇ ਹੱਥ ਲੈ ਲਈ ਗਈ ਹੈ।

# ਕਾਰਜੈਕਿੰਗ ਦੇ ਮਾਮਲੇ ਵਿੱਚ ਪੰਜਾਬੀ ਕਾਬੂ




ਬਰੈਂਪਟਨ, 19 ਮਈ (ਪੋਸਟ ਬਿਊਰੋ) : ਕਾਰਜੈਕਿੰਗ ਦੇ ਮਾਮਲਿਆਂ ਵਿੱਚ ਵਾਧੇ ਦੇ ਮੱਦੇਨਜ਼ਰ ਗੈਸ ਸਟੇਸ਼ਨ ਤੋਂ ਗੱਡੀ ਚੋਰੀ ਕਰਨ ਦੀ ਕੋਸ਼ਿਸ਼ ਕਰਨ ਵਾਲੇ ਪੰਜਾਬੀ ਵਿਅਕਤੀ ਨੂੰ ਪੁਲਿਸ ਵੱਲੋਂ ਹਿਰਾਸਤ ਵਿੱਚ ਲੈ ਲਿਆ ਗਿਆ ਹੈ।

14 ਮਈ ਨੂੰ ਪੀਲ ਰੀਜਨਲ ਪੁਲਿਸ ਨੂੰ ਸਵੇਰੇ 9:30 ਵਜੇ ਬ੍ਰੈਮਲੀ ਰੋਡ ਤੇ ਬੋਵੇਅਰਡ ਡਰਾਈਵ ਏਰੀਆ ਵਿੱਚ ਗੈਸ ਸਟੇਸ਼ਨ ਤੋਂ ਗੱਡੀ ਚੋਰੀ ਕਰਨ ਦੇ ਮਾਮਲੇ ਦੀ ਜਾਣਕਾਰੀ ਦਿੱਤੀ ਗਈ। ਪ੍ਰਾਪਤ ਜਾਣਕਾਰੀ ਅਨੁਸਾਰ ਇੱਕ ਵਿਅਕਤੀ ਆਪਣੀ ਗੱਡੀ ਵਿੱਚ ਗੈਸ ਭਰਨ ਦੀ ਕੋਸ਼ਿਸ਼ ਕਰ ਰਿਹਾ ਸੀ ਤਾਂ ਇੱਕ ਮਸ਼ਕੂਕ ਨੇ ਗੱਡੀ ਚੋਰੀ ਕਰਨ ਦੀ ਕੋਸ਼ਿਸ਼ ਕੀਤੀ ਪਰ ਕਾਰ ਵਿੱਚ ਚਾਬੀਆਂ ਨਾ ਹੋਣ ਕਾਰਨ ਉਹ ਅਜਿਹਾ ਨਹੀਂ ਕਰ ਸਕਿਆ। ਇਸ ਲਈ ਇਸ ਚੋਰੀ ਨੂੰ ਅੰਜਾਮ ਦਿੱਤੇ ਬਿਨਾਂ ਹੀ ਮਸ਼ਕੂਕ ਮੌਕੇ ਤੋਂ ਫਰਾਰ ਹੋ ਗਿਆ।

ਪੁਲਿਸ ਨੇ ਦੱਸਿਆ ਕਿ 20 ਮਿੰਟ ਬਾਅਦ ਉਸੇ ਮਸ਼ਕੂਕ ਨੇ ਗੈਸ ਸਟੇਸ਼ਨ ਉੱਤੇ ਦੂਜੇ ਵਿਅਕਤੀ ਨੂੰ ਆਪਣਾ ਨਿਸ਼ਾਨਾ ਬਣਾਇਆ। ਮਸ਼ਕੂਕ ਨੇ ਗੱਡੀ ਦੇ ਪਿਛਲੇ ਹਿੱਸੇ ਵਿੱਚ ਕਿਸੇ ਗੜਬੜੀ ਦਾ ਹਵਾਲਾ ਦੇ ਕੇ ਡਰਾਈਵਰ ਨੂੰ ਬਾਹਰ ਆਉਣ ਲਈ ਆਖਿਆ, ਜਦੋਂ ਡਰਾਈਵਰ ਬਾਹਰ ਆਇਆ ਤਾਂ ਮਸ਼ਕੂਕ ਗੱਡੀ ਵਿੱਚ ਦਾਖਲ ਹੋ ਗਿਆ ਤੇ ਉਸ ਨੇ ਗੱਡੀ ਭਜਾਉਣ ਦੀ ਕੋਸ਼ਿਸ਼ ਕੀਤੀ। ਡਰਾਈਵਰ ਵੱਲੋਂ ਉਸ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਗਈ ਪਰ ਮਸ਼ਕੂਕ ਉਸ ਨੂੰ ਧੱਕਾ ਦੇ ਕੇ ਗੱਡੀ ਲੈ ਕੇ ਉੱਥੋਂ ਚਲਾ ਗਿਆ।

ਪੀਲ ਪੁਲਿਸ ਨੇ ਇਸ ਸਬੰਧ ਵਿੱਚ 30 ਸਾਲਾਂ ਦੇ ਗੁਰਮੀਤ ਸਿੰਘ ਨੂੰ ਗ੍ਰਿਫਤਾਰ ਕੀਤਾ ਹੈ। ਉਸ ਦਾ ਕੋਈ ਪੱਕਾ ਟਿਕਾਣਾ ਨਹੀਂ ਦੱਸਿਆ ਗਿਆ। 5000 ਡਾਲਰ ਤੋਂ ਵੱਧ ਦੇ ਡਾਕੇ ਦੇ ਨਾਲ ਨਾਲ ਗਲਤ ਇਰਾਦੇ ਨਾਲ ਭੇਸ ਵਟਾਉਣ ਸਮੇਤ ਕਈ ਚਾਰਜਿਜ਼ ਉਸ ਉੱਤੇ ਲਾਏ ਗਏ ਹਨ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | **Gyan Singh,** |
| **Office Admin** | **Sajandeep Singh** |
| **Graphic Designer** | **Angrez Singh** **Komal Matharu** |
| **Photographer** | Kanwaljit Singh Kanwal |
| **Distributer Marketing:** | **Bhupinder Dhillon** **Sajandeep Singh** |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਭਾਰ ਘਟਾਉਣ ਲਈ ਸਰਜਰੀ ਦੌਰਾਨ ਅਭਿਨੇਤਰੀ ਚੇਤਨਾ ਦੀ ਮੌਤ

ਬੰਗਲੌਰ, 19 ਮਈ (ਪੋਸਟ ਬਿਊਰੋ)- ਕੰਨੜ ਅਭਿਨੇਤਰੀ ਚੇਤਨਾ ਰਾਜ (21) ਦੀ ਬੰਗਲੌਰ ਵਿੱਚ ਭਾਰ ਘਟਾਉਣ ਲਈ ਸਰਜਰੀ ਦੌਰਾਨ ਮੌਤ ਹੋ ਗਈ ਹੈ। ਪੁਲਸ ਦੇ ਮੁਤਾਬਕ ਇਸ ਸਰਜਰੀ ਬਾਰੇ ਉਸ ਦੇ ਮਾਪਿਆਂ ਨੂੰ ਜਾਣਕਾਰੀ ਨਹੀਂ ਸੀ। ਉਹ ਬੰਗਲੌਰ ਦੇ ਅਬੀਗੇਰੇ ਖੇਤਰ ਦੀ ਰਹਿਣ ਵਾਲੀ ਸੀ ਅਤੇ ਉਸ ਦੀ ਮੌਤ ਸਰਜਰੀ ਦੌਰਾਨ ਹੋਈ ਹੈ। ਚੇਤਨਾ ਦੇ ਮਾਪੇ ਸਰਜਰੀ ਦੌਰਾਨ ਡਾਕਟਰਾਂ ਉੱਤੇ ਲਾਪਰਵਾਹੀ ਵਰਤਣ ਦੇ ਦੋਸ਼ ਲਾ ਰਹੇ ਹਨ। ਉਨ੍ਹਾਂ ਕਿਹਾ ਕਿ ਸਰਜਰੀ ਦੌਰਾਨ ਲੋੜੀਂਦੀ ਸਮੱਗਰੀ ਦੀ ਵੀ ਘਾਟ ਸੀ। ਹਸਪਤਾਲ ਅਥਾਰਟੀ ਦਾ ਕਹਿਣਾ ਹੈ ਕਿ ਚੇਤਨਾ ਦੀ ਮੌਤ ਸਰਜਰੀ ਵੇਲੇ ਫੇਫੜਿਆਂ ਵਿੱਚ ਪਾਣੀ ਭਰਨ ਨਾਲ ਹੋਈ ਹੈ। ਚੇਤਨਾ ਰਾਜ ਨੇ ਪ੍ਰਸਿੱਧ ਲੜੀਵਾਰ 'ਗੀਤਾ', 'ਡੋਰੇਸਾਨੀ', 'ਓਲਾਵੀਨਾ ਨੀਲਦਾਨਾ' ਵਿੱਚ ਕੰਮ ਕੀਤਾ ਸੀ। ਉਸ ਨੇ ਕੰਨੜ ਫਿਲਮ 'ਹਵਾਯਾਮੀ' ਵਿੱਚ ਵੀ ਕੰਮ ਕੀਤਾ ਸੀ।ਚੇਤਨਾ ਰਾਜ ਦੇ ਪਿਤਾ ਗੋਵਿੰਦਾ ਰਾਜ ਨੇ ਦੱਸਿਆ ਉਨ੍ਹਾਂ ਦੀ ਧੀ ਨੂੰ ਸੋਮਵਾਰ ਨੂੰ ਸਵੇਰੇ ਸਾਢੇ ਅੱਠ ਵਜੇ ਦਾਖਲ ਕਰਵ-ਾਇਆ ਗਿਆ। ਜਦੋਂ ਉਨ੍ਹਾਂ ਨੂੰ ਇਸ ਬਾਰੇ ਪਤਾ ਲੱਗਿਆ, ਉਦੋਂ ਸਰਜਰੀ ਸ਼ੁਰੂ ਹੋ ਚੁੱਕੀ ਸੀ। ਸ਼ਾਮ ਤਕ ਉਸ ਦੇ ਫੇਫੜਿਆਂ ਵਿੱਚ ਪਾਣੀ ਅਤੇ ਚਰਬੀ ਭਰਨ ਕਾਰਨ ਉਸ ਨੂੰ ਸਾਹ ਲੈਣ ਵਿੱਚ ਦਿੱਕਤ ਆ ਰਹੀ ਸੀ। ਉਨ੍ਹਾਂ ਕਿਹਾ ਕਿ ਆਈ ਸੀ ਯੂ ਵਿੱਚ ਸਹੂਲਤਾਂ ਦੀ ਘਾਟ ਸੀ। ਉਸ ਦੇ ਪਿਤਾ ਨੇ ਕਿਹਾ ਕਿ ਚੇਤਨਾ ਨੇ ਪਰਵਾਰ ਤੋਂ ਸਰਜਰੀ ਦੀ ਇਜਾਜ਼ਤ ਮੰਗੀ, ਪਰ ਉਨ੍ਹਾਂ ਨੇ ਨਾਂਹ ਕਰ ਦਿੱਤੀ ਅਤੇ ਹਸਪਤਾਲ ਨੇ ਪਰਵਾਰ ਦੀ ਸਹਿਮਤੀ ਤੋਂ ਬਗੈਰ ਸਰਜਰੀ ਕੀਤੀ ਹੈ।

# ਗੱਡੀ ਵੱਲੋਂ ਟੱਕਰ ਮਾਰੇ ਜਾਣ ਕਾਰਨ ਸਾਈਕਲਿਸਟ ਦੀ ਹੋਈ ਮੌਤ



ਓਸ਼ਵਾ, 19 ਮਈ (ਪੋਸਟ ਬਿਊਰੋ) : ਵੀਰਵਾਰ ਸ਼ਾਮ ਨੂੰ ਓਸ਼ਵਾ ਵਿੱਚ ਇੱਕ ਗੱਡੀ ਵੱਲੋਂ ਟੱਕਰ ਮਾਰੇ ਜਾਣ ਤੋਂ ਬਾਅਦ ਇੱਕ ਸਾਈਕਲਿਸਟ ਦੀ ਮੌਤ ਹੋ ਗਈ। ਇਹ ਜਾਣਕਾਰੀ ਦਰਹਾਮ ਪੁਲਿਸ ਨੇ ਦਿੱਤੀ।

ਗੱਡੀ ਵੱਲੋਂ ਸਾਈਕਲਿਸਟ ਨੂੰ ਟੱਕਰ ਮਾਰੇ ਜਾਣ ਤੋਂ ਬਾਅਦ ਐਮਰਜੰਸੀ ਅਮਲਾ ਵੈਂਟਵਰਥ ਤੇ ਸਿਮਕੋ ਸਟਰੀਟਸ ਦੇ ਲਾਂਘੇ ਉੱਤੇ ਪਹੁੰਚਿਆ। ਪੁਲਿਸ ਨੇ ਦੱਸਿਆ ਕਿ ਸਾਈਕਲਿਸਟ ਨੂੰ ਕਾਫੀ ਸੱਟਾਂ ਲੱਗੀਆਂ ਸਨ ਤੇ ਉਸ ਨੂੰ ਮੌਕੇ ਉੱਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ।

ਮਾਮਲੇ ਦੀ ਜਾਂਚ ਲਈ ਪੁਲਿਸ ਨੇ ਇਸ ਇਲਾਕੇ ਦੀਆਂ ਸੜਕਾਂ ਨੂੰ ਬੰਦ ਕਰ ਦਿੱਤਾ ਹੈ।

# ਆਓ ਸਮੇਂ ਦੀ ਮੰਗ ਪੂਰੀਏ !

ਆਓ ਮਿਲ ਕੇ ਸਮੇਂ ਦੀ ਮੰਗ ਪੂਰੀਏ
ਜੋ ਜੋ ਖੋਹਿਆ ਹੈ ਸਮੇਂ ਤੋਂ ,ਕਰ ਦੇਈਏ ਵਾਪਿਸ ਉਸ ਨੂੰ
ਕੀ ਸੱਚ ਮੁੱਚ ਹੀ ਸਮਾਂ ਵੀ ਮੰਗਦਾ ਹੈ ਕੁਝ?
ਹਾਂਜੀ!ਹਾਂਜੀ! ਮੰਗਦਾ ਹੈ ਸਮਾਂ ਵੀ
ਸੋ ਮੰਗ ਰਿਹਾ ਹੈ!ਸਾਡੇ ਕੋਲੋਂ ਹੀ ਮੰਗ ਰਿਹਾ ਹੈ!
ਸਮਾਂ ਕਹਿ ਰਿਹਾ ਹੈ ਕਿ ਬਣ ਜਾਓ ਫਿਰ ਉਸੇਤਰਾਂ ਦੇ
ਜਿਸਤਰਾਂ ਦੇ ਬਣਾ ਕੇ ਭੇਜਿਆ ਸੀ ਕਾਦਰ ਨੇ ਸਾਨੂੰ ਇਸ ਧਰਤੀ ਉਪਰ,
ਬਿਲਕੁਲ ਹੀ ਪਵਿੱਤਰ ,ਸ਼ੁੱਧ ਤੇ ਨਿਰਮਲ ਸੋਚ ਵਾਲੇ
ਹਰੇ ਭਰੇ ਸੰਸਾਰ ਵਾਲੇ,ਖੁੱਲੇ ਤੇ ਵਿਸ਼ਾਲ ਹਿਰਦੇ ਵਾਲੇ
ਸਰਬੱਤ ਦਾ ਭਲਾ ਸੋਚਣ ਤੇ ਮੰਗਣ ਵਾਲੇ!
ਸਾਡੀ ਹੀ ਸੋਚ ,ਸਾਡੀ ਹੀ ਲਾਲਸਾ ਤੇ ਲਾਲਚ ਨੇ ਹੀ
ਕੀਤਾ ਹੈ ਇਹ ਸਭ ਕੁਝ
ਬਾਹਰੋਂ ਉੱਠਣ ਲਈ ਉੱਚਾ ਤੇ ਹੋਰ ਉੱਚਾ
ਡਿੱਗ ਪਏ ਹਾਂ ਕਿੰਨਾਂ ਥੱਲੇ ਅੰਦਰੋਂ ?
ਕਿੰਨਾਂ ਨਿੱਘਰ ਗਏ ਹਾਂ? ਕਿੰਨਾਂ ਹੋ ਗਏ ਹਾਂ ਸਉੜੇ ਆਪਾਂ?
ਕਿ ਸੋਚਿਆ ਹੈ ਕਦੇ ਵੀ ਬਹਿ ਕੇ ਇੱਕ ਪਲ?
ਪਹਿਲਾਂ ਪਹਿਲਾਂ ਲਗਦਾ ਹੈ ਸਭ ਚੰਗਾ ਤੇ ਵਧੀਆ
ਕਿ ਅਸੀਂ ਆਹ ਬਣਾ ਲਿਆ ਅਸੀਂ ਓਹ ਬਣਾ ਲਿਆ
ਪਰ ਹੁਣ ਵੇਲਾ ਹੈ ਸੋਚਣ ਦਾ
ਕਿ ਅਸੀਂ ਕੀ ਗਵਾ ਲਿਆ ਹੈ ?ਕੀ ਕੀ ਗਵਾ ਲਿਆ ਹੈ
ਤਾਂ ਸੁਣੋ ਸਭ ਵੀਰੋ ਤੇ ਭੈਣੋਂ ,ਸਾਰੇ ਪਿਆਰਿਓ!
ਅਸੀਂ ਵੱਢ ਦਿੱਤੇ ਹਨ ਜੰਗਲ ਬਹੁਤੇਰੇ
ਗਵਾ ਦਿੱਤੀ ਹੈ ਸ਼ੁਧਤਾ ਵਾਤਾਵਰਣ ਦੀ
ਪੈਦਾ ਕਰਕੇ ਧੂੰਆਂ ਚਾਰ ਚੁਫੇਰੇ ;ਕਰ ਲਿਆ ਸਾਹ ਲੈਣਾ ਔਖਾ
ਆਪਣਾ ਵੀ ਤੇ ਸਾਰਿਆਂ ਦਾ ਵੀ
ਕਰ ਲਿਆ ਹੈ ਪਾਣੀ ਜ਼ਹਿਰੀਲਾ ਆਪਣੇ ਹੀ ਵਾਸਤੇ
ਭਾਂਵੇ ਕਰ ਲਈ ਹੈ ਰਫ਼ਤਾਰ ਤੇਜ ਆਪਣੀ
ਪਰ ਚਾਲ ਹੋ ਗਈ ਹੈ ਸਾਡੀ ਹੌਲੀ
ਹਾਲੇ ਵੀ ਹੈ ਵੇਲਾ ਸੁਧਰਣ ਦਾ
ਇਹੀ ਤਾਂ ਮੰਗ ਹੈ ਸਮੇਂ ਦੀ!
ਇਹੀ ਤਾਂ ਪੁਕਾਰ ਹੈ ਸਮੇਂ ਦੀ
ਚਲੋ ਮਾਰੀਏ ਹੰਭਲਾ ! ਚਲੋ ਇਸ ਨੂੰ ਪੂਰੀਏ!!
ਸਵੀਕਾਰੀਏ ਆਪਣੀਆਂ ਭੁਲਾਂ ਆਪ ਹੀ
ਲਾਈਏ ਨਵੇਂ ਰੁੱਖ ,ਕਰ ਦਈਏ ਫਿਰ ਹਰਾ ਭਰਾ ਆਪਣਾ ਆਲਾ ਦੁਆਲਾ
ਕਰੀਏ ਕੁਝ ਧੂੰਆਂ ਘੱਟ ,ਹਵਾ ਵਿਚੋਂ ,ਖੇਤਾਂ ਵਿਚੋਂ ਤੇ ਸੜਕਾਂ ਉਪਰੋਂ ਵੀ
ਲਈਏ ਸੇਕ ਸੂਰਜ ਦੀ ਗਰਮੀ ਦਾ;ਨਾ ਕਿ ਸਾੜੀਏ ਨਾਲ ਇਸ ਦੇ ਆਪਣੇ ਆਪ ਨੂੰ
ਹੈ ਤਾਂ ਹੋਰ ਵੀ ਬਹੁਤ ਕੁਝ ਕਰਨ ਲਈ ਆਪਣੇ ਵਾਸਤੇ
ਪਰ ਜੋ ਮੁੱਖ ਮੰਗ ਹੈ ਸਮੇਂ ਦੀ
ਉਸ ਨੂੰ ਕਰੀਏ ਸ਼ੁਰੂ ਪੂਰਨਾ
ਚਲੋ! ਮਿਲ ਕੇ ਸਮੇਂ ਦੀ ਮੰਗ ਪੂਰੀਏ!
ਚਲੋ !ਮਿਲ ਕੇ ਸਮੇਂ ਦੀ ਮੰਗ ਪੂਰੀਏ!!
ਚਲੋ! ਆਪਾਂ ਆਪਣੀ ਹੀ ਮੰਗ ਪੂਰੀਏ!!!

ਅਮਰਜੀਤ ਕੌਰ,
ਸੇਵਾ ਮੁਕਤ ਸਟੇਟ ਐਵਾਰਡੀ,
ਮੁੱਖਅਧਿਆਪਕਾ

## ਪਹਿਲਾਂ ਪਤੀ ਨੇ ਸ਼ਰਾਬੀ ਬਣਾਇਆ ਤੇ ਸ਼ਰਾਬ ਛੱਡਣ ਲਈ ਪਤਨੀ ਨੇ ਸ਼ਰਤ ਰੱਖ ਦਿੱਤੀ

ਭੋਪਾਲ, 19 ਮਈ (ਪੋਸਟ ਬਿਊਰੋ)- ਮੱਧ ਪ੍ਰਦੇਸ਼ ਦੀ ਰਾਜਧਾਨੀ ਭੋਪਾਲ ਦੀ ਫੈਮਿਲੀ ਕੋਰਟ ਵਿੱਚ ਇੱਕ ਅਜਿਹਾ ਕੇਸ ਪਹੁੰਚਿਆ ਹੈ, ਜਿਸ ਨੇ ਸਮਾਜ ਦੇ ਬਦਲਦੇ ਚਿਹਰੇ ਨੂੰ ਬੇਕਨਾਬ ਕਰ ਦਿੱਤਾ ਹੈ। ਮਾਮਲਾ ਕੁਝ ਇੰਝ ਹੈ ਕਿ ਪਹਿਲਾਂ ਪਤੀ ਨੇ ਪਤਨੀ ਨੂੰ ਸ਼ਰਾਬ ਪੀਣ ਦੀ ਆਦਤ ਪਾਈ। ਪਤਨੀ ਜਦ ਸ਼ਰਾਬ ਦੀ ਆਦੀ ਹੋ ਗਈ ਅਤੇ ਇਸ ਦਾ ਗਲਤ ਅਸਰ ਉਨ੍ਹਾਂ ਦੇ ਬੱਚਿਆਂ ਉੱਤੇ ਪੈਣ ਲੱਗਾ ਤਾਂ ਪਤੀ ਸ਼ਰਾਬ ਛੱਡਣ ਦੀ ਜ਼ਿੱਦ ਕਰਨ ਲੱਗਾ। ਗੱਲ ਨਹੀਂ ਬਣੀ ਤਾਂ ਉਸ ਨੇ ਫੈਮਿਲੀ ਕੋਰਟ ਵਿੱਚ ਤਲਾਕ ਦੀ ਅਰਜ਼ੀ ਤਕ ਲਾ ਦਿੱਤੀ। ਪਤਨੀ ਦਾ ਕਹਿਣਾ ਸੀ ਕਿ ਸ਼ਰਾਬ ਦੀ ਇੰਨੀ ਆਦਤ ਬਣ ਗਈ ਹੈ ਕਿ ਛੁੱਟ ਨਹੀਂ ਰਹੀ। ਜੇ ਪਤੀ ਵੀ ਸ਼ਰਾਬ ਪੀਣਾ ਛੱਡ ਦੇਵੇ ਤਾਂ ਉਹ ਵੀ ਕੋਸ਼ਿਸ਼ ਕਰ ਸਕਦੀ ਹੈ। ਫੈਮਿਲੀ ਕੋਰਟ ਭੋਪਾਲ ਦੇ ਕੌਂਸਲਰ ਨੇ ਦੱਸਿਆ ਕਿ ਕੌਂਸਲਿੰਗ ਕਰ ਕੇ ਪਤੀ-ਪਤਨੀ ਨੂੰ ਸ਼ਰਾਬ ਛੱਡਣ ਲਈ ਤਿਆਰ ਕੀਤਾ ਗਿਆ ਅਤੇ ਸਹੁੰ ਪੱਤਰ ਭਰਵਾ ਕੇ ਉਨ੍ਹਾਂ ਨੂੰ ਵਾਪਸ ਘਰ ਭੇਜ ਦਿੱਤਾ ਹੈ। ਪਤਨੀ ਨੇ ਕਿਹਾ ਕਿ ਪਤੀ ਸਾਫਟਵੇਅਰ ਇੰਜੀਨੀਅਰ ਹੈ। 2014 ਵਿੱਚ ਉਨ੍ਹਾਂ ਦਾ ਵਿਆਹ ਹੋਇਆ ਸੀ ਤੇ ਪਤੀ ਰੋਜ਼ ਸ਼ਰਾਬ ਪੀ ਕੇ ਘਰ ਆਉਂਦਾ ਸੀ। ਓਦੋਂ ਮੈਂ ਘਰ ਵਿੱਚ ਸ਼ਰਾਬ ਲਿਆ ਕੇ ਪੀਣ ਦੀ ਗੱਲ ਕਹੀ, ਪਰ ਸਾਥ ਦੇਣ ਦਾ ਕਹਿ ਕੇ ਪਤੀ ਨੇ ਮੈਨੂੰ ਵੀ ਪਿਲਾਉਣੀ ਸ਼ੁਰੂ ਕਰ ਦਿੱਤੀ। ਇਸ ਪਿੱਛੋਂ ਆਦਤ ਲੱਗ ਗਈ ਹੈ ਤਾਂ ਕਹਿੰਦੇ ਹਨ ਕਿ ਸ਼ਰਾਬ ਛੱਡ। ਮੈਂ ਸ਼ਰਾਬ ਪੀਣੀ ਛੱਡ ਦਿਆਂਗੀ, ਪ੍ਰੰਤੂ ਪਤੀ ਨੂੰ ਵੀ ਛੱਡਣੀ ਪਵੇਗੀ।

# ਭਾਰਤ ਵਿੱਚ ਪੈਟਰੋਲ ਬ੍ਰਿਟੇਨ ਤੇ ਜਰਮਨੀ ਤੋਂ ਸਸਤਾ




ਨਵੀਂ ਦਿੱਲੀ, 19 ਮਈ (ਪੋਸਟ ਬਿਊਰੋ)- ਭਾਰਤ ਵਿੱਚ ਪੈਟਰੋਲ ਹਾਂਗਕਾਂਗ, ਜਰਮਨੀ ਅਤੇ ਬ੍ਰਿਟੇਨ ਵਰਗੇ ਦੇਸ਼ਾਂ ਦੀ ਤੁਲਨਾ ਵਿੱਚ ਸਸਤਾ ਹੈ, ਪਰ ਚੀਨ, ਬ੍ਰਾਜ਼ੀਲ, ਜਾਪਾਨ, ਅਮਰੀਕਾ, ਰੂਸ, ਪਾਕਿਸਤਾਨ ਅਤੇ ਸ਼੍ਰੀਲੰਕਾ ਦੀ ਤੁਲਨਾ ਵਿੱਚ ਮਹਿੰਗਾ ਹੈ। ਬੈਂਕ ਆਫ ਬੜੌਦਾ (ਬੀ ਓ ਬੀ) ਦੀ ਇੱਕ ਖੋਜ ਰਿਪੋਰਟ ਵਿੱਚ ਇਹ ਦਾਅਵਾ ਕੀਤਾ ਗਿਆ ਹੈ।

ਵਰਨਣ ਯੋਗ ਹੈ ਕਿ ਭਾਰਤ ਵਿੱ-ਚਤੇਲ ਦੀਆਂ ਵਧਦੀਆਂ ਕੀਮਤਾਂ ਦੌਰਾਨ ਇਸਦੀ ਬਹਿਸ ਚੱਲ ਰਹੀ ਹੈ। ਈਂਧਨ ਦੀਆਂ ਕੀਮਤਾਂ ਵਿੱਚ ਵਾਧਾ ਮੁੱਖ ਤੌਰ ਉੱਤੇ ਕੱਚੇ ਤੇਲ ਦੀਆਂ ਕੌਮਾਂਤਰੀ ਕੀਮਤਾਂ ਵਧਣ ਕਾਰਨ ਹੈ। ਇਸ ਤੋਂ ਇਲਾਵਾ ਡਾਲਰ ਦੇ ਮਜ਼ਬੂਤ ਹੋਣ ਨਾਲ ਵੀ ਕੱਚੇ ਤੇਲ ਦੀ ਇੰਪੋਰਟ ਮਹਿੰਗੀ ਹੋ ਗਈ ਹੈ। ਬੀ ਓ ਬੀ ਦੀ ਆਰਥਿਕ ਖੋਜ ਰਿਪੋਰਟ ਵਿੱਚ ਵੱਖ-ਵੱਖ ਦੇਸ਼ਾਂ ਵਿੱਚ 9 ਮਈ ਨੂੰ ਪੈਟਰੋਲ ਦੀਆਂ ਕੀਮਤਾਂ ਦਾ ਮੁਕਾਬਲਾ ਕੀਤਾ ਗਿਆ ਹੈ। ਇਸ ਲਈ ਉਸ ਦੇਸ਼ ਦੀ ਪ੍ਰਤੀ ਵਿਅਕਤੀ ਆਮਦਨ ਦੀ ਤੁਲਨਾ ਵਿੱਚ ਪੈਟਰੋਲ ਦੀਆਂ ਕੀਮਤਾਂ ਨੂੰ ਆਧਾਰ ਬਣਾਇਆ ਗਿਆ। ਦੁਨੀਆ ਦੇ 106 ਦੇਸ਼ਾਂ ਦੇ ਅੰਕੜਿਆਂ ਤੋਂ ਪਤਾ ਲੱਗਾ ਕਿ ਭਾਰਤ ਵਿੱਚ ਪੈਟਰੋਲ ਦੀ ਕੀਮਤ 1.35 ਡਾਲਰ ਪ੍ਰਤੀ ਲਿਟਰ ਹੈ ਤੇ ਇਹ ਇਸ ਸੂਚੀ ਵਿੱਚ 42ਵੇਂ ਥਾਂ ਹੈ। ਇਸ ਤਰ੍ਹਾਂ 50 ਤੋਂ ਵੱਧ ਦੇਸ਼ਾਂ ਵਿੱਚ ਪੈਟਰੋਲ ਦੀਆਂ ਕੀਮਤਾਂ ਭਾਰਤ ਤੋਂ ਵੀ ਵੱਧ ਹਨ।

ਰਿਪੋਰਟ ਕਹਿੰਦੀ ਹੈ ਕਿ ਇਸ ਅੰਕੜੇ ਨੂੰ ਦੇਖ ਕੇ ਕੁਝ ਰਾਹਤ ਮਿਲਦੀ ਹੈ ਕਿ ਸਿਰਫ਼ ਭਾਰਤ ਵਿੱਚ ਹੀ ਪੈਟਰੋਲ ਇੰਨਾ ਮਹਿੰਗਾ ਨਹੀਂ, ਇਨ੍ਹਾਂ ਦੇਸ਼ਾਂ ਵਿੱਚ ਪੈਟਰੋਲ ਦੀ ਔਸਤ ਕੀਮਤ 1.22 ਡਾਲਰ ਪ੍ਰਤੀ ਲਿਟਰ ਹੈ। ਰਿਪੋਰਟ ਮੁਤਾਬਕ ਭਾਰਤ ਵਿੱਚਤੇਲ ਦੀਆਂ ਕੀਮਤਾਂ ਆਸਟ੍ਰੇਲੀਆ, ਤੁਰਕੀ ਤੇ ਦੱਖਣੀ ਕੋਰੀਆ ਦੇ ਬਰਾਬਰ ਹਨ। ਇਹ ਕੀਮਤ ਹਾਂਗਕਾਂਗ, ਫਿਨਲੈਂਡ, ਜਰਮਨੀ, ਇਟਲੀ, ਨੀਦਰਲੈਂਡ, ਯੂਨਾਨ, ਫਰਾਂਸ, ਪੁਰਤਗਾਲ ਅਤੇ ਨਾਰਵੇ ਤੋਂ ਘੱਟ ਹੈ, ਜਿੱਥੇ ਪ੍ਰਤੀ ਲਿਟਰ ਦੋ ਡਾਲਰ ਤੋਂ ਉਪਰ ਹੈ। ਪ੍ਰਤੀ ਵਿਅਕਤੀ ਦੇ ਸੰਦਰਭ ਵਿੱਚ ਭਾਰਤ ਵਿੱਚ ਪੈਟਰੋਲ ਦੀ ਕੀਮਤ ਵੀਅਤਨਾਮ, ਕੀਨੀਆ, ਯੂਕਰੇਨ, ਬੰਗਲਾਦੇਸ਼, ਨੇਪਾਲ, ਪਾਕਿਸਤਾਨ, ਸ਼੍ਰੀਲੰਕਾ ਅਤੇ ਵੈਨੇਜ਼ੁਏਲਾ ਤੋਂ ਵੱਧ ਹਨ।

# 82 ਸਾਲ ਦੀ ਉਮਰ ਵਿੱਚ ਪੂਰਾ ਕੈਨੇਡਾ ਦੇਖਣ ਦੀ ਇੱਛਾ ਕੀਤੀ ਪੂਰੀ



ਬਰੈਂਪਟਨ, 19 ਮਈ (ਪੋਸਟ ਬਿਊਰੋ)- ਬਰੈਂਪਟਨ ਨਿਵਾਸੀ ਲਖਵੀਰ ਸਿੰਘ ਮੁੰਡੀਆਂ, ਜਿਨ੍ਹਾਂ ਦਾ ਪਿੰਡ ਹੁਸ਼ਿਆਰਪੁਰ ਮੁੰਡੀਆਂ ਜੱਟਾਂ ਹੈ, ਜੋ 1991 ਵਿੱਚ ਕੈਨੇਡਾ ਆ ਕੇ ਵਸੇ ਸਨ, ਉਦੋਂ ਤੋਂ ਉਨ੍ਹਾਂ ਦੇ ਦਿਲ ਵਿਚ ਇੱਛਾ ਸੀ ਕਿ ਪੂਰੀ ਕੈਨੇਡਾ ਦਾ ਕੋਸਟ ਟੂ ਕੋਸਟ ਇਕ ਟੂਰ ਕੀਤਾ ਜਾਵੇ। ਪਰ ਉਨ੍ਹਾਂ ਦੀ ਇਹ ਇੱਛਾ ਸਾਲ 2021 ਵਿੱਚ ਆ ਕੇ ਪੂਰੀ ਹੋਈ। ਇਸ ਸਮੇਂ ਉਨ੍ਹਾਂ ਦੀ ਉਮਰ 82 ਦੀ ਸੀ ਅਤੇ ਅਚਾਨਕ ਉਨ੍ਹਾਂ ਦੇ ਮਨ ਵਿੱਚ ਆਇਆ ਕਿ ਕਿਉਂ ਨਾ ਪ੍ਰੋਗਰਾਮ ਬਣਾਇਆ ਜਾਵੇ ਅਤੇ ਪੂਰੇ ਕੈਨੇਡਾ ਦਾ ਸਫ਼ਰ ਕੀਤਾ ਜਾਵੇ। ਉਨ੍ਹਾਂ ਇਕ ਦਿਨ ਪਹਿਲਾਂ ਆਪਣੀ ਪਤਨੀ ਅਤੇ ਬੱਚਿਆਂ ਨੂੰ ਦੱਸਿਆ ਕਿ ਕੱਲ੍ਹ ਨੂੰ ਅਸੀਂ ਆਪਣੀ ਕਾਰ ਰਾਹੀਂ ਕੈਨੇਡਾ ਦੇ ਟੂਰ ਉਤੇ ਨਿਕਲ ਰਹੇ ਹਾਂ। ਇਸ ਸਫ਼ਰ ਲਈ ਪਹਿਲਾਂ ਉਨ੍ਹਾਂ ਸੋਚਿਆ ਕਿ ਕੋਈ ਨਵੀਂ ਕਾਰ ਰੈਂਟ ਕਰ ਲਈ ਜਾਵੇ, ਪਰ ਬਾਅਦ ਵਿਚ ਉਨ੍ਹਾਂ ਆਪਣੀ ਹੀ ਕਾਰ, ਜੋ ਕਿ ਕੁਝ ਸਾਲ ਪਾਣੀ ਸੀ ਨਿਸਾਨ ਰੋਗ, ਉਸ ਨੂੰ ਚੈੱਕਅੱਪ ਕਰਵਾਇਆ ਤੇ ਅਗਲੇ ਦਿਨ ਆਪਣੀ ਪਤਨੀ ਪਰਮਜੀਤ ਕੌਰ ਮੁੰਡਿਆਂ ਦੇ ਨਾਲ ਇਸ ਟੂਰ ਦੇ ਉੱਤੇ ਨਿਕਲ ਤੁਰੇ।

ਉਨ੍ਹਾਂ ਨੇ ਰਾਹ ਵਿੱਚ ਪਹਿਲਾ ਪੜਾਅ ਸੂ ਸੇਂਟ ਮਰੀ ਲਾਇਆ, ਜਿੱਥੇ ਉਨ੍ਹਾਂ ਦਾ ਇੱਕ ਦਿਨ ਦਾ ਪੂਰਾ ਸਫ਼ਰ ਸੀ ਤੇ ਉਸ ਤੋਂ ਬਾਅਦ ਫੇਰ ਚਾਰ ਰਾਤਾਂ ਵੱਖ-ਵੱਖ ਸ਼ਹਿਰਾਂ ਵਿੱਚ ਠਹਿਰਦੇ ਹੋਏ ਵੈਨਕੂਵਰ ਪਹੁੰਚੇ। ਉਨ੍ਹਾਂ ਦੱਸਿਆ ਕਿ ਸਾਰਾ ਸਫ਼ਰ ਬਹੁਤ ਹੀ ਸੁਹਾਵਣਾ ਰਿਹਾ ਅਤੇ ਜਿੱਥੇ ਉਨ੍ਹਾਂ ਕੈਨੇਡਾ ਦੀਆਂ ਖੁੱਲ੍ਹੀਆਂ ਵਾਦੀਆਂ ਦਾ ਆਨੰਦ ਮਾਣਿਆ ਉਸ ਦੇ ਨਾਲ ਨਾਲ ਕੈਨੇਡਾ ਦੇ ਖੁੱਲ੍ਹੇ ਮੈਦਾਨ ਮੈਨੀਟੋਬਾ, ਸਸਕੈਚਵਨ ਅਤੇ ਅਲਬਰਟਾ ਦਾ ਵੀ ਆਨੰਦ ਮਾਣਿਆ।

ਪੰਜਾਬ ਵਿੱਚ ਇਨ੍ਹਾਂ ਨੇ ਸਿਵਲ ਇੰਜਨੀਅਰਿੰਗ ਕੀਤੀ ਹੋਈ ਸੀ ਤੇ ਉਥੋਂ ਬਤੌਰ ਇੰਜਨੀਅਰ ਆਪਣੀ ਜੌਬ ਛੱਡ ਕੇ ਇੱਥੇ ਕੈਨੇਡਾ ਵਿਚ ਆਏ ਸਨ ਤੇ ਇੱਥੇ ਇਕ ਡਾਟਾ ਡਾਇਰੈਕਟ ਨਾਮ ਦੀ ਕੰਪਨੀ ਨਾਲ ਕੰਮ ਕਰਦੇ ਰਹੇ। ਪਰ ਉਨ੍ਹਾਂ ਦੀ ਇੱਛਾ ਆਪ ਡਰਾਈਵ ਕਰਕੇ ਕੈਨੇਡਾ ਦੇ ਇੱਕ ਹਿੱਸੇ ਤੋਂ ਦੂਜੇ ਹਿੱਸੇ ਤਕ ਜਾਣ ਦੀ ਸੀ। ਇਹ ਇੱਛਾ ਉਨ੍ਹਾਂ ਨੇ ਆਪਣੇ ਜੀਵਨ ਸਾਥੀ ਨਾਲ 82 ਸਾਲ ਦੀ ਉਮਰ ਦੇ ਵਿਚ ਦਸ ਹਜ਼ਾਰ ਕਿਲੋਮੀਟਰ ਆਉਣ ਜਾਣ ਦਾ ਸਫ਼ਰ ਤੈਅ ਕਰਕੇ ਪੂਰੀ ਕੀਤੀ ਅਤੇ ਉਹ ਆਪਣੇ ਇਸ ਸਫ਼ਰ ਤੋਂ ਖੁਸ਼ ਹਨ। ਉਨ੍ਹਾਂ ਵਲੋਂ ਕੀਤੇ ਗਏ ਇਸ ਸਫ਼ਰ ਦੇ ਬਾਰੇ ਵਿਚ ਇੰਟਰਨੈਸ਼ਨਲ ਸੀਨੀਅਰ ਕਲੱਬ ਬਰੈਂਪਟਨ ਦੇ ਮੈਂਬਰਾਂ ਨੇ ਵੀ ਖੁਸ਼ੀ ਮਨਾਈ ਅਤੇ ਉਨ੍ਹਾਂ ਨੂੰ ਵੀ ਹੌਂਸਲਾ ਹੋਇਆ ਕਿ ਇਸ ਉਮਰ ਦੇ ਵਿੱਚ ਵੀ ਜੇਕਰ ਅਸੀਂ ਆਪਣੀ ਕੋਈ ਇੱਛਾ ਪੂਰੀ ਕਰਨਾ ਚਾਹੁੰਦੇ ਹਾਂ, ਤਾਂ ਕਰ ਸਕਦੇ ਹਾਂ।

# ਗੁਰਚਰਨ ਸਿੰਘ ਭੰਗੂ ਦੀ ਸਵੈਜੀਵਨੀ ਜੁੱਤੀ ਕਸੂਰੀ ਲੋਕ ਅਰਪਨ




ਲੁਧਿਆਣਾ, 19 ਮਈ (ਗਿਆਨ ਸਿੰਘ): ਲੁਧਿਆਣਾ ਦੇ ਮੁਹੱਲਾ ਚੇਤ ਸਿੰਘ ਨਗਰ ਵੱਸਦੇ ਕਰਮਯੋਗੀ ਲੇਖਕ ਗੁਰਚਰਨ ਸਿੰਘ ਭੰਗੂ ਦੀ ਸ੍ਵੈ ਜੀਵਨੀ ਜੁੱਤੀ ਕਸੂਰੀ ਡਾਃ ਸੁਰਜੀਤ ਪਾਤਰ, ਗੁਰਭਜਨ ਗਿੱਲ, ਸੁਖਜੀਤ, ਨਰਿੰਦਰ ਸ਼ਰਮਾ ਐਡਵੋਕੇਟ ਪ੍ਰਧਾਨ ਪੰਜਾਬੀ ਸਾਹਿੱਤ ਸਭਾ,ਡਾਃ ਲਖਵਿੰਦਰ ਜੌਹਲ ਤੇ ਡਾਃ ਮਨਮੋਹਨ ਸਮੇਤ ਹੋਰ ਲੇਖਕਾਂ ਵੱਲੋਂ ਪੰਜਾਬੀ ਸਾਹਿੱਤ ਸਭਾ ਵੱਲੋਂ ਕਰਵਾਏ ਸਮਾਗਮ ਵਿੱਚ ਲੋਕ ਅਰਪਨ ਕੀਤੀ ਗਈ। ਇਸ ਪੁਸਤਕ ਬਾਰੇ ਗੱਲ ਕਰਦਿਆਂ ਡਾਃ ਸੁਰਜੀਤ ਪਾਤਰ ਨੇ ਕਿਹਾ ਕਿ ਜਦ ਕੋਈ ਆਪਣੀ ਆਤਮ ਕਥਾ ਲਿਖਦਾ ਹੈ ਤਾਂ ਉਹ ਸਹਿਜ ਸੁਭਾਅ ਆਪਣੇ ਸਮਿਆਂ ਨੂੰ ਵੀ ਚਿਤਰ ਜਾਂਦਾ ਹੈ। ਜਿਵੇਂ ਕੋਈ ਦੀਵਾ ਜਗਦਾ ਹੈ ਤਾਂ ਉਹ ਸਿਰਫ਼ ਆਪ ਹੀ ਨਹੀਂ ਦਿਸਦਾ ਸਗੋਂ ਆਪਣੇ ਚੌਗਿਰਦੇ ਦੇ ਵੀ ਦਰਸ਼ਨ ਕਰਵਾ ਜਾਦਾ ਹੈ। ਜੁੱਤੀ ਕਸੂਰੀ ਰਾਹੀਂ ਭੰਗੂ ਸਾਹਿਬ ਨੇ ਸਾਨੂੰ ਬਹੁਤ ਬਾਰੀਕਬੀਨੀ ਨਾਲ ਆਪਣੇ ਸਮਾਂ ਕਾਲ ਦੇ ਵੀ ਦਰਸ਼ਨ ਕਰਵਾ ਦਿੱਤੇ ਹਨ।

ਪੰਜਾਬੀ ਲੋਕ ਵਿਰਾਸਤ ਅਕਾਡਮੀ ਦੇ ਚੇਅਰਮੈਨ ਪ੍ਰੋਃ ਗੁਰਭਜਨ ਸਿੰਘ ਗਿੱਲ ਨੇ ਸਃ ਗੁਰਚਰਨ ਸਿੰਘ ਭੰਗੂ ਨੂੰ ਇਹ ਕਿਤਾਬ ਲਿਖਣ ਲਈ ਮੁਬਾਰਕ ਦਿੰਦਿਆਂ ਕਿਹਾ ਕਿ ਇਹ ਪਾਰਦਰਸ਼ੀ ਰੂਹ ਦੀ ਰਚਨਾ ਹੈ। ਆਮ ਧਾਰਨ ਆਦਮੀ ਦੇ ਸੱਚ ਨੂੰ ਕਿਹੜੀਆਂ ਆਫ਼ਤਾਂ ਨਾਲ ਖਹਿ ਕੇ ਲੰਘਣਾ ਪੈਂਦਾ ਹੈ, ਇਹ ਉਸ ਕਸ਼ਮਕਸ਼ ਦਾ ਦਸਤਾਵੇਜ਼ ਹੈ।

ਉੱਘੇ ਲੇਖਕ ਸੁਖਜੀਤ ਨੇ ਕਿਤਾਬ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਸਾਦੀ, ਸਹਿਜ ਅਤੇ ਦਿਲਚਸਪ ਵਿਧੀ ਰਾਹੀਂ ਭੰਗੂ ਸਾਹਿਬ ਨੇ ਇਸ ਲਿਖਤ ਵਿੱਚ ਸਾਹ ਸਤ ਹੀਣ ਹੋਏ ਬੰਦੇ ਨੂੰ ਆਤਮ ਵਿਸ਼ਵਾਸ ਸਹਾਰੇ ਸਿੱਧਾ ਸਤੋਰ ਖੜ੍ਹੇ ਰਹਿਣ ਦੀ ਪ੍ਰੇਰਨਾ ਦਿੱਤੀ ਹੈ।

ਜੁੱਤੀ ਕਸੂਰੀ ਦੇ ਸਿਰਜਕ ਸਃ ਗੁਰ-ਚਰਨ ਸਿੰਘ ਭੰਗੂ ਦਾ ਜ਼ਿਕਰ ਕਰਦਿਆਂ ਕਹਾਣੀਕਾਰ ਬਲਵਿੰਦਰ ਗਰੇਵਾਲ ਨੇ ਕਿਹਾ ਕਿ ਮੇਰੇ ਵੱਡੇ ਭਾਗ ਹਨ ਕਿ ਸਃ ਭੰਗੂ ਮੇਰੇ ਵੱਡੇ ਜੀਜਾ ਜੀ ਹਨ, ਜਿੰਨ੍ਹਾਂ ਨੂੰ ਮੈਂ ਲਾਸਾਨੀ ਜੀਉੜਿਆਂ ਵਾਂਗ ਵਿਚਰਦਿਆਂ ਵੇਖਿਆ ਹੈ। ਉਨ੍ਹਾਂ ਵੱਲੋਂ ਅਚਨਚੇਤ ਆਪਣੀ ਜੀਵਨੀ ਲਿਖਣਾ ਮੇਰੇ ਲਈ ਕਰਾਮਾਤ ਵਰਗੀ ਗੱਲ ਹੈ। ਪੰਜਾਬੀ ਸਾਹਿੱਤ ਸਭਾ ਸਮਰਾਲਾ ਵੱਲੋਂ ਸਃ ਗੁਰਚਰਨ ਸਿੰਘ ਭੰਗੂ ਨੂੰ ਦੋਸ਼ਾਲਾ ਤੇ ਗੁਲਦਸਤਾ ਭੇਂਟ ਕਰਕੇ ਪ੍ਰਧਾਨਗੀ ਮੰਡਲ ਤੋਂ ਸਨਮਾਨਿਤ ਕਰਵਾਇਆ ਗਿਆ। ਇਸ ਮੌਕੇ ਅਮਰਜੀਤ ਗਰੇਵਾਲ, ਡਾ. ਯੋਗ ਰਾਜ, ਜਗਦੀਪ ਸਿੱਧੂ,ਸਵਰਨਜੀਤ ਸਵੀ, ਦੀਪ ਦਿਲਬਰ ਮਾਲਕ ਦਿਲਦੀਪ ਪ੍ਰਕਾਸ਼ਨ,ਡਾਃ ਗੁਰਇਕਬਾਲ ਸਿੰਘ ਜਨ ਸਕੱਤਰ ਪੰਜਾਬੀ ਸਾਹਿੱਤ ਅਕਾਡਮੀ ਲੁਧਿਆਣਾ, ਰਵੀਦੀਪ ਰਵੀ, ਤ੍ਰੈਲੋਚਨ ਲੋਚੀ, ਮਨਜਿੰਦਰ ਧਨੋਆ,ਜਗਦੀਸ਼ਪਾਲ ਸਿੰਘ ਗਰੇਵਾਲ ਸਰਪੰਚ ਦਾਦ,ਦੇਸ ਰਾਜ ਕਾਲੀ,ਡਾਃ ਤੇਜਿੰਦਰ ਸਿੰਘ, ਪਰਮਿੰਦਰ ਸਿੰਘ ਗਿੱਲ ਐਡਵੋਕੇਟ, ਡਾਃ ਸੁਖਪਾਲ ਕੌਰ, ਅਮਰਜੀਤ ਕੌਰ ਮੋਰਿੰਡਾ, ਪਰਮਜੀਤ ਸਿੰਘ ਐਡਵੋਕੇਟ ਖੰਨਾ, ਤਰਣ ਸਿੰਘ ਬੱਲ ਨਾਮਧਾਰੀ, ਹਰਬੰਸ ਮਾਲਵਾ, ਮੀਤ ਅਨਮੋਲ, ਪ੍ਰਭਜੋਤ ਸਿੰਘ ਸੋਹੀ, ਤੇਲੂ ਰਾਮ ਕੋਹਾੜਾ, ਕਮਲਜੀਤ ਨੀਲੋਂ, ਸੰਦੀਪ ਸਮਰ-ਾਲਾ,ਮਨਦੀਪ ਡਡਿਆਣਾ, ਅਮਨਦੀਪ ਸਮਰਾਲਾ, ਗੁਰਪ੍ਰੀਤ ਸਿੰਘ ਬੇਦੀ ਜੀਵੇ ਧਰਤਿ ਹਰਿਆਵਲੀ ਲਹਿਰ, ਸੁਰਜੀਤ ਵਿਸ਼ਦ,
ਬਲਦੇਵ ਸਿੰਘ ਬਰਵਾਲੀ, ਸੁਰਿੰਦਰਪੀਤ ਸਿੰਘ ਕਾਓਂਕੇ
ਰਾਜ ਸਿੰਘ ਬਧੌਛੀ,ਹਰਮਨਦੀਪ ਕੌਰ, ਗੁਰਪ੍ਰੀਤ ਖੰਨਾ, ਮੇਘ ਸਿੰਘ , ਸਿਮਰਜੀਤ ਸਿੰਘ ਕੰਗ ਸਕੱਤਰ ਸ਼੍ਰੋਮਣੀ ਕਮੇਟੀ, ਰਾਜਵਿੰਦਰ ਨਾਟਕਕਾਰ ਆਪਣੀ ਸਮੁੱਚੀ ਟੀਮ ਸਮੇਤ ਹਾਜ਼ਰ ਸਨ।

ਖਿੜਕੀਆਂ ਅਤੇ ਦਰਵਾਜੇ ਲਗਵਾਓ
Free Estimates



ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼,
ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼,
ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ,
ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN
GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

# ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਨੇ ਮਈ-ਸਮਾਗਮ 'ਬਿਰਹਾ ਦੇ ਸੁਲਤਾਨ' ਸ਼ਿਵ ਕੁਮਾਰ ਬਟਾਲਵੀ ਨੂੰ ਕੀਤਾ ਸਮੱਰਪਿਤ

## "ਮੀਡੀਆ ਜੇਕਰ ਸੱਤਾ ਨੂੰ ਸੁਆਲ ਨਹੀਂ ਕਰਦਾ ਤਾਂ ਪੱਤਰਕਾਰ ਨੂੰ 'ਪੱਤਰਕਾਰ' ਅਖਵਾਉਣ ਦਾ ਕੋਈ ਹੱਕ ਨਹੀਂ": ਡਾ. ਅਨੂਪ ਸਿੰਘ

## ਬਟਾਲੇ ਤੋਂ ਡਾ. ਅਨੂਪ ਸਿੰਘ ਨੇ ਸ਼ਿਵ ਕੁਮਾਰ ਬਟਾਲਵੀ ਤੇ ਆਪਣੇ ਬਾਰੇ ਵਿਚਾਰ ਸਾਂਝੇ ਕੀਤੇ ਤੇ ਕਵੀ ਦਰਬਾਰ ਵੀ ਹੋਇਆ





ਬਰੈਂਪਟਨ, (ਡਾ. ਝੰਡ) - ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਵੱਲੋਂ ਮਈ ਮਹੀਨੇ ਦਾ ਸਮਾਗ਼ਮ 'ਬਿਰਹਾ ਦੇ ਸੁਲਤਾਨ' ਸ਼ਿਵ ਕੁਮਾਰ ਬਟਾਲਵੀ ਦੀ ਨਿੱਘੀ ਯਾਦ ਨੂੰ ਸਮੱਰਪਿਤ ਕੀਤਾ ਗਿਆ। ਇਸ ਮੌਕੇ ਬੀਤੇ ਦਿਨੀਂ ਪੰਜਾਬ ਦੇ ਸ਼ਹਿਰ ਬਟਾਲਾ ਤੋਂ ਆਏ ਉੱਘੇ ਵਿਦਵਾਨ ਡਾ. ਅਨੂਪ ਸਿੰਘ ਨੇ ਸ਼ਿਵ ਕੁਮਾਰ ਬਟਾਲਵੀ ਅਤੇ ਆਪਣੇ ਬਾਰੇ ਵਿਚਾਰ ਸਰੋਤਿਆਂ ਨਾਲ ਸਾਂਝੇ ਕੀਤੇ। ਸਭਾ ਦੇ ਚੇਅਰਪਰਸਨ ਕਰਨ ਅਜਾਇਬ ਸਿੰਘ ਸੰਘਾ ਵੱਲੋਂ ਮੁੱਖ-ਮਹਿਮਾਨ ਡਾ. ਅਨੂਪ ਸਿੰਘ, ਆਏ ਮਹਿਮਾਨਾਂ ਅਤੇ ਮੈਂਬਰਾਂ ਨੂੰ ਜੀ-ਆਇਆਂ ਕਿਹਾ ਗਿਆ। ਕੋਆਰਡੀਨੇਟਰ ਮਲੂਕ ਸਿੰਘ ਕਾਹਲੋਂ ਨੇ ਮੁੱਖ-ਮਹਿਮਾਨ ਬਾਰੇ ਮੁੱਢਲੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਵਿਦਵਾਨ ਡਾ. ਅਨੂਪ ਸਿੰਘ ਸਾਢੇ ਤਿੰਨ ਦਰਜਨ ਪੁਸਤਕਾਂ ਦੇ ਲੇਖਕ/ਸੰਪਾਦਕ ਹਨ। ਸਰਕਾਰੀ ਅਧਿਆਪਕ ਵਜੋਂ ਆਪਣੇ ਕਾਰਜਕ-ਾਲ ਦੌਰਾਨ ਉਹ ਪੰਜਾਬ ਗੌਰਮਿੰਟ ਟੀਚਰਜ਼ ਯੂਨੀਅਨ ਦੇ ਸਰਗ਼ਰਮ ਆਗੂ ਅਤੇ ਕੇਂਦਰੀ ਪੰਜਾਬੀ ਲੇਖਕ ਸਭਾ ਤੇ ਸਾਹਿਤ ਅਕੈਡਮੀ ਲੁਧਿਆਣਾ ਦੇ ਉਚੇਰੇ ਜ਼ਿੰਮੇਂਵਾਰ ਅਹੁਦਿਆਂ 'ਤੇ ਕੰਮ ਕਰਦੇ ਰਹੇ ਹਨ। ਉਪਰੰਤ, ਆਪਣੇ ਬਾਰੇ ਦੱਸਦਿਆਂ ਡਾ. ਅਨੂਪ ਸਿੰਘ ਨੇ ਕਿਹਾ ਕਿ ਉਹ ਗੁਰਦਾਸਪੁਰ ਜ਼ਿਲੇ ਦੇ ਛੋਟੇ ਜਿਹੇ ਪਿੰਡ ਖ਼ਾਨੋਵਾਲ ਵਿਚ ਪੈਦਾ ਹੋਏ ਅਤੇ ਉਨ੍ਹਾਂ ਨੇ ਮੁੱਢਲੀ ਵਿੱਦਿਆ ਸਰਕਾਰੀ ਹਾਈ ਸਕੂਲ ਭਾਗੋਵਾਲ ਤੋਂ ਪ੍ਰਾਪਤ ਕੀਤੀ। ਬਟਾਲੇ ਕਾਲਜ ਤੋਂ ਬੀ.ਐੱਸ.ਸੀ. (ਨਾਲ-ਮੈਡੀਕਲ) ਕਰਕੇ ਬੀ.ਐੱਡ. ਕਰਨ ਤੋਂ ਬਾਅਦ ਇਕ ਸਕੂਲ ਵਿਚ ਸਾਇੰਸ ਮਾਸਟਰ ਲੱਗ ਗਏ। ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਤੋਂ ਪ੍ਰਾਈਵੇਟ ਵਿਦਿਆਰਥੀ ਵਜੋਂ ਐੱਮ.ਏ.(ਪੋਲਿਟੀਕਲ ਸਾਇੰਸ ਅਤੇ ਪੰਜਾਬੀ) ਕੀਤੀ। ਐੱਮ.ਏ.(ਪੰਜਾਬੀ) ਵਿੱਚ ਉਹ ਯੂਨੀਵਰਸਿਟੀ ਵਿੱਚੋਂ ਦੂਸਰੇ ਨੰਬਰ 'ਤੇ ਰਹੇ ਅਤੇ ਫਿਰ ਇੱਥੋਂ ਹੀ ਪੰਜਾਬੀ ਨਾਵਲ ਦੇ ਇਕ ਅਹਿਮ ਵਿਸ਼ੇ 'ਤੇ ਪੀਐੱਚ.ਡੀ. ਦੀ ਉਚੇਰੀ ਡਿਗਰੀ ਹਾਸਲ ਕੀਤੀ। ਆਪਣੇ ਅਧਿਆਪਨ ਕਾਰਜ ਦੌਰਾਨ ਸਕੂਲ ਅਧਿਆਪਕਾਂ ਦੀਆਂ ਮੰਗਾਂ ਸਮੇਂ-ਸਮੇਂ ਸਰਕਾਰ ਕੋਲੋਂ ਮੰਨਵਾਉਣ ਲਈ ਬਹੁਤ ਸਾਰੇ ਸੰਘਰਸ਼ਾਂ ਵਿਚ ਹਿੱਸਾ ਲਿਆ ਅਤੇ ਇਸ ਦੇ ਲਈ ਕਈ ਵਾਰ ਜੇਲ੍ਹ-ਯਾਤਰਾ ਵੀ ਕੀਤੀ। ਇਸ ਦੇ ਨਾਲ ਹੀ ਉਹ ਲਿਖਣ-ਪੜ੍ਹਨ ਦੇ ਆਪਣੇ ਕੰਮ ਵਿਚ ਨਿਰੰਤਰ ਕਾਰਜਸ਼ੀਲ ਰਹੇ। ਤੜਕੇ ਤਿੰਨ ਵਜੇ ਉੱਠ ਕੇ ਉਹ ਆਪਣੇ ਇਸ 'ਨਿੱਤਨੇਮ' ਵਿਚ ਰੁੱਝ ਜਾਂਦੇ। ਉਹ ਸਿੱਖ ਫ਼ਿਲਾਸਫ਼ੀ ਅਤੇ ਮਾਰਕਸੀ ਵਿਚਾਰਧਾਰਾ ਦੋਹਾਂ ਦੇ ਹੀ ਗਿਆਤਾ ਤੇ ਵਿਆਖਿਆਕਾਰ ਹਨ। ਇਸ ਲਈ ਉਨ੍ਹਾਂ ਦੇ ਕਈ ਸਾਥੀ ਉਨ੍ਹਾਂ ਨੂੰ 'ਸਿੱਖ' ਅਤੇ ਕਈ 'ਕਮਿਊਨਿਸਟ' ਕਹਿੰਦੇ ਹਨ। ਉਨ੍ਹਾਂ ਜ਼ੋਰਦਾਰ ਸ਼ਬਦਾਂ ਵਿਚ ਕਿਹਾ ਕਿ ਲੇਖਕ ਤੇ ਪੱਤਰਕਾਰ ਜੇਕਰ ਸੱਤਾ-ਸਥਾਪਤੀ ਦੀਆਂ ਵਧੀਕੀਆਂ ਦੇ ਵਿਰੁੱਧ ਆਪਣੀ ਆਵਾਜ਼ ਨਹੀਂ ਉਠਾਉਂਦੇ ਤਾਂ ਉਹ ਲੇਖਕ ਜਾਂ ਪੱਤਰਕਾਰ ਅਖਵਾਉਣ ਦੇ ਹੱਕਦਾਰ ਨਹੀਂ ਹਨ। ਆਪਣੀ ਇਸ ਦਲੀਲ ਦੀ ਪ੍ਰੋੜ੍ਹਤਾ ਲਈ ਉਨ੍ਹਾਂ ਉੱਘੇ ਟੀ.ਵੀ. ਪੱਤਰਕਾਰ ਰਵੀਸ਼ ਕੁਮਾਰ ਦੀ ਉਦਾਹਰਣ ਦਿੱਤੀ।

ਉਨ੍ਹਾਂ ਦੱਸਿਆ ਕਿ ਕਾਲਜ ਪੜ੍ਹਦੇ ਸਮੇਂ 21 ਸਾਲ ਦੀ ਉਮਰ ਵਿਚ ਕਾਲਜ ਮੈਗ਼ਜ਼ੀਨ ਵਿਚ ਉਨ੍ਹਾਂ ਦਾ ਲੇਖ 'ਗੁਰੂ ਨਾਨਕ ਤੇ ਸਮਾਜਵਾਦ' ਛਪਿਆ ਜਿਸ ਤੋਂ ਉਤਸ਼ਾਹਿਤ ਹੋ ਕੇ ਉਨ੍ਹਾਂ ਨੂੰ ਅੱਗੋਂ ਹੋਰ ਲਿਖਣ ਲਈ ਪ੍ਰੇਰਨਾ ਮਿਲੀ। ਉਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਜੀ ਬਾਰੇ ਪੁਸਤਕ 'ਦਾਰਸ਼ਨਿਕ ਯੋਧਾ - ਗੁਰੂ ਗੋਬਿੰਦ ਸਿੰਘ' ਲਿਖੀ ਜਿਸ ਦੇ ਹੁਣ ਤੀਕ ਕਈ ਐਡੀਸ਼ਨ ਛਪ ਚੁੱਕੇ ਹਨ। ਏਸੇ ਤਰ੍ਹਾਂ ਉਨ੍ਹਾਂ ਦੀਆਂ ਗੁਰੂ ਨਾਨਕ ਦੇਵ ਜੀ ਬਾਰੇ 'ਗੁਰੂ ਅਰਜਨ ਦੇਵ ਪੁਸਤਕਾਂ 'ਨਾਨਕਵਾਦ' ਤੇ 'ਨਾਨਕੁ ਸਾਇਰੁ ਏਵ ਕਹਤੁ ਹੈ, ਅਤੇ ਗੁਰੂ ਅਰਜਨ ਦੇਵ ਜੀ ਬਾਰੇ 'ਗੁਰੂ ਅਰਜਨ ਦੇਵ ਸਿਧਾਂਤ ਤੇ ਸ਼ਹਾਦਤ' ਹਨ। ਸਿੱਖ ਫ਼ਿਲਾਸਫ਼ੀ ਬਾਰੇ ਉਨ੍ਹਾਂ ਦੀ ਪੁਸਤਕ 'ਕਰਾਂਤੀਕਾਰੀ ਸਿੱਖ ਦਰਸ਼ਨ' ਸਿੱਖ ਹਲਕਿਆਂ ਵਿਚ ਕਾਫ਼ੀ ਚਰਚਾ ਵਿਚ ਰਹੀ ਹੈ। ਆਲੋਚਨਾ ਦੇ ਖ਼ੇਤਰ ਵਿਚ ਉਨ੍ਹਾਂ ਦੀਆਂ ਪੁਸਤਕਾਂ 'ਸਮਕਾਲੀਨ





ਯਥਾਰਥਵਾਦ ਤੇ ਪੰਜਾਬੀ ਨਾਵਲ', 'ਪ੍ਰਗਤੀਵਾਦੀ ਪੰਜਾਬੀ ਨਾਵਲ ਵਿਚ ਜਮਾਤੀ ਚੇਤਨਾ','ਹਰਭਜਨ ਸਿੰਘ ਹੁੰਦਲ ਦੀ ਕਾਵਿ ਸੰਵੇਦਨਾ' ਅਤੇ 'ਮਿੰਨੀ ਕਹਾਣੀ ਲੇਖਕਾਂ ਨਾਲ ਕੁਝ ਖ਼ਰੀਆਂ ਖ਼ਰੀਆਂ' ਪੰਜਾਬੀ ਆਲੋਚਕਾਂ ਵੱਲੋਂ ਕਾਫ਼ੀ ਸਲਾਹੀਆਂ ਗਈਆਂ ਹਨ। ਕਿਰਤ ਦੀ ਮਹਾਨਤਾ ਨਾਲ ਜੁੜੀ ਉਨ੍ਹਾਂ ਦੀ ਵੱਡਮੁੱਲੀ ਪੁਸਤਕ 'ਕੰਮ, ਕੰਮ ਤੇ ਸਿਰਫ਼ ਕੰਮ' ਪੰਜਾਬ ਸਕੂਲ ਸਿੱਖਿਆ ਬੋਰਡ ਦੇ ਸਿਲੇਬਸ ਵਿਚ ਸ਼ਾਮਲ ਹੈ। ਏਸੇ ਤਰ੍ਹਾਂ ਪੰਜਾਬ ਵਿਚ ਇਸ ਸਮੇਂ ਚੱਲ ਰਹੀ ਨਸ਼ਿਆਂ ਦੀ ਭੈੜੀ ਲੱਤ ਦੀ ਗੰਭੀਰਤਾ ਨਾਲ ਜੁੜੀ ਉਨ੍ਹਾਂ ਦੀ ਪੁਸਤਕ 'ਚੰਗੇਰੀ ਸਿਹਤ ਚੰਗੀਰੀ ਸੋਚ' ਨੌਜੁਆਨ ਪੰਜਾਬੀਆਂ ਦੀ ਸੋਚ ਬਦਲਣ ਵਿਚ ਸਹਾਈ ਹੋ ਰਹੀ ਹੈ। ਉਨ੍ਹਾਂ ਸ਼ਹੀਦ ਭਗਤ ਸਿੰਘ ਦੇ ਸੰਘਰਸ਼ਮਈ ਜੀਵਨ ਤੇ ਲਾਸਾਨੀ ਸ਼ਹੀਦੀ ਬਾਰੇ ਵੱਖ-ਵੱਖ ਲੇਖਕਾਂ ਵੱਲੋਂ ਲਿਖੇ ਗਏ ਲੇਖਾਂ ਦੀਆਂ ਚਾਰ ਪੁਸਤਕਾਂ ਦੀ ਸੰਪਾਦਨਾ ਕੀਤੀ ਹੈ ਅਤੇ ਅਗਾਂਹ-ਵਧੂ ਸੋਚ ਦੇ ਮਾਲਕ ਅਤੇ ਆਪਣੇ ਨਾਟਕਾਂ ਰਾਹੀਂ ਇਸ ਨੂੰ ਦੂਰ ਦੁਰੇਢੇ ਪਿੰਡਾਂ ਤੇ ਸ਼ਹਿਰਾਂ ਵਿਚ ਪਹੁੰਚਾਉਣ ਵਾਲੇ ਭਾਜੀ ਗੁਰਸ਼ਰਨ ਸਿੰਘ ਬਾਰੇ ਉਨ੍ਹਾਂ ਨੇ ਇਕ ਵੱਡ-ਆਕਾਰੀ ਪੁਸਤਕ 'ਇੱਕ ਸੰਸਥਾਂ ਇੱਕ ਲਹਿਰ ਭਾਅ ਜੀ ਗੁਰਸ਼ਰਨ ਸਿੰਘ' ਦੀ ਸੰਪਾਦਨਾ ਕੀਤੀ। ਇਸ ਤਰ੍ਹਾਂ ਉਨ੍ਹਾਂ ਦੀਆਂ ਲਿਖੀਆਂ ਮੌਲਿਕ ਅਤੇ ਸੰਪਾਦਿਤ ਪੁਸਤਕਾਂ ਦੀ ਸੂਚੀ ਕਾਫ਼ੀ ਲੰਮੀ ਹੈ ਅਤੇ ਇਨ੍ਹਾਂ ਗਿਣਤੀ



40 ਤੋਂ ਵੀ ਵਧੀਕ ਬਣਦੀ ਹੈ।

ਸ਼ਿਵ ਕੁਮਾਰ ਬਟਾਲਵੀ ਬਾਰੇ ਬੋਲਦਿਆਂ ਉਨ੍ਹਾਂ ਕਿਹਾ ਕਿ 'ਸ਼ਿਵ' ਸ਼ਿਵ ਹੀ ਹੈ ਅਤੇ ਉਹ ਆਪਣੀ ਹੀ ਕਿਸਮ ਦਾ ਕਵੀ ਹੈ। ਅਜੇ ਤੱਕ ਨਾ ਕਿਸੇ ਕਵੀ ਨੇ ਉਸਦੇ ਵਰਗਾ ਲਿਖਿਆ ਹੈ ਅਤੇ ਸ਼ਾਇਦ ਅੱਗੋਂ ਵੀ ਨਾ ਲਿਖ ਸਕੇ। ਉਸ ਦੀ ਬਿੰਬਾਵਲੀ ਅਸੀਮ ਹੈ। ਬੁਘਾਟ, ਭੱਖੜਾ, ਕੰਡਿਆਲੀ ਥੋਹਰ, ਪੋਹਲੀ, ਕਿੱਕਰ, ਮਲ੍ਹੇ, ਆਦਿ ਬਿੰਬ ਪਹਿਲੀ ਵਾਰ ਸ਼ਿਵ ਵੱਲੋਂ ਹੀ ਵਰਤੇ ਗਏ ਹਨ ਜੋ ਮਾਨਸਿਕ ਪੀੜਾ, ਵੇਦਨਾ, ਗ਼ਮ, ਕਰੁਣਾ, ਦੁੱਖ, ਤਕਲੀਫ਼, ਆਦਿ ਦੇ ਖ਼ੂਬਸੂਰਤ ਪ੍ਰਤੀਕ ਬਣ ਗਏ ਹਨ। ਅਫ਼ਸੋਸ ਹੈ, ਸ਼ਿਵ ਕੇਵਲ 36 ਸਾਲ ਦੀ ਛੋਟੀ ਉਮਰੇ ਹੀ ਇਸ ਜਹਾਨ ਤੋਂ ਰੁਖ਼ਸਤ ਹੋ ਗਿਆ ਪਰ ਇਸ ਸੀਮਤ ਸਮੇਂ ਵਿਚ ਉਸ ਨੇ ਪੰਜਾਬੀ ਸਾਹਿਤ ਵਿਚ ਵੱਡਮੁੱਲਾ ਯੋਗਦਾਨ ਪਾਇਆ ਹੈ ਜਿਸ ਨੂੰ ਹਮੇਸ਼ਾ ਯਾਦ ਕੀਤਾ ਜਾਏਗਾ। ਉਪਰੰਤ, ਉੱਘੇ ਚਿੰਤਕ ਸ਼ਮੀਲ ਜਸਵੀਰ, ਪ੍ਰੋ. ਜਗੀਰ ਸਿੰਘ ਕਾਹਲੋਂ, ਬਲਦੇਵ ਰਹਿਪਾ ਅਤੇ ਹੀਰਾ ਹੰਸਪਾਲ ਵੱਲੋਂ ਵੀ ਇਸ ਸਬੰਧੀ ਆਪਣੇ ਵਿਚਾਰ ਪੇਸ਼ ਕੀਤੇ ਗਏ। ਪ੍ਰੋ. ਤਲਵਿੰਦਰ ਮੰਡ ਵੱਲੋਂ ਸਮਾਗ਼ਮ ਦੇ ਇਸ ਪਹਿਲੇ ਸੈਸ਼ਨ ਨੂੰ ਬਾਖ਼ੂਬੀ ਨਿਭਾਇਆ ਗਿਆ। ਇਸ ਦੌਰਾਨ ਬਰੈਂਪਟਨ ਵਿਚ ਰਹਿੰਦੇ ਅਹਿਮਦੀਆ ਭਾਈਚਾਰੇ ਅਤੇ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਵੱਲੋਂ ਡਾ. ਅਨੂਪ ਸਿੰਘ ਨੂੰ ਸ਼ਾਨਦਾਰ ਸ਼ਾਲ ਦੇ ਕੇ ਸਨਮਾਨਿਤ ਕੀਤਾ ਗਿਆ।

ਸਮਾਗ਼ਮ ਦੇ ਦੂਸਰੇ ਹਿੱਸੇ ਵਿਚ ਹੋਏ ਕਵੀ-ਦਰਬਾਰ ਵਿਚ ਸੱਭ ਤੋਂ ਪਹਿਲਾਂ ਇਕਬਾਲ ਬਰਾੜ ਵੱਲੋਂ ਆਪਣੀ ਖ਼ੂਬਸੂਰਤ ਆਵਾਜ਼ ਵਿਚ ਸ਼ਿਵ ਕੁਮਾਰ ਦੇ ਤਿੰਨ ਗੀਤ ਗਾਏ ਗਏ। ਉਪਰੰਤ, ਪਰਮਜੀਤ ਗਿੱਲ, ਹਰਜੀਤ ਬਾਜਵਾ, ਰਿੰਟੂ ਭਾਟੀਆ, ਪੂਨਮ ਆਹਲੂਵਾਲੀਆ, ਹਰਜੀਤ ਭਮਰਾ, ਮਲਵਿੰਦਰ ਸ਼ਾਂਇਰ, ਮਕਸੂਦ ਚੌਧਰੀ, ਕਰਨ ਅਜਾਇਬ ਸੰਘਾ, ਸੁਖਦੇਵ ਝੰਡ, ਤਲਵਿੰਦਰ ਮੰਡ, ਹੀਰਾ ਹੰਸਪਾਲ, ਚੰਡੀਗੜ੍ਹ ਤੋਂ ਡਾ. ਧੀਰ ਤੇ ਕਈ ਹੋਰਨਾਂ ਨੇ ਆਪਣੀਆਂ ਰਚਨਾਵਾਂ ਸਰੋਤਿਆਂ ਨਾਲ ਸਾਂਝੀਆਂ ਕੀਤੀਆਂ। ਕਵੀ-ਦਰਬਾਰ ਦੇ ਇਸ ਭਾਗ ਨੂੰ ਮਲੂਕ ਸਿੰਘ ਕਾਹਲੋਂ ਵੱਲੋਂ ਵਧੀਆ ਤਰਤੀਬ ਦਿੱਤੀ ਗਈ। ਅਖ਼ੀਰ ਵਿਚ ਸਭਾ ਦੇ ਸਰਪ੍ਰਸਤ ਬਲਰਾਜ ਚੀਮਾ ਵੱਲੋਂ ਸ਼ਿਵ ਕੁਮਾਰ ਬਟਾਲਵੀ ਨਾਲ ਆਪਣੀਆਂ ਹੋਈਆਂ ਯਾਦਗਾਰੀ ਮੁਲਾਕਾਤਾਂ ਦੇ ਬਾਖ਼ੂਬੀ ਵਰਨਣ ਦੇ ਨਾਲ ਨਾਲ ਉਸ ਦੀਆਂ ਕਵਿਤਾਵਾਂ ਦੀ ਗੰਭੀਰਤਾ ਬਾਰੇ ਗੱਲ ਕਰਦਿਆਂ ਹੋਇਆਂ ਸਮਾਗ਼ਮ ਦੇ ਮੁੱਖ-ਮਹਿਮਾਨ ਡਾ. ਅਨੂਪ ਸਿੰਘ ਅਤੇ ਸਮੂਹ ਸਰੋਤਿਆਂ ਦਾ ਧੰਨਵਾਦ ਕੀਤਾ ਗਿਆ। ਸਮਾਗ਼ਮ ਵਿਚ ਉੱਘੇ ਕਹਾਣੀਕਾਰ ਕੁਲਜੀਤ ਮਾਨ, ਬਰਲਿੰਘਟਨ ਤੋਂ ਆਏ ਡਾ. ਪਰਗਟ ਸਿੰਘ ਬੱਗਾ ਤੇ ਜਰਨੈਲ ਸਿੰਘ ਮੱਲ੍ਹੀ, ਪੰਜਾਬ ਤੋਂ ਆਏ ਅਮਰਜੀਤ ਸਿੰਘ ਬਾਈ, ਐਡਵੋਕੇਟ ਵਿਪਨਦੀਪ ਮਰੋਕ, ਐਡਵੋਕੇਟ ਦਰਸ਼ਨ ਸਿੰਘ ਗਰੇਵਾਲ, ਹਰਦਿਆਲ ਝੀਤਾ, ਹਰਪਾਲ ਸਿੰਘ ਭਾਟੀਆ, ਕਰਨੈਲ ਸਿੰਘ ਨਾਮਧਾਰੀ, ਹਰਚਰਨ ਸਿੰਘ ਰਾਜਪੂਤ, ਸੁਖਦੇਵ ਸਿੰਘ ਬੇਦੀ, ਯਾਦਵਿੰਦਰ ਸਿੰਘ ਸੰਧੂ, ਸਵਿੰਦਰ ਸਿੰਘ ਪੰਨੂੰ ਅਤੇ ਅਹਿਮਦੀਆ ਭਾਈਚਾਰੇ ਨਾਲ ਸਬੰਧਿਤ ਜਨਾਬ ਫ਼ਿਆਕ ਮੋਹੀਓਦੀਨ ਤੇ ਅਤਾਰ ਸਦੀਕ ਸ਼ਾਮਲ ਸਨ।

# ਟੋਰਾਂਟੋ ਤੋਂ 'ਆਪ' ਦੇ ਸਰਗ਼ਰਮ ਵਾਲੰਟੀਅਰ ਸੁਦੀਪ ਸਿੰਗਲਾ ਦੀ ਮੁੱਖ ਮੰਤਰੀ ਭਗਵੰਤ ਮਾਨ ਨਾਲ ਮੁਲਾਕਾਤ

## ਸਪੀਕਰ ਕੁਲਤਾਰ ਸਿੰਘ ਸੰਧਵਾਂ ਤੇ ਹੋਰ ਮੰਤਰੀਆਂ ਨਾਲ ਵੀ ਕੀਤੀਆਂ ਵਿਚਾਰਾਂ



ਬਰੈਂਪਟਨ, (ਡਾ. ਝੰਡ) -ਟੋਰਾਂਟੋ ਤੋਂ ਆਮ ਆਦਮੀ ਪਾਰਟੀ ਦੇ ਸਰਗ਼ਰਮ ਵਾਲੰਟੀਅਰ ਸੁਦੀਪ ਸਿੰਗਲਾ ਜੋ ਇਨ੍ਹੀਂ ਦਿਨੀਂ ਪੰਜਾਬ ਗਏ ਹੋਏ ਹਨ, ਕੋਲੋਂ ਟੈਲੀਫ਼ੋਨ 'ਤੇ ਮਿਲੀ ਜਾਣਕਾਰੀ ਅਨੁਸਾਰ ਉਹ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਤੇ ਕਈ ਮੰਤਰੀਆਂ ਨੂੰ ਮਿਲੇ ਅਤੇ ਉਨ੍ਹਾਂ ਨਾਲ ਪਰਵਾਸੀ ਪੰਜਾਬੀਆਂ ਨੂੰ ਦਰਪੇਸ਼ ਮਸਲਿਆਂ ਮਸਲਿਆਂ ਬਾਰੇ ਵਿਚਾਰ-ਵਟਾਂਦਰਾ ਕੀਤਾ। ਮੁੱਖ ਮੰਤਰੀ ਭਗਵੰਤ ਮਾਨ ਅਤੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੇ ਨਾਲ ਹੋਰ ਮਸਲਿਆਂ ਦੇ ਨਾਲ ਪਰਵਾਸੀ ਪੰਜਾਬੀ ਪੈਂਨਸ਼ਨਰਜ਼ ਵੈੱਲਫ਼ੇਅਰ ਐਸੋਸੀਏਸ਼ਨ ਦੀ ਇਸ ਮੰਗ 'ਤੇ ਵੀ ਵਿਚਾਰ ਕੀਤਾ ਗਿਆ ਕਿ ਤਨਖ਼ਾਹ ਕਮਿਸ਼ਨ ਵੱਲੋਂ ਕੀਤੀਆਂ ਗਈਆਂ ਸਿਫ਼ਾਰਸ਼ਾਂ ਅਨੁਸਾਰ 2.59 ਗੁਣਕ ਮੁਤ-ਾਬਿਕ ਪੈਂਨਸ਼ਨ ਫ਼ਿਕਸ ਕੀਤੀ ਜਾਵੇ ਅਤੇ ਲੰਮੇਂ ਸਮੇਂ ਤੋਂ ਲੰਬਿਤ ਡੀ.ਏ. ਦੀਆਂ ਕਿਸ਼ਤਾਂ ਵੀ ਦਿੱਤੀਆਂ ਜਾਣ। ਇੱਥੇ ਪਾਠਕਾਂ ਨੂੰ ਇਸ ਦੱਸਣਾ ਵਾਜਬ ਹੋਵੇਗਾ ਕਿ ਐਸੋਸੀਏਸ਼ਨ ਵੱਲੋਂ ਜਨਰਲ ਸਕੱਤਰ ਪ੍ਰੋ. ਜਗੀਰ ਸਿੰਘ ਕਾਹਲੋਂ ਦੇ ਦਸਤਖ਼ਤਾਂ ਨਾਲ ਇਕ ਮੰਗ-ਪੱਤਰ ਸੁਦੀਪ ਸਿੰਗਲਾ ਰਾਹੀਂ ਮੁੱਖ ਮੰਤਰੀ ਅਤੇ ਵਿੱਤ ਮੰਤਰੀ ਨੂੰ ਭੇਜਿਆ ਗਿਆ ਹੈ ਅਤੇ ਇਸ ਮੰਗ ਸਬੰਧੀ ਮੁੱਖ ਮੰਤਰੀ ਦਾ ਰਵੱਈਆ ਹਾਂ-ਪੱਖੀ ਦੱਸਿਆ ਜਾਂਦਾ ਹੈ।

ਇਸ ਦੌਰਾਨ ਸੁਦੀਪ ਸਿੰਗਲਾ ਨੇ ਦੱਸਿਆ ਕਿ ਬਿਜਲੀ ਮੰਤਰੀ ਹਰਭਜਨ ਸਿੰਘ ਈ.ਟੀ.ਓ. ਦਾ ਵਿਚਾਰ ਸੀ 'ਪ੍ਰਭ ਆਸਰਾ ਟਰੱਸਟ' ਦੇ ਬਿਜਲੀ ਬਿੱਲਾਂ ਦੇ ਭੁਗਤਾਨ ਲਈ ਪਰਵਾਸੀਆਂ ਦੀ ਮਦਦ ਦੀ ਲੋੜ ਹੈ। ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨਾਲ ਪਰਵਾਸੀਆਂ ਦੀਆਂ ਜ਼ਮੀਨਾਂ-ਜਾਇਦਾਦਾਂ ਦੀ ਸੁਰੱਖਿਆ ਸਬੰਧੀ ਵਿਚਾਰਾਂ ਹੋਈਆਂ। ਧਾਲੀਵਾਲ ਹੁਰਾਂ ਵੱਲੋਂ ਸਕੂਲਾਂ ਦੀਆਂ ਇਮਾਰਤਾਂ ਦੀ ਸੰਭਾਲ ਅਤੇ ਪਰਵਾਸੀਆਂ ਵੱਲੋਂ ਆਪਣੇ ਪਿੰਡਾਂ ਦੇ ਵਿਕਾਸ ਲਈ ਉਨ੍ਹਾਂ ਨੂੰ ਅਪਨਾਉਣ ਦੀ ਸਲਾਹ ਦਿੱਤੀ ਗਈ। ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਨਾਲ ਟਰਾਂਸਪੋਰਟ ਸਿਸਟਮ ਦੇ ਸੁਧਾਰ ਸਬੰਧੀ ਵਿਚਾਰ ਕੀਤੀ ਗਈ। ਸਿਵਲ ਸਪਲਾਈ ਮੰਤਰੀ ਲਾਲ ਚੰਦ ਕਟਾਰੂਚੱਕ ਦੇ ਨਾਲ ਸੂਬੇ ਵਿਚ ਫੂਡ ਪ੍ਰਾਸੈੱਸਿੰਗ ਯੂਨਿਟ ਲਗਾਉਣ ਦਾ ਮਸਵਰਾ ਸਾਂਝਾ ਕੀਤਾ ਗਿਆ। ਵਿਚਾਰ ਵਟਾਂਦਰੇ ਦੌਰਾਨ ਸਿਹਤ ਮੰਤਰੀ ਵਿਜੈ ਸਿੰਗਲਾ ਨੇ ਸਿਹਤ ਸਹੂਲਤਾਂ ਵਿਚ ਪਰਵਾਸੀਆਂ ਨੂੰ ਯੋਗਦਾਨ ਦੇਣ ਲਈ ਕਿਹਾ ਅਤੇ ਸਿੱਖਿਆ ਮੰਤਰੀ ਗੁਰਮੀਤ ਸਿੰਘ ਮੀਤਹੇਅਰ ਦੇ ਨਾਲ ਸਿੱਖਿਆ ਵਿਚ ਸੁਧਾਰ ਕਰਨ ਬਾਰੇ ਵਿਚਾਰ ਸਾਂਝੇ ਕੀਤੇ ਗਏ। ਮੁੱਖ ਮੰਤਰੀ ਸਮੇਤ ਸਾਰੇ ਮੰਤਰੀ ਸਾਹਿਬਾਨ ਅਤੇ ਸਪੀਕਰ ਸਾਹਿਬ ਪਰਵਾਸੀ ਪੰਜਾਬੀਆਂ ਦੀਆਂ ਸਮੱਸਿਆਵਾਂ ਪ੍ਰਤੀ ਬੜੇ ਸੰਜੀਦਾ ਅਤੇ ਫ਼ਿਕਰਮੰਦ ਦੱਸੇ ਜਾਂਦੇ ਹਨ।

ਉਪਰੋਕਤ ਵਿਚਾਰ-ਵਟਾਂਦਰੇ ਤੋਂ ਪਹਿਲਾਂ ਸੁਦੀਪ ਸਿੰਗਲਾ ਵੱਲੋਂ ਓਨਟਾਰੀਓ ਸੂਬਾ ਸਰਕਾਰ ਅਤੇ ਬਰੈਂਪਟਨ ਸਿਟੀ ਕਾਊਂਸਲ ਦੀ ਤਰਫ਼ੋਂ ਯਾਦਗਾਰੀ-ਚਿੰਨ੍ਹ ਮੁੱਖ ਮੰਤਰੀ ਅਤੇ ਮੰਤਰੀਆਂ ਨੂੰ ਭੇਂਟ ਕੀਤੇ ਗਏ। ਓਨਟਾਰੀਓ ਸੂਬਾ ਸਰਕਾਰ ਵੱਲੋਂ ਯਾਦਗਾਰੀ-ਚਿੰਨ੍ਹ ਨੀਨਾ ਟਾਂਗਰੀ ਅਤੇ ਬਰੈਂਪਟਨ ਸਿਟੀ ਵੱਲੋਂ ਇਹ ਚਿੰਨ੍ਹ ਰੀਜਨਲ ਕਾਉਂਸਲਰ ਗੁਰਪ੍ਰੀਤ ਸਿੰਘ ਢਿੱਲੋਂ ਵੱਲੋਂ ਭੇਜਿਆ ਗਿਆ ਸੀ। ਇੱਥੇ ਇਹ ਵਰਨਣਯੋਗ ਹੈ ਕਿ ਬਰੈਂਪਟਨ ਸਿਟੀ ਵੱਲੋਂ ਪੰਜਾਬ ਸਰਕਾਰ ਨਾਲ ਦੁਵੱਲੇ ਸਬੰਧ ਕਾਇਮ ਸਬੰਧੀ ਮਤਾ ਗੁਰਪ੍ਰੀਤ ਸਿੰਘ ਢਿੱਲੋਂ ਦੀ ਪਹਿਲਕਦਮੀ ਨਾਲ ਸਿਟੀ ਕਾਉਂਸਲ ਵੱਲੋਂ ਸਰਬਸੰਮਤੀ ਨਾਲ ਪਾਸ ਕਰਕੇ ਭੇਜਿਆ ਗਿਆ ਹੈ। ਸੁਦੀਪ ਸਿੰਗਲਾ ਪੰਜਾਬ ਦੇ ਵੱਖ-ਵੱਖ ਹਲਕਿਆਂ ਦੇ ਕਈ ਵਿਧਾਇਕਾਂ ਨਾਲ ਵੀ ਮੁਲਾਕਾਤਾਂ ਕਰ ਰਹੇ ਹਨ ਤਾਂ ਕਿ ਪੰਜਾਬ ਦੀਆਂ ਸਮੱਸਿਆਵਾਂ ਦੇ ਹੱਲ ਲਈ ਪਰਵਾਸੀ ਪੰਜਾਬੀ ਪੰਜਾਬ ਸਰਕਾਰ ਨਾਲ ਲੋੜੀਂਦਾ ਸਹਿਯੋਗ ਕਰ ਸਕਣ।

# ਸ਼੍ਰੋਮਣੀ ਕਮੇਟੀ ਮੁਲਾਜ਼ਮ ਜਠੇਰਿਆਂ ਦੀ ਪੂਜਾ ਕਰਦਾ ਕਾਬੂ

ਧਾਰੀਵਾਲ, 19 ਮਈ (ਪੋਸਟ ਬਿਊਰੋ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ ਜੀ ਪੀ ਸੀ) ਦੀ ਧਰਮ ਪ੍ਰਚਾਰ ਕਮੇਟੀ ਦੇ ਨੁਮਾਇਦਿਆਂ ਨੇ ਧਾਰੀਵਾਲ ਨੇੜੇ ਪਿੰਡ ਸੁਜਾਨਪੁਰ ਵਿੱਚ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮ ਨੂੰ ਜਠੇਰਿਆਂ ਦੀ ਪੂਜਾ ਕਰਦਿਆਂ ਫੜਿਆ ਅਤੇ ਇਸ ਬਾਰੇ ਸ਼੍ਰੋਮਣੀ ਕਮੇਟੀ ਨੂੰ ਰਿਪੋਰਟ ਭੇਜ ਦਿੱਤੀ ਹੈ।

ਧਰਮ ਪ੍ਰਚਾਰ ਕਮੇਟੀ ਦੇ ਪ੍ਰਚਾਰਕ ਸਰਬਜੀਤ ਸਿੰਘ ਖਡੂਰ ਸਾਹਿਬ ਅਤੇ ਪ੍ਰਚਾਰਕ ਸਤਨਾਮ ਸਿੰਘ ਢੋਟੀਆਂ ਨੇ ਦੱਸਿਆ ਕਮੇਟੀ ਨੂੰ ਇਹ ਸ਼ਿਕਾਇਤ ਮਿਲੀ ਸੀ ਕਿ ਧਾਰੀਵਾਲ ਨੇੜੇ ਪਿੰਡ ਸੁਜਾਨਪੁਰ ਦਾ ਵਾਸੀ ਗੁਰਨਾਮ ਸਿੰਘ ਸ਼੍ਰੋਮਣੀ ਕਮੇਟੀ ਦਾ ਮੁਲਾਜ਼ਮ ਹੈ ਤੇ ਸਾਰਾ ਪਰਵਾਰ ਅੰਮ੍ਰਿਤਧਾਰੀ ਹੈ। ਉਸ ਦੀ ਪਤਨੀ ਰਾਜਵਿੰਦਰ ਕੌਰ ਸਿੱਖੀ ਰਹਿਤ ਮਰਿਆਦਾ ਦੇ ਉਲਟ ਪਿੰਡ ਸੁਜਾਨਪੁਰ ਦੇ ਬਾਹਰ ਖੇਤਾਂ ਵਿੱਚ ਅਪਣੇ ਗੋਤ ਘੁੰਮਣ ਦੇ ਜਠੇਰਿਆਂ ਦੀ ਸਮਾਧ ਉਪਰ ਹਰ ਸਾਲ ਜੇਠ ਮਹੀਨੇ ਦੇ ਪਹਿਲੇ ਹਫ਼ਤੇ ਮਿਥੇ ਦਿਨ ਨੂੰ ਪਿਛਲੇ ਕਈ ਸਾਲਾਂ ਤੋਂ ਚੌਕੀ ਦੇ ਕੇ ਲੋਕਾਂ ਨੂੰ ਪੁੱਛਾਂ ਦੇਣ ਦਾ ਕੰਮ ਕਰਦੀ ਹੈ। ਇਨ੍ਹਾਂ ਪ੍ਰਚਾਰਕਾਂ ਨੇ ਦੱਸਿਆ ਕਿ ਧਰਮ ਪ੍ਰਚਾਰਕ ਕਮੇਟੀ ਵੱਲੋਂ ਪੜਤਾਲ ਲਈ ਡਿਊਟੀ ਅਨੁਸਾਰ ਉਨ੍ਹਾਂ ਨੇ ਓਥੇ ਪਹੁੰਚ ਕੇ ਵੇਖਿਆ ਤਾਂ ਸ਼੍ਰੋਮਣੀ ਕਮੇਟੀ ਦਾ ਮੁਲਾਜ਼ਮ ਗੁਰਨਾਮ ਸਿੰਘ ਅਤੇ ਉਸ ਦੀ ਪਤਨੀ ਰਾਜਵਿੰਦਰ ਕੌਰ ਨੂੰ ਜਠੇਰਿਆਂ ਦੀ ਸਮਾਧ ਉਪਰ ਪੂਜਾ ਕਰ ਰਹੇ ਸਨ। ਉਨ੍ਹਾ ਸਾਰੇ ਸਬੂਤ ਇਕੱਠੇ ਕਰ ਲਏ ਹਨ। ਇਸ ਸਬੰਧੀ ਗੁਰਨਾਮ ਸਿੰਘ ਨੇ ਲਿਖਤੀ ਤੌਰ ਉੱਤੇ ਮੰਨਿਆ ਕਿ ਉਹ ਆਪਣੇ ਘੁੰਮਣ ਗੋਤ ਦੇ ਜਠੇਰਿਆਂ ਨੂੰ ਪਿਤਾ ਪੁਰਖੀ ਮੰਨਦੇ ਆਏ ਹਨ। ਪੜਤਾਲੀਆ ਧਰਮ ਪ੍ਰਚਾਰਕਾਂ ਨੇ ਕਿਹਾ ਇਹ ਸਿੱਖੀ ਸਿਧਾਂਤਾਂ ਤੇ ਰਹਿਤ ਮਰਿਆਦਾ ਦੇ ਉਲਟ ਹੈ। ਮੌਕੇ ਤੋਂ ਮਿਲੇ ਸਬੂਤਾਂ ਸਮੇਤ ਗੁਰਨਾਮ ਸਿੰਘ ਵਿਰੁੱਧ ਅਗਲੀ ਕਾਰਵਾਈ ਹਿਤ ਉਚ ਅਧਿਕਾਰੀ ਨੂੰ ਰਿਪੋਰਟ ਤਿਆਰ ਕਰ ਕੇ ਭੇਜ ਦਿੱਤੀ ਜਾਵੇਗੀ।


# ਜ਼ਰੂਰ ਜਾਣੋ; ਗਿਆਨ ਗੰਗਾ

॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM

Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM
TV-nri 7:30am- 8:30am,TV-nri 8:30pm- 9:30pm

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com
647-739-4641
346-714-0224

# ਹਰ ਗਲੀ, ਹਰ ਖੂੰਜੇ ਭ੍ਰਿਸ਼ਟਾਚਾਰ, ਹਾਲਾਤ ਨਵੇਂ ਮੁੱਖ ਮੰਤਰੀ ਦੇ ਲਈ ਸੁਖਾਵੇਂ ਨਹੀਂ



ਜਤਿੰਦਰ ਪੰਨੂ

ਪਿਛਲੀਆਂ ਵਿਧਾਨ ਸਭਾ ਚੋਣਾਂ ਤੋਂ ਬਾਅਦ ਜਦੋਂ ਨਵੀਂ ਸਰਕਾਰ ਬਣੀ ਤਾਂ ਇਹ ਗੱਲ ਆਮ ਪੁੱਛੀ ਜਾਣ ਲੱਗ ਪਈ ਸੀ ਕਿ ਪੰਜਾਬ ਵਿੱਚ ਭ੍ਰਿਸ਼ਟਾਚਾਰ ਦਾ ਖਾਤਮਾ ਅਤੇ ਕਾਨੂੰਨ ਦਾ ਰਾਜ ਕਦੋਂ ਕੁ ਤੱਕ ਸਥਾਪਤ ਹੋ ਸਕੇਗਾ? ਭਗਵੰਤ ਮਾਨ ਜਦੋਂ ਕਾਮੇਡੀ ਕਰਦਾ ਹੁੰਦਾ ਸੀ ਅਤੇ ਉਸ ਬਾਰੇ ਕਿਸੇ ਨੇ ਸੋਚਿਆ ਵੀ ਨਹੀਂ ਸੀ ਕਿ ਕਦੀ ਰਾਜਨੀਤੀ ਦੇ ਰਾਹ ਪੈਣ ਬਾਰੇ ਸੋਚੇਗਾ, ਓਦੋਂ ਉਸ ਨੇ ਇੱਕ ਵਾਰੀ ਇਹ ਗੱਲ ਕਹੀ ਸੀ ਕਿ ਧਰਮਰਾਜ ਕਹਿੰਦਾ ਹੈ ਕਿ ਜਦੋਂ ਤੱਕ ਮੈਂ ਜ਼ਿੰਦਾ ਹਾਂ, ਭਾਰਤ ਵਿੱਚ ਭ੍ਰਿਸ਼ਟਾਚਾਰ ਓਦੋਂ ਤੱਕ ਖਤਮ ਨਹੀਂ ਹੋ ਸਕਣਾ। ਅੱਜ ਭਗਵੰਤ ਮਾਨ ਦੇ ਮੁੱਖ ਮੰਤਰੀ ਬਣ ਜਾਣ ਨਾਲ ਏਨੇ ਹਾਲਾਤ ਨਹੀਂ ਬਦਲ ਗਏ ਕਿ ਰਾਤੋ-ਰਾਤ ਭ੍ਰਿਸ਼ਟਾਚਾਰ ਨੂੰ ਵੀ ਨੱਥ ਪੈ ਜਾਵੇਗੀ ਤੇ ਸਿਸਟਮ ਵਿੱਚ ਆਏ ਵਿਗਾੜਾਂ ਦਾ ਸੁਧਾਰ ਵੀ ਹਫਤਿਆਂ ਜਾਂ ਮਹੀਨਿਆਂ ਵਿੱਚ ਹੋ ਜਾਵੇਗਾ। ਇਹ ਕੰਮ ਏਨਾ ਸੌਖਾ ਨਹੀਂ। ਭਾਰਤ ਦੀ ਗੱਲ ਛੱਡੋ, ਪੰਜਾਬ ਦੀ ਹਰ ਗੁੱਠ ਵਿੱਚ ਏਨਾ ਭ੍ਰਿਸ਼ਟਾਚਾਰ ਫੈਲਿਆ ਪਿਆ ਹੈ ਕਿ ਪਿਛਲੀਆਂ ਧਾਰਨਾਵਾਂ ਬਦਲਣੀਆਂ ਪੈਣਗੀਆਂ। ਪਹਿਲਾਂ ਕਿਹਾ ਜਾਂਦਾ ਸੀ ਕਿ ਭ੍ਰਿਸ਼ਟਾਚਾਰ ਏਨਾ ਕੁ ਵੱਧ ਹੋ ਗਿਆ ਹੈ ਕਿ ਇੱਟ ਪੁੱਟਿਆਂ ਚੋਰ ਨਿਕਲਦਾ ਹੈ, ਪਰ ਕੁਝ ਚਿਰ ਪਿੱਛੋਂ ਸੁਣਿਆ ਜਾਣ ਲੱਗਾ ਕਿ ਇੱਟ ਪੁੱਟਣ ਦੀ ਵੀ ਲੋੜ ਨਹੀਂ, ਬਿਨਾਂ ਪੁੱਟੇ ਹੀ ਹਰ ਪਾਸੇ ਚੋਰ ਮਿਲ ਜਾਂਦੇ ਹਨ।

ਅਸੀਂ ਪਿਛਲੇ ਦਿਨਾਂ ਵਿੱਚ ਪੰਜਾਬ ਸਰਕਾਰ ਨਾਲ ਜੁੜੇ ਤੇ ਕੁਝ ਕੇਂਦਰ ਸਰਕਾਰ ਨਾਲ ਜੁੜੇ ਵਿਭਾਗਾਂ ਵਿੱਚ ਹੁੰਦੇ ਭ੍ਰਿਸ਼ਟਾਚਾਰ ਦੀਆਂ ਉਹ ਕਹਾਣੀਆਂ ਸੁਣੀਆਂ, ਜਿਹੜੀਆਂ ਦੱਸਦੀਆਂ ਹਨ ਕਿ ਏਥੇ ਦਾਲ ਵਿੱਚ ਕਾਲਾ ਨਹੀਂ, ਸਾਰੀ ਦਲ ਹੀ ਕਾਲੀ ਹੈ। ਕੋਈ ਪਾਸਾ ਬਚਿਆ ਹੀ ਨਹੀਂ ਤਾਂ ਗੱਲ ਸ਼ੁਰੂ ਕਿੱਥੋਂ ਕੀਤੀ ਜਾਵੇ, ਇਹੋ ਵੱਡਾ ਮਸਲਾ ਹੈ। ਛੋਟੇ ਬੱਚਿਆਂ ਨੂੰ ਨੇਕੀ ਦਾ ਰਾਹ ਦੱਸਣ ਲਈ ਜਿਹੜੇ ਅਧਿਆਪਕ ਵਰਗ ਦੇ ਸਿਰ ਜ਼ਿੰਮੇਵਾਰੀ ਹੁੰਦੀ ਹੈ, ਉਹ ਖੁਦ ਭ੍ਰਿਸ਼ਟਾਚਾਰ ਦੀ ਚੱਕੀ ਦੇ ਪੁੜਾਂ ਵਿੱਚ ਪਿਸ ਰਿਹਾ ਹੈ ਅਤੇ ਚੋਣਵੇਂ ਬੇਈਮਾਨ ਇਸ ਦਾ ਲਾਭ ਉਠਾ ਕੇ ਸਮੁੱਚੇ ਭਾਈਚਾਰੇ ਦੀ ਭੰਡੀ ਕਰਾਉਣ ਦਾ ਕਾਰਨ ਬਣਦੇ ਹਨ। ਚੰਡੀਗੜ੍ਹ ਤੋਂ ਚੱਲਦੀ ਪੰਜਾਬ ਯੂਨੀਵਰਸਿਟੀ ਦਾ ਕਿਸੇ ਸਮੇਂ ਬੜਾ ਵੱਡਾ ਨਾਂਅ ਹੁੰਦਾ ਸੀ, ਇਸ ਵੇਲੇ ਦੇ ਵਾਈਸ ਚਾਂਸਲਰ ਦੀ ਅਗਵਾਈ ਹੇਠ ਬਦਨਾਮੀ ਦਾ ਗੜ੍ਹ ਬਣੀ ਜਾ ਰਹੀ ਹੈ। ਜਿਹੜੇ ਬੰਦੇ ਸਹਾਇਕ ਪ੍ਰੋਫੈਸਰ ਲੱਗਣ ਦੇ ਲਾਇਕ ਅਜੇ ਨਹੀਂ ਸਨ ਹੋਏ, ਉਨ੍ਹਾਂ ਨੂੰ ਪ੍ਰੋਫੈਸਰ ਦਾ ਝੂਠਾ ਰੁਤਬਾ ਦੇ ਕੇ ਕਾਲਜਾਂ ਦੇ ਪ੍ਰਿੰਸੀਪਲ ਬਣਾ ਕੇ ਉਸ ਰਾਜ ਦੀ ਸਰਕਾਰ ਦੀਆਂ ਗਰਾਂਟਾਂ ਚੱਬਣ ਦਾ ਮੌਕਾ ਦਿੱਤਾ ਜਾ ਰਿਹਾ ਹੈ, ਜਿਸ ਦਾ ਮੁੱਖ ਮੰਤਰੀ ਭਗਵੰਤ ਮਾਨ ਇਹ ਕਹਿੰਦਾ ਹੈ ਕਿ ਭ੍ਰਿਸ਼ਟਾਚਾਰ ਨੂੰ ਰੋਕਿਆ ਜਾਵੇਗਾ। ਇੱਕ ਏਦਾਂ ਦੇ ਹੇਰਾਫਰੀ ਨਾਲ ਬਣੇ ਪ੍ਰਿੰਸੀਪਲ ਦੀ ਸ਼ਿਕਾਇਤ ਹੋਈ ਤਾਂ ਉਸ ਦੀ ਤਨਖਾਹ ਰੋਕੀ ਗਈ, ਪਰ ਘਰ ਨੂੰ ਨਹੀਂ ਭੇਜਿਆ, ਕਿਉਂਕਿ ਇਹੋ ਜਿਹੀ ਕਾਰਵਾਈ ਪੰਜਾਬ ਸਰਕਾਰ ਕਰਨ ਜੋਗੀ ਨਹੀਂ, ਯੂਨੀਵਰਸਿਟੀ ਨੇ ਕਰਨੀ ਹੈ ਤੇ ਓਥੇ ਵਾਈਸ ਚਾਂਸਲਰ ਖੁਦ ਇਸ ਚੱਕਰ ਦਾ ਹਿੱਸਾ ਬਣਿਆ ਪਿਆ ਹੈ। ਮਾਲਵੇ ਦੇ ਇੱਕ ਕਾਲਜ ਦੀ ਪ੍ਰਿੰਸੀਪਲ ਬੀਬੀ ਬਾਰੇ ਸੁਣਿਆ ਹੈ ਕਿ ਉਸ ਨੇ ਆਪਣੀ ਯੋਗਤਾ ਵਿਖਾਉਣ ਲਈ ਕੁਝ ਕਿਤਾਬਾਂ ਆਪਣੇ ਨਾਂਅ ਨਾਲ ਛਪੀਆਂ ਪੇਸ਼ ਕੀਤੀਆਂ ਤਾਂ ਪਤਾ ਲੱਗਾ ਕਿ ਸਾਰੀਆਂ ਉਸ ਦੀਆਂ ਲਿਖੀਆਂ ਨਹੀਂ, ਬਿਗਾਨੀਆਂ ਆਪਣੇ ਨਾਂਅ ਛਪਵਾ ਕੇ ਫਰਾਡ ਕੀਤਾ ਹੈ। ਇਹੋ ਜਿਹੇ ਪ੍ਰਿੰਸੀਪਲ ਬੱਚਿਆਂ ਨੂੰ ਕੀ ਪੜ੍ਹਾਉਣਗੇ, ਇਸ ਬਾਰੇ ਕੋਈ ਓਦੋਂ ਸੋਚੇਗਾ, ਜਦੋਂ ਫਰਾੜ ਫੜਨੇ ਹੋਣ, ਜਦੋਂ ਫਰਾਡ ਯੂਨੀਵਰਸਿਟੀਆਂ ਵਿੱਚੋਂ ਹੁੰਦੇ ਪਏ ਹਨ



ਤਾਂ ਕਿਸੇ ਨੇ ਰੋਕਣ ਲਈ ਕੁਝ ਕਰਨਾ ਹੀ ਨਹੀਂ। ਇੱਕ ਯੂਨੀਵਰਸਿਟੀ ਦੇ ਯੋਗ ਵਾਈਸ ਚਾਂਸਲਰ ਨੇ ਆਪਣੇ ਹੇਠ ਚੱਲਦੇ ਕਾਲਜਾਂ ਦਾ ਪੜਤਾਲ ਕਰਾਈ ਤਾਂ ਪਤਾ ਲੱਗਾ ਕਿ ਕੁਝ ਕਾਲਜਾਂ ਵਿੱਚ ਨਾ ਪੂਰੇ ਅਧਿਆਪਕ ਤੇ ਨਾ ਪੂਰੇ ਵਿਦਿਆਰਥੀ ਹਨ। ਇੱਕ ਕਾਲਜ ਤਾਂ ਦੱਸੀ ਬਿਲਡਿੰਗ ਦੀ ਥਾਂ ਕਿਸੇ ਹੋਰ ਕਾਲਜ ਦੀ ਬਿਲਡਿੰਗ ਦੇ ਇੱਕ ਕਮਰੇ ਤੋਂ ਚੱਲੀ ਜਾ ਰਿਹਾ ਹੈ ਤੇ ਖੇਡਾਂ ਵਾਸਤੇ ਬਣਾਏ ਇੱਕ ਸਪੋਰਟਸ ਕਾਲਜ ਦੇ ਟਰੈਕ ਉੱਤੇ ਝਾੜੀਆਂ ਉੱਗ ਚੁੱਕੀਆਂ ਹਨ। ਕਾਨੂੰਨ ਪੜ੍ਹਾਉਣ ਵਾਲੇ ਇੱਕ ਕਾਲਜ ਨੇ ਹੋਰ ਕਮਾਲ ਕਰ ਦਿੱਤੀ ਕਿ ਲਾਅ ਦੀਆਂ ਕਲਾਸਾਂ ਨੂੰ ਉਹ ਨੌਜਵਾਨ ਪੜ੍ਹਾ ਰਿਹਾ ਸੀ, ਜਿਹੜਾ ਖੁਦ ਆਪਣੀ ਐੱਮ ਦੀ ਪੜ੍ਹਾਈ ਅਜੇ ਕਰਦਾ ਸੀ ਤੇ ਲਾਅ ਨਾਲ ਉਸ ਮੁੰਡੇ ਦਾ ਕੋਈ ਵਾਸਤਾ ਹੀ ਨਹੀਂ ਸੀ ਜਾਪਦਾ। ਇੱਕ ਹੋਰ ਕਾਲਜ ਵਿੱਚ ਕੁੜੀਆਂ ਦਾ ਹੋਸਟਲ ਬਣਾ ਕੇ ਬਾਹਰਲੇ ਮੁੰਡਿਆਂ ਲਈ ਕਿਰਾਏ ਦਾ ਹੋਸਟਲ ਚਲਾਇਆ ਜਾ ਰਿਹਾ ਸੀ। ਏਡੇ ਵੱਡੇ ਫਰਾਡ ਹੋਈ ਜਾ ਰਹੇ ਹਨ ਪੰਜਾਬ ਵਿੱਚ।

> ਭਗਵੰਤ ਮਾਨ ਜਦੋਂ ਕਾਮੇਡੀ ਕਰਦਾ ਹੁੰਦਾ ਸੀ ਅਤੇ ਉਸ ਬਾਰੇ ਕਿਸੇ ਨੇ ਸੋਚਿਆ ਵੀ ਨਹੀਂ ਸੀ ਕਿ ਕਦੀ ਰਾਜਨੀਤੀ ਦੇ ਰਾਹ ਪੈਣ ਬਾਰੇ ਸੋਚੇਗਾ, ਓਦੋਂ ਉਸ ਨੇ ਇੱਕ ਵਾਰੀ ਇਹ ਗੱਲ ਕਹੀ ਸੀ ਕਿ ਧਰਮਰਾਜ ਕਹਿੰਦਾ ਹੈ ਕਿ ਜਦੋਂ ਤੱਕ ਮੈਂ ਜ਼ਿੰਦਾ ਹਾਂ, ਭਾਰਤ ਵਿੱਚ ਭ੍ਰਿਸ਼ਟਾਚਾਰ ਓਦੋਂ ਤੱਕ ਖਤਮ ਨਹੀਂ ਹੋ ਸਕਣਾ।

ਪਟਿਆਲੇ ਵਿੱਚ ਰਹਿੰਦੇ ਸਾਬਕਾ ਫੌਜੀ ਅਫਸਰ ਕੈਪਟਨ ਮਾਟਾ ਨੇ ਐਕਸਾਈਜ਼ ਵਿਭਾਗ ਦਾ ਇੱਕ ਸਕੈਂਡਲ ਫੜ ਲਿਆ। ਉਹ ਇਹ ਕਹਿੰਦੇ ਹਨ ਕਿ ਸਕੈਂਡਲ ਇਕਤਾਲੀ ਹਜ਼ਾਰ ਕਰੋੜ ਰੁਪਏ ਬਣਦਾ ਹੈ। ਇਸ ਦੀ ਕੋਈ ਚਰਚਾ ਨਹੀਂ ਚੱਲਦੀ ਤੇ ਜਿਹੜੇ ਅਫਸਰ ਪੰਜਾਬ ਸਰਕਾਰ ਵਿਰੁੱਧ ਇਕਤਾਲੀ ਹਜ਼ਾਰ ਕਰੋੜ ਰੁਪਏ ਵਰਗਾ ਸਕੈਂਡਲ ਕਰਨ ਦੇ ਦੋਸ਼ੀ ਸਮਝੇ ਜਾਂਦੇ ਹਨ, ਪਿਛਲੀਆਂ ਦੋ ਸਰਕਾਰਾਂ ਦੇ ਵਕਤ ਵੀ ਪਹਿਲੀ ਪਾਲ ਦੇ ਜੀਅ-ਹਜ਼ੂਰੀਆਂ ਵਿੱਚ ਹੁੰਦੇ ਸਨ ਅਤੇ ਅੱਜ ਵਾਲੀ ਸਰਕਾਰ ਦੇ ਜੀਅ-ਹਜ਼ੂਰੀਆਂ ਵਿੱਚ ਨਾ ਸਹੀ, ਵੱਡੀਆਂ ਕੁਰਸੀਆਂ ਉੱਤੇ ਕਾਇਮ ਹਨ। ਕਾਰਨ ਇਹ ਹੈ ਕਿ ਉਨ੍ਹਾਂ ਵਿਰੁੱਧ ਕੇਸ ਜਦ ਤੱਕ ਕਿਸੇ ਪਾਸੇ ਨਹੀਂ ਲੱਗਦਾ, ਕੋਈ ਵੀ ਸਰਕਾਰ ਉਨ੍ਹਾਂ ਨੂੰ ਖੂੰਜੇ ਨਹੀਂ ਲਾ ਸਕਦੀ ਤੇ ਅਫਸਰ ਹੋਣ ਕਰ ਕੇ ਕਿਸੇ ਨਾ ਕਿਸੇ ਸੀਟ ਲਈ ਉਨ੍ਹਾਂ ਦੀ ਨਿਯੁਕਤੀ ਨਿਯਮਾਂ ਅਨੁਸਾਰ ਕਰਨੀ ਹੀ ਪੈਣੀ ਹੈ। ਏਦਾਂ ਦੇ ਅਫਸਰ ਆਪੋ ਵਿੱਚ ਅੱਖ ਮਿਲੀ ਹੋਣ ਕਾਰਨ ਇੱਕ ਦੂਸਰੇ ਦੀ ਢਾਲ ਵੀ ਬਣਦੇ ਹਨ, ਕੋਈ ਪੜਤਾਲ ਚੱਲਣ ਲੱਗੇ ਤਾਂ ਅਗੇਤੇ ਸੁਨ-ੇਹੇ ਵੀ ਭੇਜਦੇ ਹਨ ਅਤੇ ਨਾਲ ਇਹ ਵੀ ਦੱਸਣ ਤੋਂ ਨਹੀਂ ਰਹਿੰਦੇ ਕਿ ਫਲਾਣਾ ਬੰਦਾ ਆਪਣਾ ਹੈ ਅਤੇ ਜਾਂਚ ਦੌਰਾਨ ਤੁਹਾਡੀ ਹਰ ਤਰ੍ਹਾਂ ਦੀ ਮਦਦ ਕਰਨ ਵਿੱਚ ਉਸ ਨੂੰ ਖੁਸ਼ੀ ਹੋਵੇਗੀ। ਇਹ ਵੀ ਇੱਕ ਦੂਸਰੇ ਦੀ ਸਾਂਝ ਦਾ ਸ਼ਗਨ ਹੁੰਦਾ ਹੈ।

ਸਾਡੇ ਕੋਲ ਇੱਕ ਕੇਸ ਆਇਆ ਹੈ, ਜਿਸ ਵਿੱਚ ਸੰਬੰਧਤ ਵਿਅਕਤੀ ਦੱਸਦਾ ਹੈ ਕਿ ਉਸ ਨੇ ਰੇਤ ਦੀ ਨਾਜਾਇਜ਼ ਖੁਦਾਈ ਦੀ ਸ਼ਿਕਾਇਤ ਕੀਤੀ ਤਾਂ ਇਹ ਮੁੱਦਾ ਉਸ ਜ਼ਿਲੇ ਦੇ ਦੋ ਵੱਡੇ ਅਫਸਰ ਕੋਲ ਭੇਜ ਦਿੱਤਾ ਗਿਆ। ਅਫਸਰ ਬਹੁਤ ਚੰਗੇ ਸਮਝੇ ਜਾਂਦੇ ਹਨ, ਪਰ ਉਸ ਸ਼ਿਕਾਇਤ ਕਰਤਾ ਨੇ ਦੱਸਿਆ ਕਿ ਨਾਜਾਇਜ਼ ਮਾਈਨਿੰਗ ਕਰਨ ਵਾਲੇ ਦੋਸ਼ੀ ਤਾਂ ਓਥੇ ਬੈਠੇ ਹੋਏ ਮੁੱਛਾਂ ਨੂੰ ਤਾਅ ਦੇਈ ਜਾਂਦੇ ਸਨ ਅਤੇ ਉਸ ਵਿਚਾਰੇ ਨੂੰ ਦੋਵੇਂ ਵੱਡੇ ਅਫਸਰ ਪੁਆੜੇ ਦੀ ਜੜ੍ਹ ਦੱਸ ਕੇ ਧਮਕੀ ਦੇਣ ਲੱਗੇ ਰਹੇ ਸਨ ਕਿ 'ਬੰਦਾ ਬਣ ਕੇ ਦਿਨ ਕੱਟ, ਵਰਨਾ ਉਹ ਹਾਲ ਕਰਾਂਗੇ ਕਿ ਯਾਦ ਰੱਖੇਂਗਾ।' ਵਿਚਾਰਾ ਕਈ ਪੱਧਰਾਂ ਤੱਕ ਪਹੁੰਚ ਕਰ ਚੁੱਕਾ ਹੈ, ਮੁੱਖ ਮੰਤਰੀ ਕੋਲ ਵੀ ਚਲਾ ਜਾਵੇ ਤਾਂ ਮੁੱਖ ਮੰਤਰੀ ਹਰ ਕੰਮ ਵਿੱਚ ਖੁਦ ਦਖਲ ਦੇਣ ਵਾਸਤੇ ਨਹੀਂ ਜਾ ਸਕਦਾ, ਅਕਸਰ ਤਾਂ ਅਫਸਰਾਂ ਕੋਲੋਂ ਕੰਮ ਕਰਾਵੇਗਾ ਤੇ ਅਫਸਰਾਂ ਦਾ ਇਹ ਹਾਲ ਹੈ। ਫਿਰ ਪੰਜਾਬ ਅੰਦਰ ਹਰ ਖੂੰਜੇ ਵਿੱਚ ਪਿਆ ਗੰਦ ਸਾਫ ਕਿਵੇਂ ਹੋ ਸਕੇਗਾ, ਇਹ ਸਵਾਲ ਅਕਸਰ ਪੁੱਛਿਆ ਜਾਂਦਾ ਹੈ। ਇਸ ਹਫਤੇ ਸਾਨੂੰ ਕੇਂਦਰ ਦੀ ਜਾਂਚ ਏਜੰਸੀ ਸੀ ਬੀ ਆਈ ਦੇ ਚਾਰ ਸਬ ਇੰਸਪੈਕਟਰ ਫਿਰੌਤੀ ਲਈ ਬੰਦਾ ਅਗਵਾ ਕਰਨ ਦੇ ਦੋਸ਼ ਵਿੱਚ ਫੜੇ ਜਾਣ ਦੀ ਖਬਰ ਮਿਲੀ ਹੈ ਅਤੇ ਇਹ ਸਭ ਕੁਝ ਚੰਡੀਗੜ੍ਹ ਵਿੱਚ ਵਾਪਰਿਆ ਹੈ। ਜਾਂਚ ਏਜੰਸੀ ਸੀ ਬੀ ਆਈ ਭ੍ਰਿਸ਼ਟਾਚਾਰ ਦੇ ਵਿਰੁੱਧ ਕਾਰਵਾਈ ਲਈ ਭਾਰਤ ਦੀ ਸਭ ਤੋਂ ਵੱਡੀ ਏਜੰਸੀ ਮੰਨੀ ਜਾਂਦੀ ਹੈ, ਪਰ ਉਸ ਦੇ ਚਾਰ ਅਫਸਰ ਫਿਰੌਤੀਆਂ ਲਈ ਅਗਵਾ ਦੇ ਕੇਸ ਵਿੱਚ ਫਸ ਜਾਣ ਤਾਂ ਹਰ ਕੋਈ ਹੈਰਾਨ ਹੋਵੇਗਾ। ਹਿੰਦੀ ਦੇ ਵਿਅੰਗ ਕਵੀ ਸੁਰਿੰਦਰ ਸ਼ਰਮਾ ਨੇ ਇੱਕ ਵਾਰ ਵਿਅੰਗ ਕੀਤਾ ਸੀ ਕਿ ਕੀੜੇ ਮਾਰਨ ਦੀ ਦਵਾਈ ਲਿਆਂਦੀ ਸੀ, ਉਸ ਵਿੱਚ ਵੀ ਕੀੜੇ ਪੈ ਗਏ ਤੇ ਚੰਡੀਗੜ੍ਹ ਵਿੱਚ ਇਹੋ ਜਿਹੇ ਚਾਰ ਅਫਸਰ, ਜਿਨ੍ਹਾਂ ਨੇ ਅਪਰਾਧ ਰੋਕਣੇ ਸਨ, ਫੜੇ ਜਾਣ ਵਾਲੀ ਗੱਲ ਸੁਣ ਕੇ ਸਾਨੂੰ ਇਹ ਮੰਨਣਾ ਪੈ ਗਿਆ ਕਿ ਕੀੜਿਆਂ ਨੂੰ ਮਾਰਨ ਵਾਲੀ ਦਵਾਈ ਵਿੱਚ ਵੀ ਕੀੜੇ ਪੈ ਸਕਦੇ ਹਨ। ਇਹ ਹਾਲਤ ਸਿਰਫ ਇੱਕ ਏਜੰਸੀ, ਇੱਕ ਯੂਨੀਵਰਸਿਟੀ ਜਾਂ ਇੱਕ ਵਿਭਾਗ ਦੀ ਨਹੀਂ, ਭਾਰਤ ਤੇ ਪੰਜਾਬ ਦੀ ਹਰ ਗਲੀ ਵਿੱਚ ਚੋਰ ਫਿਰਦੇ ਮਿਲ ਜਾਣਗੇ। ਚੋਰਾਂ ਦੀ ਆਪਸੀ ਸਾਂਝ ਹਰ ਥਾਂ ਇੱਕੋ ਜਿਹੀ ਹੈ ਤੇ ਇੱਕ ਦੂਸਰੇ ਨੂੰ ਬਚਾਉਣ ਲਈ ਮੌਕੇ ਦੇ ਮੁੱਖ ਮੰਤਰੀ ਤੱਕ ਨੂੰ ਠਿੱਬੀ ਲਾਉਣ ਵਿੱਚ ਵੀ ਗੁਰੇਜ਼ ਨਹੀਂ ਕਰਨਗੇ, ਇਸ ਲਈ ਨਵੇਂ ਮੁੱਖ ਮੰਤਰੀ ਭਗਵੰਤ ਮਾਨ ਲਈ ਵੀ ਹਾਲਾਤ ਸੁਖਾਵੇਂ ਨਹੀਂ।

ਇਸ ਹਾਲਤ ਵਿੱਚ ਕੀਤਾ ਕੀ ਜਾਵੇ? ਇਹੋ ਕਿ ਜਿਨ੍ਹਾਂ ਕੋਲ ਸਿਰੜ੍ਹ ਵੀ ਹੈ, ਸਬਰ ਵੀ ਅਤੇ ਕੁਝ ਕਰਨ ਦੀ ਨੇਕ ਭਾਵਨਾ ਵੀ, ਉਹ ਹੱਠ ਨਾ ਛੱਡਣ ਅਤੇ ਉਸ ਕੰਮ ਵਿੱਚ ਲੱਗੇ ਰਹਿਣ, ਜਿਸ ਨੂੰ ਮਨ ਠੀਕ ਮੰਨਦਾ ਹੈ।

# ਰੂਸੀ ਹਮਲੇ ਕਾਰਨ ਫੂਡ ਦੀ ਘਾਟ ਵਿਸ਼ਵਵਿਆਪੀ ਭੁਖਮਰੀ ਵਧੀ





ਸੁਰਜੀਤ ਸਿੰਘ ਫਲੋਰਾ

ਦੁਨੀਆਂ ਦਾ ਧਿਆਨ ਹਾਲ ਹੀ ਵਿਚ ਰੂਸੀ ਤੇਲ ਅਤੇ ਗੈਸ 'ਤੇ ਉਸ ਦੀਆਂ ਵੱਧ ਰਹੀਆਂ ਕੀਮਤਾਂ ਉਹਨਾਂ ਦੇ ਮਨਾ ਨੂੰ ਅੰਦਰ ਹੀ ਅੰਦਰ ਖਾਈ ਜਾ ਰਿਹਾ ਸੀ। ਪਰ ਇਕ ਹੋਰ ਜੋ ਵਿਸ਼ਵ ਪੱਧਰ 'ਤੇ ਆਪਸ ਵਿੱਚ ਜੁੜੇ ਊਰਜਾ ਕਾਰੋਬਾਰ ਨੂੰ ਝਟਕਿਆਂ ਤੋਂ ਪਰੇ, ਇੱਕ ਹੋਰ ਘਾਤਕ ਘਾਟਾ ਪੈਦਾ ਹੋ ਰਿਹਾ ਹੈ ਉਹ ਹੈ ਭੋਜਨ ਦੀ ਕਮੀ।

ਖੁਰਾਕ ਸੰਕਟ 'ਤੇ ਸੰਯੁਕਤ ਰਾਸ਼ਟਰ ਦੀ ਗਲੋਬਲ ਰਿਪੋਰਟ ਮੌਜੂਦਾ ਵਿਕਾਸ ਮਾਡਲ 'ਤੇ ਸਵਾਲ ਅਤੇ ਚਿੰਤਾਵਾਂ ਪੈਦਾ ਕਰਦੀ ਹੈ। ਰਿਪੋਰਟ ਮੁਤਾਬਕ 2021 ਦੌਰਾਨ 53 ਦੇਸ਼ਾਂ ਦੇ ਲਗਭਗ 19.3 ਕਰੋੜ ਲੋਕ ਪੇਟ ਭਰਨ ਲਈ ਲੋੜੀਂਦੇ ਭੋਜਨ ਤੋਂ ਬਿਨਾਂ ਸੌਣ ਲਈ ਮਜ਼ਬੂਰ ਹੋਏ ਹਨ।

ਜਦੋਂ ਕਿ "ਯੂਕਰੇਨ 'ਤੇ ਰੂਸ ਦਾ ਹਮਲਾ ਵਿਸ਼ਵ ਭੋਜਨ ਸੁਰੱਖਿਆ ਨੂੰ ਖਤਰੇ ਵਿੱਚ ਪਾਉਂਦਾ ਹੈ," ਅੰਤਰਰਾਸ਼ਟਰੀ ਭਾਈਵਾਲੀ ਲਈ ਯੂਰਪੀਅਨ ਕਮਿਸ਼ਨ ਦੇ ਕਮਿਸ਼ਨਰ ਜੁਟਾ ਉਰਪਿਲੇਨੇਨ ਨੇ ਕਿਹਾ। ਇਤਿਹਾਸ ਦੀ ਸਭ ਤੋਂ ਹੈਰਾਨ ਕਰਨ ਵਾਲੀ ਭੋਜਨ ਤਬਾਹੀ ਦੇ ਨਾਲ-ਨਾਲ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਉਥਲ-ਪੁਥਲ ਤੋਂ ਬਚਣ ਲਈ, ਵਿਸ਼ਵ ਭਾਈਚਾਰੇ ਨੂੰ ਤੇਜ਼ੀ ਨਾਲ ਕੰਮ ਕਰਨਾ ਚਾਹੀਦਾ ਹੈ। ਯੂਰਪੀਅਨ ਯੂਨੀਅਨ ਜੰਗ, ਜਲਵਾਯੂ ਤਬਦੀਲੀ, ਗਰੀਬੀ, ਅਤੇ ਅਸਮਾਨਤਾ ਸਮੇਤ ਭੋਜਨ ਦੀ ਅਸੁਰੱਖਿਆ ਵਿੱਚ ਯੋਗਦਾਨ ਪਾਉਣ ਵਾਲੇ ਸਾਰੇ ਕਾਰਕਾਂ ਨੂੰ ਹੱਲ ਕਰਨ ਲਈ ਸਮਰਪਿਤ ਹੈ। ਭਾਵੇਂ ਕਿ ਜਾਨਾਂ ਬਚਾਉਣ ਅਤੇ ਅਕਾਲ ਤੋਂ ਬਚਣ ਲਈ ਤੁਰੰਤ ਸਹਾਇਤਾ ਦੀ ਲੋੜ ਹੈ, ਸਾਨੂੰ ਗ੍ਰੀਨ ਡੀਲ ਅਤੇ ਗਲੋਬਲ ਗੇਟਵੇ ਦੀ ਪੂਰੀ ਸਮਰੱਥਾ ਦੀ ਵਰਤੋਂ ਕਰਕੇ ਟਿਕਾਊ ਖੇਤੀ-ਭੋਜਨ ਪ੍ਰਣਾਲੀਆਂ ਅਤੇ ਲਚਕੀਲੇ ਸਪਲਾਈ ਚੇਨਾਂ ਵਿੱਚ ਤਬਦੀਲੀ ਵਿੱਚ ਭਾਈਵਾਲ ਦੇਸ਼ਾਂ ਦਾ ਸਮਰਥਨ ਕਰਨਾ ਜਾਰੀ ਰੱਖਣਾ ਚਾਹੀਦਾ ਹੈ।"

ਇਹ ਚਿੰਤਾਜਨਕ ਵੀ ਹੈ ਕਿਉਂਕਿ ਪਿਛਲੇ ਇੱਕ ਸਾਲ ਵਿੱਚ ਹੀ ਭੁੱਖ ਹੜਤਾਲ ਕਰਨ ਵਾਲਿਆਂ ਦੀ ਗਿਣਤੀ ਵਿੱਚ 4 ਕਰੋੜ ਦਾ ਵਾਧਾ ਹੋਇਆ ਹੈ। ਇਸ ਦਾ ਮੁੱਖ ਕਾਰਨ ਜੰਗਾਂ, ਅੰਦਰੂਨੀ ਟਕਰਾਅ, ਜਲਵਾਯੂ ਤਬਦੀਲੀ ਅਤੇ ਕੋਵਿਡ-19 ਕਾਰਨ ਰੁਜ਼ਗਾਰ ਦੇ ਮੌਕੇ ਘਟਣਾ ਮੰਨਿਆ ਜਾ ਰਿਹਾ ਹੈ। ਖੇਤੀਬਾੜੀ ਅਤੇ ਭੋਜਨ ਵਿੱਚ ਨਿਵੇਸ਼ ਲੰਬੇ ਸਮੇਂ ਤੋਂ ਘਟ ਰਿਹਾ ਹੈ। ਸੰਸਾਰ ਤਕਨੀਕੀ ਅਤੇ ਹੋਰ ਕਈ ਤਰੀਕਿਆਂ ਨਾਲ ਅੱਗੇ ਵਧਦਾ ਜਾਪਦਾ ਹੈ, ਪਰ ਭੁੱਖਮਰੀ ਵਿੱਚ ਵਾਧਾ ਅਜੇ ਵੀ ਇਸ ਵਿਕਾਸ ਵਿੱਚ ਬੁਨਿਆਦੀ ਖਾਮੀਆਂ ਨੂੰ ਦਰਸਾਉਂਦਾ ਹੈ।

ਰਿਪੋਰਟ ਦੇ ਨਤੀਜਿਆਂ ਵਿੱਚ, ਸਭ ਤੋਂ ਵੱਧ ਭੋਜਨ-ਅਸੁਰੱਖਿਅਤ ਲੋਕ ਉਨ੍ਹਾਂ ਦੇਸ਼ਾਂ ਵਿੱਚ ਪਾਏ ਗਏ ਜੋ ਲੰਬੀਆਂ ਲੜਾਈਆਂ ਵਿੱਚ ਉਲਝੇ ਹੋਏ ਹਨ। ਇਨ੍ਹਾਂ ਦੇਸ਼ਾਂ ਵਿੱਚ ਅਫਗਾਨਿਸਤਾਨ, ਕਾਂਗੋ ਲੋਕਤੰਤਰੀ ਗਣਰਾਜ (ਧ੍ਰਛ), ਇਥੋਪੀਆ, ਨਾਈਜੀਰੀਆ, ਦੱਖਣੀ ਸੂਡਾਨ, ਸੀਰੀਆ ਅਤੇ ਯਮਨ ਸ਼ਾਮਲ ਹਨ।

ਨਾਲ ਹੀ, ਰਿਪੋਰਟ ਵਿੱਚ ਭਵਿੱਖਬਾਣੀ ਕੀਤੀ ਗਈ ਹੈ ਕਿ ਸੋਮਾਲੀਆ 2022 ਵਿੱਚ ਆਪਣੇ ਸਭ ਤੋਂ ਗੰਭੀਰ ਭੋਜਨ ਸੰਕਟ ਦਾ ਸਾਹਮਣਾ ਕਰੇਗਾ। ਮੁੱਖ ਕਾਰਨ ਸੋਕਾ, ਭੋਜਨ ਦੀਆਂ ਕੀਮਤਾਂ ਵਿੱਚ ਵਾਧਾ ਅਤੇ ਜਾਰੀ ਹਿੰਸਾ ਹਨ। ਵਰਲਡ ਫੂਡ ਪ੍ਰੋਗਰਾਮ ਦੇ ਮੁੱਖ ਅਰਥ ਸ਼ਾਸਤਰੀ, ਆਰਿਫ ਹੁਸੈਨ ਦਾ ਕਹਿਣਾ ਹੈ ਕਿ ਰੂਸ-ਯੂਕਰੇਨ ਯੁੱਧ ਕਾਰਨ ਭੋਜਨ ਅਤੇ ਤੇਲ ਦੀਆਂ ਵਧਦੀਆਂ ਕੀਮਤਾਂ ਨਾਲ ਮਹਿੰਗਾਈ ਵਧਣ ਦੀ ਸੰਭਾਵਨਾ ਹੈ ਅਤੇ ਹੋਰ 47 ਮਿਲੀਅਨ ਲੋਕ ਭੁੱਖੇ ਮਰ ਸਕਦੇ ਹਨ। ਰੂਸ-ਯੂਕਰੇਨੀ ਯੁੱਧ ਤੋਂ ਪਹਿਲਾਂ ਵੀ, ਜਦੋਂ ਵਿਸ਼ਵ ਕੋਵਿਡ -19 ਮਹਾਂਮਾਰੀ ਤੋਂ ਉਭਰਨ ਦੀ ਕੋਸ਼ਿਸ਼ ਕਰ ਰਿਹਾ ਸੀ, ਭੋਜਨ ਦੀਆਂ ਕੀਮਤਾਂ ਦਸ ਸਾਲ ਪਹਿਲਾਂ ਨਾਲੋਂ ਵੱਧ ਸਨ, ਅਤੇ ਤੇਲ ਦੀਆਂ ਕੀਮਤਾਂ ਪਿਛਲੇ ਸੱਤ ਸਾਲਾਂ ਨਾਲੋਂ ਵੱਧ ਹਨ। ਜੰਗ ਦਾ ਮੌਜੂਦਾ ਸੰਕਟ ਅੱਗ ਵਿੱਚ ਤੇਲ ਪਾਉਣ ਵਾਲਾ ਕੰਮ ਕਰ ਰਿਹਾ ਹੈ। ਯੂਕਰੇਨ ਖੁਦ ਭੋਜਨ ਸੰਕਟ ਦਾ ਸਾਹਮਣਾ ਕਰ ਰਿਹਾ ਹੈ।

ਇਸ ਤੋਂ ਇਲਾਵਾ, ਕੋਵਿਡ-19 ਦੇ ਪ੍ਰਭਾਵ ਨਾਲ ਵਿਗੜ ਗਏ ਆਰਥਿਕ "ਝਟਕਿਆਂ" ਨੇ 21 ਦੇਸ਼ਾਂ ਵਿੱਚ 30.2 ਮਿਲੀਅਨ ਲੋਕਾਂ ਨੂੰ ਮਾਰਿਆ। ਅੱਠ ਅਫ਼ਰੀਕੀ ਦੇਸ਼ਾਂ ਵਿੱਚ, 23.5 ਮਿਲੀਅਨ ਲੋਕਾਂ ਲਈ ਅਤਿਅੰਤ ਮੌਸਮ ਗੰਭੀਰ ਭੋਜਨ ਅਸੁਰੱਖਿਆ ਦਾ ਮੁੱਖ ਚਾਲਕ ਸੀ।

ਭੋਜਨ ਸੰਕਟ ਦੇ ਸੰਕਟਕਾਲੀ ਜਵਾਬ ਲਈ ਫੰਡ 2017 ਦੇ ਮੁਕਾ-ਬਲੇ 2021 ਵਿੱਚ 25 ਪ੍ਰਤੀਸ਼ਤ ਘਟ ਕੇ 8 ਬਿਲੀਅਨ ਰਹਿ ਗਿਆ। ਸੰਯੁਕਤ ਰਾਸ਼ਟਰ ਨੇ ਖੇਤੀਬਾੜੀ ਅਤੇ ਉੱਚ ਜੋਖਮ ਵਾਲੇ ਖੇਤਰਾਂ ਵਿੱਚ 1.5 ਬਿਲੀਅਨ ਨਿਵੇਸ਼ ਦੀ ਮੰਗ ਕੀਤੀ ਹੈ।

ਰਿਪੋਰਟ ਵਿੱਚ ਜੀ-7 ਅਤੇ ਜੀ-20 ਦੇ ਅਮੀਰ ਦੇਸ਼ਾਂ ਨੂੰ ਚੇਤਾਵਨੀ ਦਿੱਤੀ ਗਈ ਹੈ ਕਿ ਸਮਾਂ ਖ਼ਤਮ ਹੋ ਰਿਹਾ ਹੈ। ਜੇਕਰ ਇਸ ਸੰਕਟ ਦਾ ਸਹੀ ਢੰਗ ਨਾਲ ਹੱਲ ਨਾ ਕੀਤਾ ਗਿਆ ਤਾਂ ਕੁਝ ਹੀ ਸਾਲਾਂ ਵਿੱਚ ਇਸ ਦੀ ਕੀਮਤ ਹਜ਼ਾਰਾਂ ਗੁਣਾ ਵੱਧ ਜਾਵੇਗੀ। ਇਸ ਲਈ ਇਹ ਦੇਖਣਾ ਜ਼ਰੂਰੀ ਹੈ ਕਿ ਕਿਸਾਨੀ ਅਤੇ ਖੇਤੀ ਦਾ ਸੰਕਟ ਸਿਰਫ਼ ਇੱਕ ਵਰਗ ਦਾ ਸੰਕਟ ਨਹੀਂ ਹੈ, ਸਗੋਂ ਸਮੁੱਚੀ ਮਨੁੱਖਤਾ ਦਾ ਸੰਕਟ ਬਣ ਕੇ ਉੱਭਰ ਰਿਹਾ ਹੈ। ਜੇਕਰ ਦੁਨੀਆਂ ਦਾ ਵੱਡਾ ਹਿੱਸਾ ਭੁੱਖਾ ਮਰ ਰਿਹਾ ਹੈ ਅਤੇ ਜ਼ਿੰਦਗੀ ਦੀਆਂ ਸੁੱਖ ਸਹੂਲਤਾਂ ਤੋਂ ਵਾਂਝਾ ਹੈ ਤਾਂ ਜੋ ਵਿਕਾਸ ਹੋ ਰਿਹਾ ਹੈ, ਉਸ ਨੂੰ ਮਾਣ ਵਾਲੀ ਗੱਲ ਨਹੀਂ ਕਹੀ ਜਾ ਸਕਦੀ। ਦੁਨੀਆ ਭਰ ਦੀਆਂ ਸਰਕਾਰਾਂ, ਖਾਸ ਕਰਕੇ ਅਮੀਰਾਂ ਨੂੰ ਇਸ ਸੰਕਟ ਤੋਂ ਸੁਚੇਤ ਹੋਣ ਦੀ ਲੋੜ ਹੈ।

ਯੂਕਰੇਨ ਵਿੱਚ ਰੂਸ ਦੇ ਯੁੱਧ ਦੇ ਨਤੀਜੇ ਵਜੋਂ ਸੰਘਰਸ਼ ਦੇ ਨਤੀਜੇ ਵਜੋਂ ਦਹਾਕਿਆਂ ਵਿੱਚ ਸਭ ਤੋਂ ਵੱਡੇ ਭੋਜਨ ਸੰਕਟ ਵਿੱਚੋਂ ਇੱਕ ਹੋ ਸਕਦਾ ਹੈ। ਇਸ ਦੇ ਨਤੀਜੇ ਵਜੋਂ ਸੰਸਾਰ ਵਿੱਚ ਵਾਪਰ ਰਹੇ ਮਨੁੱਖੀ ਦੁੱਖਾਂ ਨੂੰ ਰੋਕਣ ਅਤੇ ਘਟਾਉਣ ਲਈ ਹਰ ਕੋਸ਼ਿਸ਼ ਕੀਤੀ ਜਾਣੀ ਚਾਹੀਦੀ ਹੈ। ਫਿਰ ਵੀ, ਵਿਆਪਕ ਸੰਦੇਸ਼ ਸਪੱਸ਼ਟ ਹੈ: ਭਵਿੱਖ ਦੀਆਂ ਤਬਾਹੀਆਂ ਤੋਂ ਆਪਣੇ ਆਪ ਨੂੰ ਬਚਾਉਣ ਲਈ, ਵਿਸ਼ਵ ਨੂੰ ਖੇਤੀਬਾੜੀ ਅਤੇ ਭੋਜਨ ਪ੍ਰਣਾਲੀਆਂ ਵਿੱਚ ਲੋੜੀਂਦੇ ਲੰਬੇ ਸਮੇਂ ਦੇ ਨਿਵੇਸ਼ ਕਰਨੇ ਚਾਹੀਦੇ ਹਨ ਤਾਂ ਜੋ ਇਹ ਗਰੰਟੀ ਦਿੱਤੀ ਜਾ ਸਕੇ ਕਿ ਉਹ ਸਾਰੇ ਲੋਕਾਂ ਲਈ ਸਿਹਤਮੰਦ ਭੋਜਨ ਪੈਦਾ ਕਰਨ ਦੇ ਯੋਗ ਹਨ। ਟਿਕਾਊ ਢੰਗ ਵਰਤੇ ਜਾਣੇ ਚਾਹਿੰਦੇ ਹਨ।

ਯੂਕਰੇਨ ਦੀ ਉਪਜਾਊ ਮਿੱਟੀ ਨੇ ਇਸਨੂੰ "ਯੂਰਪ ਦੀ ਰੋਟੀ ਦੀ ਟੋਕਰੀ" ਦਾ ਸਹੀ ਨਾਮ ਦਿੱਤਾ ਹੈ। ਇਸੇ ਤਰ੍ਹਾਂ, ਰੂਸ ਫਸਲੀ ਖਾਦਾਂ ਦਾ ਦੁਨੀਆ ਦਾ ਸਭ ਤੋਂ ਵੱਡਾ ਨਿਰਯਾਤਕ ਹੈ। ਸੰਯੁਕਤ ਰਾਸ਼ਟਰ ਦੇ ਅਨੁਸਾਰ, ਰੂਸ ਅਤੇ ਯੂਕਰੇਨ ਦੋਵੇਂ ਵਿਸ਼ਵ ਵਿੱਚ ਕਣਕ ਦੇ ਤੀਜੇ ਅਤੇ ਅੱਠਵੇਂ ਸਭ ਤੋਂ ਵੱਡੇ ਉਤਪਾਦਕ ਹਨ। ਇਹਨਾਂ ਜੰਗੀ ਨਿਰਯਾਤ ਅਰਥਚਾਰਿਆਂ ਦੇ ਢਹਿ-ਢੇਰੀ ਹੋਣ ਨਾਲ ਦੁਨੀਆ ਭਰ ਵਿੱਚ ਕਾਲ, ਭੂ-ਰਾਜਨੀਤਿਕ ਸਥਿਰਤਾ ਅਤੇ ਗਰੀਬੀ ਪੈਦਾ ਹੋ ਸਕਦੀ ਹੈ।

ਇਸ ਲਈ ਸਾਨੂੰ ਦੂਜੇ ਵਿਸ਼ਵ ਯੁੱਧ ਤੋਂ ਬਾਅਦ ਮਾਰਸ਼ਲ ਪਲਾਨ ਦੇ ਸਮਾਨ ਵਿਸ਼ਾਲਤਾ ਦੇ ਅੰਤਰ-ਸਰਹੱਦ ਵਪਾਰ ਲਈ ਇੱਕ ਕਾਰਜ ਯੋਜਨਾ ਦੀ ਲੋੜ ਹੈ।

ਸਰਕਾਰਾਂ ਨੂੰ ਇਹ ਯਕੀਨੀ ਬਣਾਉਣ 'ਤੇ ਆਪਣੀ ਊਰਜਾ ਕੇਂਦਰਿਤ ਕਰਨ ਦੀ ਲੋੜ ਹੈ ਕਿ ਵਸਤੂਆਂ ਦਾ ਵਪਾਰ ਅਤੇ ਸੰਸਾਰ ਭਰ ਵਿੱਚ ਲਿਜਾਇਆ ਜਾ ਸਕੇ। ਇਸਦੇ ਲਈ, ਉਹਨਾਂ ਨੂੰ ਕਲਾਉਡ ਕੰਪਿਊਟਿੰਗ ਤੋਂ ਲੈ ਕੇ ਇੰਟਰਨੈਟ ਆਫ ਥਿੰਗਸ ਇਨਫਰਾਸਟ੍ਰਕਚਰ ਤੱਕ, ਛੋਟੇ ਅਤੇ ਮੱਧਮ ਆਕਾਰ ਦੇ ਉੱਦਮੀਆਂ ਨੂੰ ਕਈ ਤਰ੍ਹਾਂ ਦੇ ਡਿਜੀਟਲ ਸਾਧਨਾਂ ਨਾਲ ਲੈਸ ਕਰਨ ਦੀ ਲੋੜ ਹੈ, ਤਾਂ ਜੋ ਉਹ ਬੈਂਕਾਂ ਨੂੰ ਨਿਰਯਾਤ ਸੁਰੱਖਿਅਤ ਕਰਨ ਲਈ ਲੋੜੀਂਦੀ ਜਾਣਕਾਰੀ ਪ੍ਰਦਾਨ ਕਰ ਸਕਣ।

ਯੂਕਰੇਨੀ ਖੇਤੀ ਉਦਯੋਗ ਦਾ ਰਾਤੋ-ਰਾਤ ਤਬਾਹੀ, ਨਾ ਪੂਰਣਯੋਗ ਮਨੁੱਖੀ ਅਤੇ ਬੁਨਿਆਦੀ ਢਾਂਚੇ ਦੇ ਨੁਕਸਾਨ ਦੇ ਨਾਲ, ਯੂਰਪ ਦੀ ਸਭ ਤੋਂ ਵੱਡੀ ਖੇਤੀਬਾੜੀ ਅਰਥਵਿਵਸਥਾ ਨੂੰ ਇਸਦੇ ਗੋਡਿਆਂ ਦੇ ਭਾਰ ਸੁਟ ਸਕਦੀ ਹੈ। ਵੋਲੋਦੀਮੀਰ ਜ਼ੈਲੈਂਸਕੀ ਦੇ ਆਰਥਿਕ ਸਲਾਹਕਾਰ ਓਲੇਗ ਉਸਟੇਨਕੋ, ਨੇ ਪਹਿਲਾਂ ਹੀ ਚੇਤਾਵਨੀ ਦਿੱਤੀ ਹੈ ਕਿ ਯੂਕਰੇਨੀ ਕਿਸਾਨਾਂ ਲਈ ਇਸ ਸਾਲ ਇੱਕ ਹੋਰ ਬੀਜ ਬੀਜਣਾ ਅਸੰਭਵ ਹੋਵੇਗਾ, ਕਿਉਂਕਿ ਰੇਲਵੇ ਅਤੇ ਗੋਦਾਮ ਦੋਵੇਂ ਹੀ ਕਰਾਸਫਾਇਰ ਵਿੱਚ ਨਸ਼ਟ ਹੋ ਚੁੱਕੇ ਹਨ। ਜਿਸ ਲਈ ਵਿਸ਼ਵ ਸੰਸਥਾਵਾਂ ਨੂੰ ਮਿਲ ਕੇ ਕੁਝ ਨਾ ਕੁਝ ਕਰਨ ਦੀ ਲੋੜ ਹੈ।

# ਸਰਕਾਰ ਪਹਿਲ ਦੇ ਆਧਾਰ 'ਤੇ ਪਹਿਲਾਂ ਸਰਕਾਰੀ ਜ਼ਮੀਨਾਂ ਤੇ ਰੁੱਖ ਲਗਵਾਏ

-ਬਲਤੇਜ ਸੰਧੂ-



ਪੰਜਾਬ ਚ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਸਰਕਾਰੀ ਜ਼ਮੀਨਾਂ ਤੋਂ ਨਜਾਇਜ਼ ਕਬਜੇ ਛੁਡਵਾਉਣ ਦਾ ਵਧੀਆ ਫੈਸਲਾ ਕੀਤਾ ਗਿਆ ਹੈ। ਜਿਸ ਨਾਲ ਸਰਕਾਰ ਦੀ ਆਮਦਨ ਵਿੱਚ ਵਾਧਾ ਹੋਏਗਾ। ਅਤੇ ਹੁਣ ਤੱਕ ਕੁੱਝ ਲੋਕਾਂ ਵੱਲੋਂ ਰਸੂਖਦਾਰਾਂ ਨਾਲ ਮਿਲ ਕੇ ਲੰਮੇ ਸਮੇਂ ਤੋਂ ਸਰਕਾਰੀ ਖਜ਼ਾਨੇ ਨੂੰ ਚੂਨਾ ਲਾਇਆ ਜਾ ਰਿਹਾ ਸੀ। ਸਰਕਾਰ ਦੇ ਇਸ ਕੰਮ ਦੀ ਸਲਾਘਾ ਕਰਨੀ ਵੀ ਬਣਦੀ ਹੈ। ਨਾਲ ਹੀ ਨਾਲ ਸਰਕਾਰ ਨੂੰ ਅਪੀਲ ਵੀ ਹੈ ਕਿ ਦਿਨੋਂ ਦਿਨ ਧਰਤੀ ਤੋਂ ਰੁੱਖਾਂ ਦੀ ਕਟਾਈ ਵੱਧਦੀ ਜਾ ਰਹੀ ਹੈ ਪਰ ਰੁੱਖ ਲਗਾਉਣ ਦੀ ਗਤੀ ਨਾ ਮਾਤਰ ਹੀ ਹੈ ਸੋ ਨਵੀ ਬਣੀ ਸਰਕਾਰ ਨੂੰ ਅਪੀਲ ਹੈ ਕਿ ਜਿਸ ਜ਼ਮੀਨ ਤੋਂ ਨਜਾਇਜ਼ ਕਬਜ਼ੇ ਛੁਡਵਾਏ ਜਾ ਰਹੇ ਹਨ ਉਨ੍ਹਾਂ ਤੇ ਘੱਟ ਤੋਂ ਘੱਟ ਦਸ ਏਕੜ ਰਕਬੇ ਮਗਰ ਦੋ ਤੋਂ ਤਿੰਨ ਏਕੜ ਰਕਬਾ ਰੁੱਖ ਲਗਾਉਣ ਲਈ ਜਰੂਰੀ ਕੀਤਾ ਜਾਵੇ ਜਿਸ ਨਾਲ ਵਾਤਾਵਰਨ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਉਣ ਵਿੱਚ ਵੱਡੀ ਮੱਦਦ ਮਿਲੇਗੀ ਅਤੇ ਲੋਕਾਂ ਨੂੰ ਰੁੱਖਾਂ ਤੋਂ ਲੋੜੀਂਦੀ ਆਕਸੀਜਨ ਪ੍ਰਾਪਤ ਹੋਵੇਗੀ। ਪੰਛੀਆਂ ਦੇ ਰਹਿਣ ਬਸੇਰੇ ਵਧਣਗੇ। ਰਿਵਾਇਤੀ ਪੰਛੀਆਂ ਦੀ ਘੱਟ ਰਹੀ ਗਿਣਤੀ ਦਾ ਕਿਤੇ ਨਾ ਕਿਤੇ ਵੱਡਾ ਕਾਰਨ ਰੁੱਖਾਂ ਦੀ ਲਗਾਤਾਰ ਕਟਾਈ ਵੀ ਸਮਝਿਆ ਜਾ ਸਕਦਾ ਹੈ। ਇਸ ਉਪਰਾਲੇ ਸਦਕਾ ਸਰਕਾਰ ਦੀ ਕਾਰਗੁਜ਼ਾਰੀ ਦੀ ਸਲਾਘਾ ਵੀ ਕੀਤੀ ਜਾਵੇਗੀ । ਵਾਤਾਵਰਣ ਨੂੰ ਸੁੱਧ ਕਰਨ ਲਈ ਇਹ ਇੱਕ ਵੱਡਾ ਉਪਰਾਲਾ ਸਾਬਿਤ ਹੋਵੇਗਾ। ਆਮ ਤੌਰ ਤੇ ਦੇਖਿਆ ਗਿਆ ਹੈ ਕਿ ਕਈ ਵਾਰ ਸਰਕਾਰਾਂ ਵੱਲੋਂ ਵਾਰ ਵਾਰ ਕੱਚੇ ਰਸਤਿਆਂ ਅਤੇ ਸੜਕਾਂ ਕਿਨ-ਾਰੇ ਦਰੱਖ਼ਤ ਲਗਾਉਣ ਦੀ ਮੁਹਿੰਮ ਚਲਾਈ ਜਾਂਦੀ ਹੈ ਵਰਕਰਾਂ ਵੱਲੋਂ ਛਾਂਦਾਰ ਪੌਦੇ ਤਾਂ ਲਗਾ ਦਿੱਤੇ ਜਾਂਦੇ ਹਨ ਪਰ ਉਨ੍ਹਾਂ ਨੂੰ ਬਾਅਦ ਵਿੱਚ ਕਈ ਵਾਰ ਪਾਣੀ ਨਹੀਂ ਪਾਇਆ ਜਾਂਦਾ ਜਿਸ ਦੇ ਕਾਰਨ ਵੱਡੀ ਗਿਣਤੀ ਵਿੱਚ ਪੌਦੇ ਸੁੱਕ ਜਾਂਦੇ ਨੇ ਜਾ ਉਹ ਥੋੜ੍ਹੇ ਬਹੁਤ ਵੱਡੇ ਹੁੰਦੇ ਨੇ ਤਾਂ ਅਵਾਰਾ ਪਸ਼ੂ ਉਨਾਂ ਨੂੰ ਖਾ ਜਾਂਦੇ ਹਨ ਜਾ ਤੋੜ ਦਿੰਦੇ ਨੇ। ਇਹਨਾ ਸਭ ਨੂੰ ਧਿਆਨ ਵਿੱਚ ਰੱਖਦੇ ਹੋਏ ਸਰਕਾਰ ਵਾਤਾਵਰਣ ਨੂੰ ਸ਼ੁੱਧ ਰੱਖਣ ਲਈ ਸਰਕਾਰ ਸਰਕਾਰੀ ਜ਼ਮੀਨਾਂ ਤੇ ਪਹਿਲ ਦੇ ਆਧਾਰ ਤੇ ਵੱਧ ਤੋਂ ਵੱਧ ਰੁੱਖ ਜਰੂਰ ਲਗਵਾਏ।

# ਧਰਤੀ ਹੇਠਲਾ ਪਾਣੀ ਬਚਾਉਣ ਲਈ ਸਰਕਾਰ ਦੇ ਧਿਆਨ ਯੋਗ ਨੁਕਤੇ



-ਡਾ. ਅਮਨਪ੍ਰੀਤ ਸਿੰਘ ਬਰਾੜ-

ਪੰਜਾਬ ਵਿੱਚ ਨਵੀਂ ਸਰਕਾਰ ਬਣੀ ਲੋਕਾਂ ਦੀਆਂ ਨਵੀਆਂ ਉਮੀਦਾਂ ਜਾਗੀਆਂ ਹਨ। ਇਸ ਵਿੱਚ ਕਈ ਪ੍ਰਮੁੱਖ ਫੈਸਲੇ ਲਏ ਗਏ। ਇਹਨਾਂ ਵਿਚੋਂ ਦੋ ਫੈਸਲੇ ਖੇਤੀ ਸੰਬੰਧੀ ਹਨ ਇੱਕ ਸਰਕਾਰ ਨੇ ਕਿਹਾ ਹੈ ਕਿਸਾਨ ਮੂੰਗੀ ਬੀਜਣ ਅਤੇ ਸੂਬਾ ਸਰਕਾਰ ਇਸ ਫਸਲ ਨੂੰ ਐਮ ਐਸ ਪੀ ਜੋ 7275 ਰੁਪਏ ਪ੍ਰਤੀ ਕੁਇੰਟਲ ਹੈ ਉਸ ਤੇ ਖਰੀਦੇਗੀ। ਦੂਸਰਾ ਕਿ ਜਿਹੜੇ ਕਿਸਾਨ ਸਿੱਧੀ ਬਿਜਾਈ ਕਰਨਗੇ ਉਹਨਾਂ ਨੂੰ 1500 ਰੁਪਏ ਪ੍ਰਤੀ ਏਕੜ ਮਿਲੇਗਾ। ਇਹ ਦੋਨੋ ਗੱਲਾਂ ਸ਼ਲਾਘਾਯੋਗ ਹਨ ਪਰ ਇਸ ਵਾਰ ਇਹ ਅਮਲੀ ਜਾਮੇ ਤੋਂ ਥੋੜਾ ਦੂਰ ਹਨ। ਮੇਰਾ ਕਹਿਣ ਦਾ ਭਾਵ ਹੈ ਸੱਠੀ ਮੂੰਗੀ ਦੀ ਬਿਜਾਈ ਦਾ ਸਮਾਂ ਤਾਂ ਨਿੱਕਲ ਚੁੱਕਾ ਹੈ ਪਰ ਝੋਨੇ ਦੀ ਸਿੱਧੀ ਬਿਜਾਈ ਵਾਲੇ ਇਸ ਦਾ ਲਾਹਾ ਲੈ ਸਕਦੇ ਹਨ। ਹੁਣ ਵੇਖਣ ਵਾਲੀ ਗੱਲ ਹੈ ਕਿ ਸਾਉਣੀ ਵਿੱਚ ਮੂੰਗੀ ਹੇਠ ਰਕਬਾ ਕਿੰਨਾ ਵੱਧਦਾ ਹੈ ਇਸ ਐਲਾਨ ਨਾਲ।

ਪਰ ਆਪਣਾ ਮੁੱਖ ਮੁੱਦਾ ਹੈ ਪਾਣੀ ਬਚਾਉਣਾ ਹੈ ਕੀ ਇਹਨਾਂ ਦੋਨਾਂ ਫੈਸਲਿਆਂ ਨਾਲ ਅਸੀਂ ਪਾਣੀ ਬਚਾਉਣ ਵੱਲ ਕਦਮ ਵਧਾ ਸਕਾਂਗੇ। ਆਉ ਇਸ ਦਾ ਵਿਸ਼ਲੇਸ਼ਣ ਕਰੀਏ। ਜਿਥੋ ਤੱਕ ਮੂੰਗੀ ਦਾ ਸਵਾਲ ਹੈ ਸੱਠੀ ਮੂੰਗੀ ਇਕ ਤੀਜੀ ਫ਼ਓਮਪ;ਸਲ ਹੋਵੇਗੀ, ਜਿਸ ਨਾਲ ਪਾਣੀ ਦੀ ਖਪਤ ਹੋਰ ਵਧੇਗੀ। ਜੇ ਘੱਟੋ ਘੱਟ ਇਕ ਰਾਉਣੀ ਅਤੇ ਬੀਜਾਈ ਤੋਂ ਬਾਅਦ 4 ਪਾਣੀ ਲੱਗੇ ਤਾਂ 40 ਸੈਟੀਮੀਟਰ ਪਾਣੀ ਲੱਗ ਗਿਆ।

ਇਸ ਵਕਤ ਪੰਜਾਬ ਦੇ ਪਾਣੀ ਹੇਠਾਂ ਜਾਣ ਦੀ ਸਮੱਸਿਆ ਤਿੰਨਾ ਕਾਰਨਾਂ ਕਰਕੇ ਹੈ।

1. ਘਣੀ ਖੇਤੀ ਯਾਨੀ ਜਮੀਨ ਵਿੱਚ ਬਹੁਤਾ ਸਮਾਂ ਕੋਈ ਨਾ ਕੋਈ ਫਸਲ ਖੜੀ ਰਹਿਣਾ। ਸਾਨੂੰ ਆਪਣਾ ਡੇਟਾ ਵੀ ਠੀਕ ਕਰਨ ਦੀ ਲੋੜ ਹੈ। ਕਾਗਜਾਂ ਵਿੱਚ ਪੰਜਾਬ ਦੀ ਕਰਾਪਿੰਗ ਇੰਨਟੇਸਟੀ 189 ਪ੍ਰਤੀਸ਼ਤ ਹੈ, ਜਦਕਿ ਅਸਲੀਅਤ ਵਿੱਚ ਇਹ 240 ਪ੍ਰਤੀਸ਼ਤ ਦੇ ਕਰੀਬ ਹੈ।

ਜਦੋਂ ਖੇਤ ਵਿੱਚ ਫਸਲ ਖੜੀ ਹੋਵੇਗੀ ਤਾਂ ਵਾਸ਼ਪੀਕਰਣ ਰਾਹੀਂ ਪਾਣੀ ਜਮੀਨ ਵਿਚੋਂ ਉੱਡਣਾ ਹੀ ਉੱਡਣਾ। ਵੱਖ ਵੱਖ ਫਸਲਾਂ ਦਾ ਵਾਸ਼ਪੀਕਰਣ ਇਸ ਪ੍ਰਕਾਰ ਹੈ ਧਾਨ 73 ਸੈਂਟੀਮੀਟਰ, ਨਰਮੇ ਲਈ 65 ਸੈਂਟੀਮੀਟਰ, ਮੱਕੀ 60 ਸੈਂਟੀਮੀਟਰ, ਗੰਨਾ 180 ਸੈਂਟੀਮੀਟਰ, ਮੂੰਗੀ 40 ਸੈਂਟੀਮੀਟਰ, ਕਣਕ 50 ਸੈਂਟੀਮੀਟਰ, ਛੋਲੇ 40 ਸੈਟੀਮੀਟਰ, ਪੱਠਿਆ ਦਾ ਵਾਸ਼ਪੀਕਰਣ ਪਕਾਵੀਂ ਫਸਲ ਨਾਲੋਂ ਜਿਆਦਾ ਹੋਵੇਗਾ ਕਿਉਂਕਿ ਪੱਠੇ ਸੰਘਣੇ ਬੀਜੇ ਜਾਂਦੇ ਹਨ ਅਤੇ ਉਸ ਦੇ ਪੱਤੇ ਜਿਆਦਾ ਹੁੰਦੇ ਹਨ। ਕਲਚਰਲ ਪਰੈਕਟਿਸਸ ਨਾਲ ਪਾਣੀ ਦੀ ਲਾਗਤ ਕੁੱਝ ਹੱਦ ਤੱਕ ਘਟਾਈ ਜਾ ਸਕਦੀ ਹੈ।

2. ਧਾਨ ਦੀ ਫਸਲ ਦਾ ਵਾਸ਼ਪੀਕਰਣ ਜਿਆਦਾ ਹੈ ਵੇਸੇ ਵੀ ਇਹ ਤਰ ਇਲਾਕੇ ਦੀ ਫਸਲ ਹੈ ਸਾਡੇ ਗਲ ਤਾਂ ਦੇਸ਼ ਦੀ ਭੁੱਖ ਮਿਟਾਉਣ ਨੂੰ ਮੜੀ ਗਈ ਸੋ ਹੁਣ ਅਸੀਂ ਆਰਥਿਕ ਪਖੋਂ ਇਸ ਚੱਕਰ ਵਿੱਚ ਫੱਸ ਗਏ ਕਿ ਨਿਕਲਣ ਦਾ ਕੋਈ ਹੱਲ ਹੀ ਨਹੀਂ ਦਿਸਦਾ। ਇਸ ਸਾਲ ਵੀ ਕੇਂਦਰ ਵਲੋਂ

1120 ਲੱਖ ਟਨ ਚੋਲ, ਪੈਦਾ ਕਰਨ ਦੇ ਟਾਰਗੇਟ ਮਿੱਥੇ ਹਨ ਜਦ ਕਿ ਪਿਛਲੇ ਸਾਲ ਇਹ ਟਾਰਗੇਟ 109.5 ਲੱਖ ਟਨ ਸੀ। ਜ਼ਾਹਰ ਹੈ ਜੇ ਕੇਂਦਰ ਨੇ ਸਮੁੱਚੇ ਦੇਸ਼ ਵਿੱਚ ਚੋਲ ਪੈਦਾ ਕਰਨ ਦਾ ਟਾਰ-ਗੇਟ ਵਧਾਇਆ ਹੈ ਤਾਂ ਸਾਡੇ ਸੂਬੇ ਦਾ ਵੀ ਵੱਧਿਆ ਹੋਵੇਗਾ, ਕਿਉਂਕਿ ਪਾਣੀ ਦੀ ਕਮੀ ਤਾਂ ਸਮੁੱਚੇ ਦੇਸ਼ ਵਿੱਚ ਹੀ ਹੈ। ਇਕ ਪਾਸੇ ਸਰਕਾਰ ਪੈਦਾਵਾਰ ਦਾ ਟਾਰਗੇਟ ਵਧਾਉਦੀ ਹੈ ਦੂਜੇ ਪਾਸੇ ਖਰੀਦਣ ਤੋ ਪੈਰ ਖਿਸਕਾਉਦੀ ਹੈ। ਭਾਵ ਖੱਬਾ ਹੱਥ ਸੱਜੇ ਨੂੰ ਨਹੀਂ ਪਹਿਚਾਣਦਾ। 3. ਪਾਣੀ ਹੇਠਾਂ ਜਾਣ ਦਾ ਤੀਜਾ ਮੁੱਖ ਕਾਰਨ ਹੈ। ਬਾਰਸ਼ਾਂ ਦਾ ਘੱਟ ਹੋਣਾ। ਸਰਕਾਰੀ ਡੇਟਾ ਦੱਸਦਾ ਹੈ ਕਿ ਪਿਛਲੇ 50-60 ਸਾਲਾਂ ਵਿੱਚ ਬਾਰਿਸ਼ 20 ਸੈਟੀਮੀਟਰ ਘੱਟ ਗਈ। ਹੁਣ ਪੰਜਾਬ ਵਿੱਚ ਔਸਤ ਬਾਰਸ਼ 45 ਸੈਟੀਮੀਟਰ ਰਹਿ ਗਈ ਜਿਹੜੀ ਦਰਿਆਈ ਪਾਣੀਆਂ ਦੀ ਵੰਡ ਵੇਲੇ 65 ਸੈਟੀਮੀਟਰ ਸੀ। ਪਰ ਅੱਜ ਵੀ ਸਾਡੇ ਬਹੁਤੇ ਬੁੱਧੀਜੀਵੀ ਉਹ ਪੁਰਾਣੇ ਅੰਕੜੇ ਹੀ ਲਿਖੀ ਜਾਂਦੇ ਹਨ।

ਪੰਜਾਬ ਸਰਕਾਰ ਕੀ ਕਰੇ - ਹਰ ਸਮੱਸਿਆ ਦੇ ਦੋ ਤਰ੍ਹਾਂ ਦੇ ਹੱਲ ਹੁੰਦੇ ਹਨ। ਇਕ ਤੁਰੰਤ ਕੰਮ ਕਰਨ ਵਾਲੇ ਇਕ ਲੰਬੇ ਸਮੇਂ ਅਤੇ ਸਥਾਈ ਹੱਲ ਲੱਭਣ ਵਾਲੇ।

ਤੁਰੰਤ ਹੱਲ ਇਹ ਹਨ

ਪੰਜਾਬ ਪਰੇਸਰਵੇਸ਼ਨ ਆਫ ਸਬ ਸਾਇਲ ਵਾਟਰ ਕਾਨੂੰਨ 2009 ਨੂੰ ਪੁਖਤਾ ਤਰੀਕੇ ਨਾਲ ਲਾਗੂ ਕੀਤਾ ਜਵੇ। ਇਹ ਕਾਨੂੰਨ ਪੂਰੀ ਤਰ੍ਹਾਂ ਲਾਗੂ ਹੋ ਗਿਆ ਸੀ ਕਿਸਾਨ 20 ਜੂਨ ਤੱਕ ਵੀ ਚਲੇ ਗਏ ਸਨ। ਇਸ ਦਾ ਧਰਤੀ ਦੇ ਪਾਣੀ ਨੀਵੇ ਜਾਣ ਤੇ ਵੀ ਅਸਰ ਹੋਇਆ ਸੀ ਅਤੇ ਪਾਣੀ ਨੀਵਾਂ ਜਾਣ ਦੀ ਰਫਤਾਰ ਵੀ ਘਟੀ ਸੀ। ਕਰੋਨਾ ਕਾਲ ਵਿੱਚ ਲੇਬਰ ਘੱਟ ਮਿਲਣ ਕਾਰਨ ਕਰਕੇ 2 ਸਾਲ ਢਿੱਲ ਦਿਤੀ ਗਈ ਸੀ। ਪਰ ਅੱਜ ਕਰੋਨਾ ਖਤਮ ਹੈ ਤੇ ਢਿੱਲ ਵੀ ਖਤਮ ਹੋਣੀ ਚਾਹੀਦੀ ਹੈ। ਜਿਨ੍ਹਾਂ ਪਾਣੀ ਬੱਚਦਾ ਹੈ ਬਚਾਉਣਾ ਚਾਹੀਦਾ ਹੈ। ਕਾਫੀ ਕਿਸਾਨ ਵੀ ਇਸ ਨਾਲ ਸਹਿਮਤ ਹਨ। ਇਸ ਵਕਤ ਪਾਣੀ ਪਹਿਲ ਦੇ ਅਧਾਰ ਤੇ ਬਚਾਉਣਾ ਚਾਹੀਦਾ ਹੈ। ਇਸ ਤੋਂ ਉਪਰ ਲੰਬੇ ਸਮੇਂ ਵਾਲੀਆਂ ਕਿਸਮਾਂ ਜਿਵੇਂ ਪੂਸਾ 44 ਵਰਗੀਆਂ ਕਿਸਮਾਂ ਪੰਜਾਬ ਵਿੱਚ ਲਾਉਣ ਤੇ ਕਾਨੂੰਨਨ ਮਨਾਹੀ ਹੋਣੀ ਚਾਹੀਦੀ ਹੈ ਭਾਵੇਂ ਇਸ ਲਈ ਆਰਡੀਨੈਂਸ ਲੈ ਕੇ ਆਉ ।

ਘੱਟ ਸਮੇਂ ਵਿੱਚ ਪੱਕਣ ਵਾਲੀਆਂ ਕਿਸਮਾਂ ਜਿਵੇ ਪੀ ਆਰ 126 ਆਦਿ ਦੇ ਬੀਜ ਕਿਸਾਨਾਂ ਨੂੰ ਵੱਧ ਤੋਂ ਵੱਧ ਉਪਲੱਬਧ ਕਰਵਾਉ। ਬਾਸਮਤੀ ਹੇਠਾ ਰਕਬਾ ਅੰਤਰਰਾਸ਼ਟਰੀ ਮੰਗ ਅਨੁਸਾਰ ਵਧਾਇਆ ਜਾ ਸਕਦਾ ਹੈ। ਲੰਬੇ ਸਮੇਂ ਲਈ ਹੱਲ ਜਿਸ ਤਰ੍ਹਾਂ ਮੈਂ ਪਹਿਲਾਂ ਜ਼ਿਕਰ ਕੀਤਾ ਹੈ ਕਿ ਪਾਣੀ ਦੇ ਨੈਗੇਟਿਵ ਬੇਲੇਂਸ ਦਾ ਮੁੱਖ ਕਾਰਨ ਹੈ ਕਿ ਫਸਲੀ ਘਣਤਾ ਜਾਂ ਕਰਾਪਿੰਗ ਇਨਟੇਸਟੀ ਜਿਸ ਨੂੰ ਘੱਟ ਕਰਨਾ ਸਾਡੇ ਲਈ ਘਾਤਕ ਹੈ ਕਿਉਂਕਿ ਸੂਬਾ ਖੇਤੀ ਪ੍ਰਧਾਨ ਹੈ ਅਤੇ ਲੋਕਾਂ ਅਤੇ ਸਰਕਾਰ ਦੀ ਆਮਦਨ ਦਾ ਮੁੱਖ ਸਰੋਤ ਹੈ। ਇਸ ਲਈ ਫਸਲੀ ਚੱਕਰ ਉਹ ਚੁਣਿਆ ਜਾਣ ਚਾਹੀਦਾ ਹੈ ਜਿਸ ਦੀ ਪਾਣੀ ਦੀ ਲੋੜ ਘੱਟ ਹੋਵੇ ਦੂਜਾ ਉਹਨਾਂ ਫਸਲਾਂ ਦੇ ਪੈਦਾ ਕਰਨ ਦੀਆਂ ਵਿਧੀਆ ਇਹੋ ਜਿਹੀਆਂ ਹੋਣ ਜਿਨ੍ਹਾਂ ਨਾਲ ਪਾਣੀ ਦੀ ਬੱਚਤ ਹੋ ਸਕੇ ਤੀਜਾ ਉਹਦੇ ਵਿੱਚ ਮੈਨੂਅਲ ਲੇਬਰ ਘੱਟ ਲੱਗੇ ਅਤੇ ਮਸ਼ਨਿਰੀ ਦੀ ਵਰਤੋ ਜਿਆਦਾ ਹੋਵੇ। ਇਸ ਸੱਭ ਤੋਂ ਉੱਪਰ ਕਿਸਾਨਾਂ ਦੀ ਆਮਦਨ ਘਟਣੀ ਨਹੀਂ ਚਾਹੀਦੀ। ਮਿਸਾਲ ਦੇ ਤੌਰ ਤੇ ਮੂੰਗੀ ਦੀ ਫਸਲ ਵਿੱਚ ਕੀ ਕਮੀਆਂ ਹਨ। ਫਸਲ ਦਾ ਝਾੜ ਘੱਟ ਬਿਮਾਰੀਆਂ ਤੇ ਕੀੜੇ ਜਿਆਦਾ, ਇੱਕ ਸਾਰ ਨਾ ਪੱਕਣਾ। ਇਕ ਸਾਰ ਨਾ ਪੱਕਣ ਕਰਕੇ ਇਸ ਨੂੰ ਵੱਡ ਕੇ ਕੁਝ ਦਿਨ ਪਕਾਉਣਾ ਪੈਂਦਾ ਹੈ ਅਤੇ ਜੇ ਉਹਨਾਂ ਦਿਨਾਂ ਵਿੱਚ ਬਾਰਸ਼ ਆ ਗਈ ਤਾਂ ਦਾਣੇ ਕਾਲੇ, ਕੁਆਲਟੀ ਖਰਾਬ। ਇਹਨਾਂ ਦਿੱਕਤਾਂ ਦੇ ਬਾਵਜੂਦ ਪਾਣੀ ਬਚਾਉਣ ਦਾ ਕੋਈ ਹੱਲ ਤਾਂ ਲੱਭਣਾ ਪੈਣਾ ਹੈ। ਇਸ ਲਈ ਮਾਹਿਰਾਂ ਦੀ ਇਕ ਕਮੇਟੀ ਬਣਾਉ ਜਿਸ ਵਿੱਚ ਕਿਸਾਨ ਜਥੇਬੰਦੀਆਂ ਦੇ ਮੈਂਬਰ ਵੀ ਪਾਉ ਜੋ ਉਪਰੋਕਤ ਗੱਲਾਂ ਨੂੰ ਧਿਆਨ ਵਿੱਚ ਰੱਖ ਕਿ ਇਕ ਕਰਾਪਿੰਗ ਪੈਟਰਨ ਬਣਾਵੇ ਜਿਸ ਨਾਲ ਸੂਬੇ ਦੇ ਪਾਣੀ ਦਾ ਬੇਲੇਂਸ ਘੱਟੋ ਘੱਟ ਇਸ ਤੋਂ ਹੇਠਾਂ ਨਾ ਜਾਵੇ ਅਤੇ ਕਿਸਾਨਾਂ ਦੀ ਆਮਦਨ ਵੀ ਨਾ ਘਟੇ।






# ਡੇਰਾ ਪ੍ਰਬੰਧਕਾਂ ਨੇ ਖੇਤਾਂ ਨੂੰ ਜਾਂਦਾ ਰਾਹ ਰੋਕਿਆ, ਕਿਸਾਨਾਂ ਵੱਲੋਂ ਰੋਸ ਮੁਜ਼ਾਹਰਾ



ਰਈਆ, 19 ਮਈ (ਪੋਸਟ ਬਿਊਰੋ)- ਏਥੋਂ ਨੇੜਲੇ ਪਿੰਡ ਜੋਧੇ ਵਿੱਚ ਇੱਕ ਧਾਰਮਿਕ ਡੇਰੇ ਵੱਲੋਂ ਰਾਤੋ-ਰਾਤ ਗੇਟ ਲਾ ਕੇ ਕਿਸਾਨਾਂ ਦੀਆਂ ਜ਼ਮੀਨਾਂ ਨੂੰ ਜਾਂਦਾ ਰਾਹ ਬੰਦ ਕਰਨ ਦੇ ਰੋਸ ਵਜੋਂ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਕਾਰਕੁਨਾਂ ਨੇ ਉਸ ਡੇਰੇ ਵਿਰੁੱਧ ਧਰਨਾ ਲਾ ਕੇ ਰੋਸ ਮੁਜ਼ਾਹਰਾ ਕੀਤਾ ਅਤੇ ਗੇਟ ਪੁੱਟ ਦਿੱਤਾ।

ਇਸ ਮੌਕੇ ਕਿਸਾਨਾਂ ਨੇ ਦੋਸ਼ ਲਾਇਆ ਕਿ ਇਸ ਡੇਰੇ ਨੇ ਸੈਂਕੜੇ ਏਕੜ ਪੰਚਾਇਤੀ ਜ਼ਮੀਨਾਂ ਉੱਤੇ ਕਬਜ਼ਾ ਕੀਤਾ ਹੋਇਆ ਹੈ।ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਜ਼ੋਨ ਬਾਬਾ ਬਕਾਲਾ ਦੇ ਪ੍ਰਧਾਨ ਚਰਨ ਸਿੰਘ ਕਲੇਰ ਨੇ ਕਿਹਾ ਕਿ ਪਿੰਡ ਜੋਧੇ ਵਿੱਚ ਦਰਜਨ ਤੋਂ ਵੱਧ ਕਿਸਾਨਾਂ ਦੀਆਂ ਜ਼ਮੀਨਾਂ ਡੇਰੇ ਨਾਲ ਲੱਗਦੀਆਂ ਹਨ ਅਤੇ ਜੋਧੇ ਤੋਂ ਦਰਿਆ ਮੰਡ ਨੂੰ 76 ਫੁੱਟ ਚੌੜਾ ਰਸਤਾ ਜਾਂਦਾ ਹੈ, ਜਿਸ ਉੱਤੇ ਉਕਤ ਡੇਰੇ ਨੇ ਨਾਜਾਇਜ਼ ਕਬਜ਼ਾ ਕੀਤਾ ਹੋਇਆ ਹੈ। ਇਸੇ ਤਰ੍ਹਾਂ ਜੰਗਲਾਤ ਵਿਭਾਗ ਦੀ ਜ਼ਮੀਨ ਦੇ ਚੜ੍ਹਦੇ ਪਾਸੇ ਵਾਲੇ ਰਾਹ ਉੱਤੇ ਵੀ ਡੇਰੇ ਦਾ ਕਬਜ਼ਾ ਹੈ।ਉਨ੍ਹਾਂ ਇਹ ਵੀ ਦੱਸਿਆ ਕਿ ਪਿੰਡ ਬੱਲਸਰਾਂ ਦੀ 286 ਏਕੜ ਜ਼ਮੀਨ ਦਾ ਫੈਸਲਾ ਹਾਈ ਕੋਰਟ ਨੇ ਪੰਚਾਇਤ ਦੇ ਹੱਕ ਵਿੱਚ ਕੀਤਾ ਹੈ, ਪਰ ਉਸ ਜ਼ਮੀਨ ਉੱਤੇ ਹਾਲੇ ਤਕ ਡੇਰੇ ਦਾ ਕਬਜ਼ਾ ਹੈ। ਉਨ੍ਹਾਂ ਮੰਗ ਕੀਤੀ ਕਿ ਉਹਰਾਹ ਪੰਚਾਇਤ ਹਵਾਲੇ ਕਰ ਕੇ ਬੰਦ ਦਰਖੁੱਲ੍ਹਵਾਏ ਜਾਣ। ਕਿਸਾਨਾਂ ਨੇ ਡੇਰਾ ਰਾਧਾ ਸੁਆਮੀ ਬਿਆਸ ਅਤੇ ਪ੍ਰਸ਼ਾਸਨ ਵਿਰੁੱਧ ਨਾਅਰੇਬਾਜ਼ੀ ਵੀ ਕੀਤੀ।

ਦੂਸਰੇ ਪਾਸੇ ਡੇਰਾ ਰਾਧਾ ਸੁਆਮੀ ਦੇ ਸੈਕਟਰੀ ਨਿਰਮਲ ਪਟਵਾਲੀਆ ਨੇ ਇਸ ਬਾਰੇ ਕੁਝ ਕਹਿਣ ਤੋਂ ਇਨਕਾਰ ਕਰਦੇ ਹੋਏ ਸਿਰਫ ਏਨਾ ਕਿਹਾ ਕਿ ਇਹ ਵਿਸ਼ਾ ਉਨ੍ਹਾਂ ਦੇ ਅਧਿਕਾਰ ਖੇਤਰ ਵਿੱਚ ਨਹੀਂ। ਇਸ ਮੌਕੇ ਡੇਰੇ ਵੱਲੋਂ ਸੈਕਟਰੀ ਨਿਰਮਲ ਸਿੰਘ, ਡੀ ਐਸ ਪੀ ਬਾਬਾ ਬਕਾਲਾ ਹਰਕ੍ਰਿਸ਼ਨ ਸਿੰਘ ਅਤੇ ਕਿਸਾਨ ਸੰਘਰਸ਼ ਕਮੇਟੀ ਵੱਲੋਂ ਚਰਨ ਸਿੰਘ ਕਲੇਰ, ਸੰਤੋਖ ਸਿੰਘ, ਕਰਮ ਸਿੰਘ ਬੱਲਸਰਾਂ ਤੇ ਹੋਰਨਾਂ ਕਿਸਾਨਾਂ ਨਾਲ ਗੱਲਬਾਤ ਕਰਦਿਆਂ ਪ੍ਰਸ਼ਾਸਨ ਨੇ ਭਰੋਸਾ ਦਿੱਤਾ ਕਿ ਡੇਰੇ ਵੱਲੋਂ ਪਿੰਡ ਜੋਧੇ ਵਿੱਚ ਗੇਟ ਨਹੀਂ ਲਾਇਆ ਜਾਵੇਗਾ ਤੇ ਹੋਰ ਪੰਚਾਇਤੀ ਜ਼ਮੀਨ ਦਾ ਕਬਜ਼ਾ ਛੁਡਵਾਇਆ ਜਾਵੇਗਾ। ਇਸ ਭਰੋਸੇ ਮਗਰੋਂ ਕਿਸਾਨਾਂ ਨੇ ਧਰਨਾ ਸਮਾਪਤ ਕਰ ਦਿੱਤਾ।

# ਨਵਜੋਤ ਕੌਰ ਸਿੱਧੂ ਵੱਲੋਂ ਮੰਗ: ਕੁੰਵਰ ਵਿਜੇ ਪ੍ਰਤਾਪ ਸਿੰਘ ਨੂੰ ਗ੍ਰਹਿ ਮੰਤਰੀ ਲਾਇਆ ਜਾਵੇ

ਅੰਮ੍ਰਿਤਸਰ, 19 ਮਈ (ਪੋਸਟ ਬਿਊਰੋ)- ਪੰਜਾਬ ਦੀ ਸਾਬਕਾ ਵਿਧਾਇਕਾ ਅਤੇ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਦੀ ਪਤਨੀ ਡਾਕਟਰ ਨਵਜੋਤ ਕੌਰ ਸਿੱਧੂ ਨੇ ਕੱਲ੍ਹ ਅੰਮ੍ਰਿਤਸਰ ਉਤਰੀ ਅਸੈਂਬਲੀ ਹਲਕੇ ਤੋਂ ਆਮ ਆਦਮੀਪਾਰਟੀ ਦੇ ਵਿਧਾਇਕ ਕੁੰਵਰ ਵਿਜੇਪ੍ਰਤਾਪ ਸਿੰਘ ਦੇ ਹੱਕ ਵਿੱਚ ਬਿਆਨ ਦਿੱਤਾ ਹੈ।

ਡਾ: ਨਵਜੋਤ ਕੌਰ ਸਿੱਧੂ ਨੇ ਸਾਬਕਾ ਆਈ ਪੀ ਐਸ ਅਫਸਰ ਕੁੰਵਰ ਵਿਜੇਪ੍ਰਤਾਪ ਸਿੰਘ ਦੇ ਹੱਕ ਵਿੱਚ ਜਿਹੜਾ ਟਵੀਟ ਕੀਤਾ ਹੈ, ਉਹ ਸਿਆਸੀ ਅਤੇ ਸਮਾਜਿਕ ਹਲਕਿਆਂ ਵਿੱਚ ਚਰਚਾ ਦਾ ਵਿਸ਼ਾ ਬਣ ਗਿਆ ਹੈ। ਇਸ ਵਿੱਚ ਡਾਕਟਰ ਨਵਜੋਤ ਕੌਰ



ਸਿੱਧੂ ਨੇ ਸੂਬੇ ਵਿੱਚ ਵਿਗੜਦੀ ਅਮਨ ਕਾਨੂੰਨ ਦੀ ਸਥਿਤੀ ਬਾਰੇ ਕਿਹਾ ਕਿ ਪੰਜਾਬ ਵਿੱਚ ਅਪਰਾਧ ਸਿਖਰਾਂ ਉੱਤੇਪੁੱਜ ਗਏ ਹਨ। ਉਨ੍ਹਾਂ ਕਿਹਾ ਕਿ ਉਹ ਇਹ ਸਮਝਣ ਤੋਂ ਅਸਫਲ ਹਨ ਕਿ ਸੀਨੀਅਰ ਆਈ ਪੀ ਐਸ ਅਫਸਰ ਅਤੇ ਵਿਧਾਇਕ ਕੁੰਵਰ ਵਿਜੇ ਪ੍ਰਤਾਪ ਸਿੰਘ ਨੂੰ ਪੰਜਾਬ ਦਾ ਗ੍ਰਹਿ ਮੰਤਰੀ ਵਜੋਂ ਕਿਉਂ ਨਹੀਂ ਬਣਾਇਆ ਗਿਆ। ਡਾਕਟਰ ਸਿੱਧੂ ਨੇ ਕਿਹਾ ਕਿ ਉਹ ਕੁੰਵਰ ਵਿਜੇਪ੍ਰਤਾਪ ਨੂੰ ਓਦੋਂ ਤੋਂ ਜਾਣਦੇ ਹਨ, ਜਦੋਂ ਉਹ ਅੰਮ੍ਰਿਤਸਰ ਵਿੱਚ ਪੁਲਸ ਅਧਿਕਾਰੀ ਸਨ ਤੇ ਉਸ ਵੇਲੇ ਇਲਾਕੇ ਵਿੱਚ ਅਮਨ ਕਾਨੂੰਨ ਦੀ ਸਥਿਤੀ ਬਿਲਕੁੱਲ ਠੀਕ ਸੀ ਅਤੇ ਅਪਰਾਧੀਆਂ ਨੂੰ ਕੁਝ ਘੰਟਿਆਂ ਵਿੱਚ ਕਾਬੂ ਕਰ ਲਿਆ ਜਾਂਦਾ ਅਤੇ ਸਜ਼ਾ ਦਿੱਤੀ ਜਾਂਦੀ ਸੀ ਅਤੇ ਕੋਈ ਵੀ ਆਈ ਪੀ ਉਨ੍ਹਾਂ ਨੂੰ ਇਸ ਕੰਮ ਤੋਂ ਰੋਕਣ ਦੀ ਹਿੰਮਤ ਨਹੀਂ ਸੀ ਕਰਦਾ। ਉਨ੍ਹਾਂ ਆਪਣੇ ਟਵੀਟ ਵਿੱਚ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਟੈਗ ਕਰ ਕੇਪੰਜਾਬੀਆਂ ਵੱਲੋਂ ਸੂਬੇ ਦੇ ਗ੍ਰਹਿ ਮੰਤਰੀ ਵਜੋਂ ਕੁੰਵਰ ਵਿਜੇਪ੍ਰਤਾਪ ਦੀ ਨਿਯੁਕਤੀ ਲਈ ਅਪੀਲ ਕੀਤੀ ਹੈ।

# ਕਰਤਾਰਪੁਰ ਲਾਂਘੇ ਨੇ 75 ਸਾਲਾਂ ਤੋਂ ਵਿੱਛੜੇ ਸਕੇ ਭੈਣ ਭਰਾ ਮਿਲਾਏ



ਅੰਮ੍ਰਿਤਸਰ, 19 ਮਈ (ਪੋਸਟ ਬਿਊਰੋ)- ਕਰਤਾਰਪੁਰ ਸਾਹਿਬ ਦਾ ਲਾਂਘਾ ਵਿੱਛੜੇ ਪਰਵਾਰਾਂ ਨੂੰ ਮਿਲਾਉਣ ਵਾਲਾ ਇੱਕ ਚੰਗਾ ਵਸੀਲਾ ਬਣ ਚੁੱਕਾ ਹੈ। ਇਸ ਲਾਂਘੇ ਦੀ ਇਸ ਯਾਤਰਾ ਨਾਲ ਇੱਕ ਪਾਕਿਸਤਾਨੀ ਮੁਸਲਿਮ ਔਰਤ 75 ਸਾਲਾਂ ਪਿੱਛੋਂ ਪਹਿਲੀ ਵਾਰ ਆਪਣੇ ਸਿੱਖ ਭਰਾਵਾਂ ਨੂੰ ਸੋਸ਼ਲ ਮੀਡੀਆ ਦੇ ਸਦਕਾ ਮਿਲੀ ਹੈ।

ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਤੋਂ ਦੀਪਕ ਸਿੰਘ ਅਰੋੜਾ ਨੇ ਦੱਸਿਆ ਕਿ 1947 ਦੀ ਵੰਡ ਵੇਲੇ ਮੁਮਤਾਜ਼ ਬੀਬੀ ਛੋਟੀ ਬੱਚੀ ਸੀ। ਦੰਗਿਆਂ ਵੇਲੇ ਉਸਦੀ ਮਾਂ ਨੂੰ ਦੰਗਾਕਾਰੀਆਂ ਨੇ ਮਾਰ ਦਿੱਤਾ ਅਤੇ ਜਦੋਂ ਉਹ ਮੁਹੰਮਦ ਇਕਬਾਲ ਅਤੇ ਉਸ ਦੀ ਪਤਨੀ ਅੱਲਾ ਰੱਖੀ ਨੂੰ ਮਿਲੀ ਤਾਂ ਓਦੋਂ ਆਪਣੀ ਮਾਂ ਦੀ ਲਾਸ਼ ਕੋਲ ਬੈਠੀ ਰੋ ਰਹੀ ਸੀ। ਉਸ ਮੁਸਲਿਮ ਜੋੜੇ ਨੇ ਬੱਚੀ ਨੂੰ ਪਾਲਣ ਦਾ ਫ਼ੈਸਲਾ ਕੀਤਾ ਅਤੇ ਉਨ੍ਹਾਂ ਨੇ ਉਸ ਦਾ ਨਾਂਅ ਮੁਮਤਾਜ਼ ਰੱਖਿਆ। ਬਾਅਦ ਵਿੱਚ ਜਦੋਂ ਮਾਹੌਲ ਸ਼ਾਂਤ ਹੋਇਆ ਤਾਂ ਮੁਹੰਮਦ ਇਕਬਾਲ ਬੱਚੀ ਨੂੰ ਜ਼ਿਲ੍ਹਾ ਸ਼ੇਖੂਪੁਰਾ ਦੇ ਪਿੰਡ ਵਿਕਰਾਂ ਵਿੱਚ ਆਪਣੇ ਘਰ ਲੈ ਗਿਆ।ਦੀਪਕ ਸਿੰਘ ਦੇ ਅਨੁਸਾਰ ਇਕਬਾਲ ਅਤੇ ਉਸ ਦੀ ਪਤਨੀ ਨੇ ਮੁਮਤਾਜ਼ ਨੂੰ ਆਪਣੀ ਸਕੀ ਬੇਟੀ ਵਾਂਗ ਪਾਲਿਆ। ਉਸ ਨੂੰ ਪੜ੍ਹਾਇਆ ਤੇ ਸਾਰੇ ਰੀਤੀ-ਰਿਵਾਜਾਂ ਅਨੁਸਾਰ ਉਸਦਾ ਵਿਆਹ ਕਰਵ-ਾਇਆ। ਦੋ ਸਾਲ ਪਹਿਲਾਂ ਜਦੋਂ ਮੁਹੰਮਦ ਇਕਬਾਲ ਦੀ ਸਿਹਤ ਵਿਗੜ ਗਈ ਤਾਂ ਉਸ ਨੇ ਮੁਮਤਾਜ਼ ਨੂੰ ਸੱਚਾਈ ਦੱਸੀ ਕਿ ਉਹ ਉਸ ਦੀ ਬੇਟੀ ਨਹੀਂ ਅਤੇ ਨਾ ਕਿਸੇ ਮੁਸਲਿਮ ਪਰਵਾਰ ਤੋਂ ਹੈ। ਅਸਲ ਵਿੱਚ ਉਹ ਇੱਕ ਸਿੱਖ ਪਰਵਾਰ ਵਿੱਚੋਂ ਹੈ ਅਤੇ ਉਹ ਵੰਡ ਵੇਲੇ ਮਿਲੀ ਸੀ। ਮੁਮਤਾਜ਼ ਨੂੰ ਇਹ ਸੱਚ ਦੱਸਣ ਤੋਂ ਕੁਝ ਦਿਨਾਂ ਪਿੱਛੋਂ ਇਕਬਾਲ ਦੀ ਮੌਤ ਹੋ ਗਈ। ਇਸ ਪਿੱਛੋਂ ਮੁਮਤਾਜ਼ ਦੇ ਬੇਟੇ ਸ਼ਾਹਬਾਜ਼ ਨੇ ਸੋਸ਼ਲ ਮੀਡੀਆ ਰਾਹੀਂ ਉਸ ਦੇ ਅਸਲੀ ਪਰਵਾਰ ਦਾ ਪਤਾ ਕੀਤਾ ਕਿ ਮੁਮਤਾਜ਼ ਦਾ ਅਸਲੀ ਪਰਵਾਰ ਇਸ ਸਮੇਂ ਪਟਿਆਲਾ ਜ਼ਿਲ੍ਹੇ ਦੇ ਪਿੰਡ ਸਿਦਰਾਣਾ ਵਿੱਚ ਰਹਿੰਦਾ ਹੈ। ਦੋਵਾਂ ਪਰਵਾਰਾਂ ਵਿਚਾਲੇ ਸੋਸ਼ਲ ਮੀਡੀਆ ਰਾਹੀਂ ਗੱਲਬਾਤ ਸ਼ੁਰੂ ਹੋ ਗਈ। ਮੁਮਤਾਜ਼ ਦੇ ਭਰਾ ਗੁਰਮੀਤ ਸਿੰਘ, ਨਰਿੰਦਰ ਸਿੰਘ ਤੇ ਅਮਰਿੰਦਰ ਸਿੰਘ ਪਰਵਾਰਕ ਮੈਂਬਰਾਂ ਨਾਲ ਕਰਤਾਰਪੁਰ ਲਾਂਘੇ ਰਾਹੀਂ ਆਪਣੀ ਭੈਣ ਨੂੰ ਮਿਲੇ। ਅਰੋੜਾ ਨੇ ਦੱਸਿਆ ਕਿ ਜਦੋਂ ਮੁਮਤਾਜ਼ ਬੀਬੀ ਨੇ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਵਿਖੇ ਆਪਣੇ ਭਰਾਵਾਂ ਅਤੇ ਭਤੀਜਿਆਂ ਨੂੰ ਗਲਵੱਕੜੀ ਵਿੱਚ ਲਿਆ ਤਾਂ ਇਹ ਮੌਕਾ ਵੇਖਣ ਵਾਲੇ ਹੋਰ ਸ਼ਰਧਾਲੂ ਵੀ ਭਾਵੁਕ ਹੋ ਗਏ।

# ਅਰਚਨਾ ਪੂਰਨ ਸਿੰਘ ਅਤੇ ਸ਼ੇਖਰ ਸੁਮਨ ਦੀ ਜਲੰਧਰ ਅਦਾਲਤ ਵਿੱਚ ਵੀਡੀਓ ਰਾਹੀਂ ਪੇਸ਼ੀ

ਜਲੰਧਰ, 19 ਮਈ (ਪੋਸਟ ਬਿਊਰੋ)- ਸਾਬਕਾ ਡਵੀਜ਼ਨਲ ਕਮਿਸ਼ਨਰ (ਆਈ ਏ ਐਸ ਅਧਿਕਾਰੀ) ਡਾ. ਸਵਰਨ ਸਿੰਘ ਅਤੇ ਹੋਰਨਾਂ ਵੱਲੋਂ ਖਟਕੜ ਕਲਾਂ ਵਿਖੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਸ਼ਤਾਬਦੀ ਸਮਾਗਮ ਦੌਰਾਨ ਸਰਕਾਰੀ ਫੰਡਾਂ ਵਿੱਚ ਕੀਤੀ ਹੇਰਾਫੇਰੀ ਦੇ ਕੇਸ ਵਿੱਚ ਕੱਲ੍ਹ ਜ਼ਿਲ੍ਹਾ ਅਤੇ ਸੈਸ਼ਨ ਜੱਜ ਰੁਪਿੰਦਰਜੀਤ ਚਹਿਲ ਦੀ ਅਦਾਲਤ ਵਿੱਚ ਬਾਲੀਵੁੱਡ ਅਭਿਨੇਤਰੀ ਅਰਚਨਾ ਪੂਰਨ ਸਿੰਘ ਤੇ ਸ਼ੇਖਰ ਸੁਮਨ ਦੀ ਗਵਾਹੀ ਵੀਡੀਓ ਕਾਨਫਰੰਸਿੰਗ ਰਾਹੀਂ ਦਰਜ ਕੀਤੀ ਗਈ। ਇਸ ਕੇਸ ਵਿੱਚ ਅਰਚਨਾ ਪੂਰਨ ਸਿੰਘ ਤੇ ਸ਼ੇਖਰ ਸੁਮਨ ਨੇ ਵੀਡੀਓ ਕਾਨਫਰੰਸਿੰਗ ਰਾਹੀਂ ਅਦਾਲਤ ਵਿੱਚ ਪੇਸ਼ ਹੋ ਕੇ ਉਨ੍ਹਾਂ ਵੱਲੋਂ ਕੀਤੇ ਗਏ ਸਵਾਲਾਂ ਦੇ ਜਵਾਬ ਵਿੱਚ ਕਿਹਾ ਕਿ ਉਹ ਡਾ. ਸਵਰਨ



ਸਿੰਘ ਨੂੰ ਨਹੀਂ ਜਾਣਦੇ ਅਤੇ ਨਾ ਉਨ੍ਹਾਂ ਦੀ ਸਾਡੇ ਨਾਲ ਕਿਸੇ ਵੀ ਤਰ੍ਹਾਂ ਦੇ ਪ੍ਰੋਗਰਾਮ ਬਾਰੇ ਕੋਈ ਗੱਲ ਹੋਈ ਹੈ। ਇਸੇ ਕੇਸ ਵਿੱਚ ਬਾਲੀਵੁੱਡ ਦੇ ਪ੍ਰਸਿੱਧ ਗਾਇਕ ਉਦਿਤ ਨਰਾਇਣ ਵੀ ਕੁਝ ਤਰੀਕਾਂ ਪਹਿਲਾਂ ਆਪਣੇ ਵਕੀਲ ਨਾਲ ਅਦਾਲਤ ਵਿੱਚ ਪੇਸ਼ ਹੋਏ ਸਨ।

ਵਰਨਣ ਯੋਗ ਹੈ ਕਿ ਇਸ ਕੇਸ ਵਿੱਚ ਡਾ. ਸਵਰਨ ਸਿੰਘ ਅਤੇ ਕੁਝ ਹੋਰਨਾ ਖ਼ਿਲਾਫ਼ ਥਾਣਾ ਵਿਜੀਲੈਂਸ ਵਿੱਚ 26 ਮਾਰਚ 2011 ਨੂੰ ਪਰਚਾ ਦਰਜ ਕੀਤਾ ਗਿਆ ਸੀ। ਇਨ੍ਹਾਂ ਦੀ ਗਵਾਹੀ ਇਸ ਕਰਕੇ ਕਰਵਾਈ ਗਈ ਕਿ ਜੋ ਕੇਸ ਦਰਜ ਹੈ ਕਿ ਡਾ. ਸਵਰਨ ਸਿੰਘ ਉਸ ਵੇਲੇ ਡਵੀਜ਼ਨਲ ਕਮਿਸ਼ਨਰ ਦੇ ਨਾਲ ਪੰਜਾਬ ਕਲਾ ਪ੍ਰੀਸ਼ਦ ਦੇ ਚੇਅਰਮੈਨ ਵੀ ਸਨ, ਨੇ ਕਿਹਾ ਸੀ ਕਿ ਉਨ੍ਹਾਂ ਨੇ ਇਨ੍ਹਾਂ ਗਾਇਕਾਂ ਨੂੰਇਸ ਪ੍ਰੋਗਰਾਮ ਵਿੱਚ ਆਉਣ ਲਈ ਪੈਸੇ ਦਿੱਤੇ ਸਨ, ਪਰ ਇਸ ਕੇਸ ਵਿੱਚ ਇਨ੍ਹਾਂ ਨੂੰ ਜੋ ਰਕਮ ਦਿੱਤੀ ਗਈ, ਉਹ ਘੱਟ ਸੀ ਅਤੇ ਖਾਤਿਆਂ ਵਿੱਚਵੱਧ ਰਕਮ ਵਿਖਾ ਕੇ ਫੰਡਾਂ ਵਿੱਚ ਹੇਰਾਫੇਰੀ ਕੀਤੀ ਗਈ ਸੀ। ਇਸ ਕੇਸ ਵਿੱਚ ਕੱਲ੍ਹ ਈ ਡੀ ਨਾਲ ਸਬੰਧਤ ਕੇਸ ਦੀ ਵੀ ਸੁਣਵਾਈ ਸੀ ਅਤੇ ਇਸ ਦੀ ਸੁਣਵਾਈ ਲਈ ਅਦਾਲਤ ਵੱਲੋਂ ਅਗਲੀ ਤਰੀਕ 15 ਜੁਲਾਈ ਤੈਅ ਕੀਤੀ ਹੈ। ਇਸ ਕੇਸ ਵਿੱਚ ਡਾ. ਸਵਰਨ ਸਿੰਘ ਤੋਂ ਇਲਾਵਾ ਸੰਜੇ ਗੇਰਾ, ਵਿਕਾਸ ਮਹਿਰਾ, ਸਤਬੀਰ ਸਿੰਘ ਬਾਜਵਾ ਆਦਿ ਨਾਮਜ਼ਦ ਹਨ।

# ਹਾਊਸਿੰਗ ਬੋਰਡ ਦਾ ਅਧਿਕਾਰੀ ਰਿਸ਼ਵਤ ਲੈਂਦਾ ਫੜਿਆ ਗਿਆ

ਚੰਡੀਗੜ੍ਹ, 19 ਮਈ (ਪੋਸਟ ਬਿਊਰੋ)- ਚੰਡੀਗੜ੍ਹ ਹਾਊਸਿੰਗ ਬੋਰਡ (ਸੀ ਐਚ ਬੀ) ਦੇ ਸੀਨੀਅਰ ਅਸਿਸਟੈਂਟ ਸ਼ਮਸ਼ੇਰ ਸਿੰਘ ਨੂੰ 10 ਹਜ਼ਾਰ ਰੁਪਏ ਰਿਸ਼ਵਤ ਲੈਂਦਿਆਂ ਸੀ ਬੀ ਆਈ ਟੀਮ ਨੇ ਫੜ ਕੇ ਪੁੱਛਗਿੱਛ ਸ਼ੁਰੂ ਕਰ ਦਿੱਤੀ ਹੈ।



ਮਿਲੀ ਸੂਚਨਾ ਅਨੁਸਾਰ ਦੋਸ਼ੀ ਨੇ ਮਨੀਮਾਜਰਾ ਦੇ ਮਾਡਰਨ ਹਾਊਸਿੰਗ ਕੰਪਲੈਕਸ ਦੇ ਵਾਸੀ ਤੋਂ ਰੈਜ਼ੀਡੈਂਸ਼ੀਅਲ ਯੂਨਿਟ ਟਰਾਂਸਫਰ ਕਰਨ ਦੇ ਨਾਂਅ ਉੱਤੇ ਰਿਸ਼ਵਤ ਮੰਗੀ ਸੀ। ਟੀਮ ਨੇ ਦੋਸ਼ੀ ਨੂੰ ਚੰਡੀਗੜ੍ਹ ਹਾਊਸਿੰਗ ਬੋਰਡ ਦੇ ਦਫਤਰ ਵਿੱਚੋਂ ਰੰਗੇ ਹੱਥੀਂ ਗ੍ਰਿਫਤਾਰ ਕੀਤਾ ਹੈ। ਦੂਜੇ ਪਾਸੇ ਟੀਮ ਨੇ ਚੰਡੀਗੜ੍ਹ ਹਾਊਸਿੰਗ ਬੋਰਡ ਦੀਆਂ ਫਾਈਲਾਂ ਅਤੇ ਦਫਤਰ ਵਿੱਚ ਲੱਗੇ ਸੀ ਸੀ ਟੀ ਵੀ ਕੈਮਰੇ ਫੋਲਣੇ ਸ਼ੁਰੂ ਕਰ ਦਿੱਤੇ ਹਨ। ਇਸ ਬਾਰੇ ਹਾਊਸਿੰਗ ਬੋਰਡ ਦੇ ਸੀ ਈ ਓ ਨੇ ਦੱਸਿਆ ਕਿ ਇਸ ਤੋਂ ਪਹਿਲਾਂ 31 ਮਾਰਚ 2022 ਨੂੰ ਸ਼ਿਕਾਇਤ ਮਿਲੀ ਸੀ ਕਿ ਕੁਝ ਫਾਈਲਾਂ ਨੂੰ ਵਿਭਾਗ ਦੇ ਅਧਿਕਾਰੀਆਂ ਵੱਲੋਂ ਜਾਣਬੁੱਝ ਕੇ ਲਟਕਾਇਆ ਜਾ ਰਿਹਾ ਸੀ, ਪਰ ਵਿਭਾਗ ਦਾ ਸਾਰਾ ਕੰਮ ਆਨਲਾਈਨ ਹੋਣ ਕਰ ਕੇ ਹਰ ਕੰਮ ਸਮੇਂ ਸਿਰ ਪੂਰਾ ਕੀਤਾ ਜਾਂਦਾ ਹੈ। ਉਨ੍ਹਾਂ ਦਸਿਆ ਕਿ ਉਸ ਕੇਸ ਦੀ ਜਾਂਚ ਕਰਵਾਈ ਤਾਂ ਕੋਈ ਠੋਸ ਜਵਾਬ ਨਾ ਮਿਲਿਆ। ਉਸ ਤੋਂ ਬਾਅਦ ਕੁਝ ਅਧਿਕਾਰੀਆਂ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤੇ ਸਨ, ਜਿਨ੍ਹਾਂ ਵਿੱਚ ਸ਼ਮਸ਼ੇਰ ਸਿੰਘ ਵੀ ਸ਼ਾਮਲ ਸੀ।

## ਵਿਦਿਆਰਥਣ ਨੇ ਸਕੂਲ ਦੀ ਦੂਸਰੀ ਮੰਜ਼ਿਲ ਤੋਂ ਛਾਲ ਮਾਰੀ, ਚੂਲਾ ਟੁੱਟਿਆ



ਭਵਾਨੀਗੜ੍ਹ, 19 ਮਈ (ਪੋਸਟ ਬਿਊਰੋ)- ਸੁਨਾਮ ਨੇੜੇ ਪਿੰਡ ਘਰਾਚੋਂ ਵਿਚਲੇ ਇੱਕ ਨਿੱਜੀ ਸਕੂਲ ਵਿੱਚ ਪੜ੍ਹਦੀ ਦਸਵੀਂ ਜਮਾਤ ਦੀ 16 ਸਾਲਾ ਵਿਦਿਆਰਥਣ ਨੇ ਕੱਲ੍ਹ ਸਕੂਲ ਦੀ ਦੂਜੀ ਮੰਜ਼ਿਲ ਤੋਂ ਛਾਲ ਮਾਰ ਦਿੱਤੀ, ਜਿਸ ਨਾਲ ਉਸ ਦਾ ਚੂਲਾ ਟੁੱਟ ਗਿਆ ਅਤੇ ਮੂੰਹ ਤੇ ਸਿਰ ਉੱਤੇ ਗੰਭੀਰ ਸੱਟਾਂ ਲੱਗੀਆਂ।

ਇਸ ਸਬੰਧ ਵਿੱਚ ਸਕੂਲ ਦੀ ਪ੍ਰਬੰਧਕ ਨੇ ਕਿਹਾ ਕਿ ਦਸਵੀਂ ਜਮਾਤ ਦੀ ਵਿਦਿਆਰਥਣ ਨੇ ਪੇਪਰ ਦੌਰਾਨ ਸਕੂਲ ਦੀ ਛੱਤ ਉੱਤੇ ਚੜ੍ਹ ਕੇ ਛਾਲ ਮਾਰ ਦਿੱਤੀ, ਜਿਸ ਕਾਰਨ ਉਸ ਨੂੰ ਗੰਭੀਰ ਸੱਟਾਂ ਵੱਜੀਆਂ। ਜ਼ਖ਼ਮੀ ਹਾਲਤ ਵਿੱਚ ਉਸ ਨੂੰ ਸੰਗਰੂਰ ਇਲਾਜ ਲਈ ਲਿਜਾਇਆ ਗਿਆ, ਜਿੱਥੋਂ ਮੁੱਢਲੀ ਸਹਾਇਤਾ ਪਿੱਛੋਂ ਡਾਕਟਰਾਂ ਨੇ ਵਿਦਿਆਰਥਣ ਨੂੰ ਡੀ ਐਮ ਸੀ ਹਸਪਤਾਲ ਲੁਧਿਆਣਾ ਵਿਖੇ ਭੇਜ ਦਿੱਤਾ। ਵਿਦਿਆਰਥਣ ਦੇ ਪਿਤਾ ਨੇ ਕਿਹਾ ਕਿ ਲੜਕੀ ਦੀ ਹਾਲਤ ਹਾਲੇ ਗੰਭੀਰ ਬਣੀ ਹੋਈ ਹੈ ਜਿਸ ਕਰ ਕੇ ਕੁਝ ਬੋਲਣ ਜਾਂ ਦੱਸਣ ਦੀ ਹਾਲਤ ਵਿੱਚ ਨਹੀਂ, ਪਰ ਉਹ ਖੁਦ ਹੈਰਾਨ ਹਨ ਕਿ ਉਨ੍ਹਾਂ ਦੀ ਬੱਚੀ ਨੇ ਆਖਰ ਛਾਲ ਕਿਉਂ ਤੇ ਕਿਹੜੇ ਹਾਲਾਤ ਵਿੱਚ ਮਾਰੀ।ਪੁਲਸ ਟੀਮ ਨੇ ਘਟਨਾ ਸਥਾਨ ਉੱਤੇ ਜਾਂਚ ਕੀਤੀ ਹੈ। ਸਕੂਲ ਵਿੱਚ ਲੱਗੇ ਕੈਮਰਿਆਂ ਦੀ ਰਿਕਾਰਡਿੰਗ ਚੈਕ ਕੀਤੀ ਜਾ ਰਹੀ ਹੈ। ਲੜਕੀ ਦੇ ਬਿਆਨ ਲੈਣ ਉਪਰੰਤ ਹੀ ਕਾਰਵਾਈ ਹੋਏਗੀ।

# ਪੰਜਾਬ ਕੈਬਨਿਟ ਦੀ ਮੋਹਰ: ਸ਼ਹੀਦਾਂ ਦੇ ਪਰਵਾਰਾਂ ਨੂੰ ਇੱਕ ਕਰੋੜ ਮਿਲਿਆ ਕਰੇਗਾ

ਚੰਡੀਗੜ੍ਹ, 19 ਮਈ (ਪੋਸਟ ਬਿਊਰੋ)- ਪੰਜਾਬ ਸਰਕਾਰ ਨੇ ਸ਼ਹੀਦ ਫੌਜੀਆਂ ਦੇ ਪਰਵਾਰਾਂ ਨੂੰ ਮਿਲਦੀ ਐਕਸ-ਗ੍ਰੇਸ਼ੀਆ ਗਰਾਂਟ ਪੰਜਾਹ ਲੱਖ ਰੁਪਏ ਤੋਂ ਵਧਾ ਕੇ ਇੱਕ ਕਰੋੜ ਕਰਨ ਅਤੇ 1766 ਪਟਵਾਰੀਆਂ ਅਤੇ ਸਿਵਲ ਜੱਜ (ਜੂਨੀਅਰ) ਕਮ-ਜੁਡੀਸ਼ਲ ਮੈਜਿਸਟਰੇਟ ਦੀਆਂ 79 ਪੋਸਟਾਂ ਦੀ ਭਰਤੀ ਕਰਨ ਦਾ ਫੈਸਲਾ ਕੀਤਾ ਹੈ।




ਮੁੱਖ ਮੰਤਰੀ ਭਗਵੰਤ ਮਾਨ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਮਿਸਾਲੀਆ ਸੇਵਾਵਾਂ ਬਦਲੇ ਐਵਾਰਡ ਜਿੱਤਣ ਵਾਲਿਆਂ ਲਈ ਜ਼ਮੀਨ ਬਦਲੇ 'ਕੈਸ਼ ਐਵਾਰਡ' ਦੀ ਰਾਸ਼ੀ ਵਿੱਚ ਵਾਧਾ ਕਰਦੇ ਹੋਏ ਯੁੱਧ ਸੇਵਾ ਮੈਡਲ ਜੇਤੂਆਂ ਲਈ ਅੱਗੇ ਤੋਂ ਦੋ ਲੱਖ ਰੁਪਏ ਦੀ ਥਾਂ 2.80 ਲੱਖ ਰੁਪਏ ਦੇਣ, ਉਤਮ ਯੁੱਧ ਸੇਵਾ ਮੈਡਲ ਜੇਤੂਆਂ ਲਈ ਇੱਕ ਲੱਖ ਰੁਪਏ ਦੀ ਥਾਂ 1.40 ਲੱਖ ਰੁਪਏ, ਯੁੱਧ ਸੇਵਾ ਮੈਡਲ ਜੇਤੂਆਂ ਲਈ ਪੰਜਾਹ ਹਜ਼ਾਰ ਤੋਂ ਸੱਤਰ ਹਜ਼ਾਰ ਰੁਪਏ, ਸੈਨਾ, ਜਲ ਸੈਨਾ ਤੇ ਵਾਯੂ ਸੈਨਾ ਮੈਡਲ (ਡੀ) ਜੇਤੂਆਂ ਲਈ ਤੀਹ ਹਜ਼ਾਰ ਤੋਂ 42 ਹਜ਼ਾਰ ਰੁਪਏ, ਮੈਨਸ਼ਨ-ਇਨ-ਡਿਸਪੈਚਿਜ਼ (ਡੀ) ਜੇਤੂਆਂ ਲਈ 15 ਹਜ਼ਾਰ ਦੀ ਥਾਂ 21 ਹਜ਼ਾਰ, ਪਰਮ ਵਸ਼ਿਸ਼ਟ ਸੇਵਾ ਮੈਡਲ ਜੇਤੂਆਂ ਲਈ ਦੋ ਲੱਖ ਤੋਂ 2.80 ਲੱਖ ਰੁਪਏ ਅਤੇ ਅਤਿ ਵਸ਼ਿਸ਼ਟ ਸੇਵਾ ਮੈਡਲ ਜੇਤੂਆਂ ਤੀਹ ਹਜ਼ਾਰ ਤੋਂ 42 ਹਜ਼ਾਰ ਰੁਪਏ ਕਰਨ ਨੂੰ ਹਰੀ ਝੰਡੀ ਦਿੱਤੀ ਹੈ।

ਇਸ ਦੌਰਾਨ ਪੰਜਾਬ ਸਰਕਾਰ ਨੇ ਨਾਮਜ਼ਦ ਮਾਰਕੀਟ ਕਮੇਟੀਆਂ ਨੂੰ ਭੰਗ ਕਰ ਦਿਤਾ ਹੈ। ਇਸ ਫੈਸਲੇ ਅਨੁਸਾਰ ਪੰਜਾਬ ਖੇਤੀਬਾੜੀ ਫਸਲ ਮੰਡੀ ਐਕਟ 1961 ਦੀ ਧਾਰਾ 12 ਵਿੱਚ ਸੁਧਾਰ ਕਰ ਕੇ ਸਰਕਾਰੀ ਨੀਤੀਆਂ ਤੇ ਪ੍ਰੋਗਰਾਮਾਂ ਨੂੰ ਤੇਜ਼ੀ ਨਾਲ ਲਾਗੂ ਕਰਨ ਲਈ ਪ੍ਰਸ਼ਾਸਕ ਲਾਏ ਜਾਣਗੇ।ਕੈਬਨਿਟ ਨੇ ਪਟਵਾਰੀਆਂ ਦੀਆਂ 1766 ਰੈਗੂਲਰ ਪੋਸਟਾਂਲਈ ਸੇਵਾਮੁਕਤ ਪਟਵਾਰੀਆਂ, ਕਾਨੂੰਨਗੋਆਂ ਦੀਆਂ ਠੇਕੇ ਦੇ ਆਧਾਰ ਉੱਤੇ ਸੇਵਾਵਾਂ ਲੈਣ ਦੀ ਮਨਜ਼ੂਰੀ ਦੇ ਦਿੱਤੀ ਹੈ ਤੇ ਸਿਵਲ ਜੱਜ (ਜੂਨੀਅਰ)-ਕਮ-ਜੁਡੀਸ਼ਲ ਮੈਜਿਸਟਰੇਟ ਦੀਆਂ 79 ਪੋਸਟਾਂਨੂੰ ਪੰਜਾਬ ਲੋਕ ਸੇਵਾ ਕਮਿਸ਼ਨ ਦੇ ਘੇਰੇ ਵਿੱਚੋਂ ਕੱਢ ਕੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਰਾਹੀਂ ਭਰਨ ਦਾ ਫੈਸਲਾ ਕੀਤਾ ਹੈ।

# ਵਿਧਾਇਕ ਦੀ ਮੌਜੂਦਗੀ 'ਚ ਸਾਬਕਾ ਸਰਪੰਚ ਦੇ ਭਤੀਜੇ ਨੂੰ ਗੋਲੀ ਮਾਰ ਦਿੱਤੀ ਗਈ

ਪਟਿਆਲਾ, 19 ਮਈ (ਪੋਸਟ ਬਿਊਰੋ)- ਥਾਣਾ ਸਦਰ ਦੇ ਪਿੰਡ ਸ਼ੰਕਰਪੁਰ ਵਿੱਚ ਇੱਕ ਧਾਰਮਿਕ ਸਮਾਗਮ ਵਿੱਚ ਕੱਲ੍ਹਰਾਤ ਕੁਝ ਲੋਕਾਂ ਨੇ ਮੁਹੱਬਤਪੁਰ ਪਿੰਡ ਦੇ ਸਾਬਕਾ ਸਰਪੰਚ ਸੋਨੀ ਦੇ ਭਤੀਜੇ ਜਗਮੀਤ ਸਿੰਘ ਨੂੰ ਗੋਲੀ ਮਾਰ ਦਿੱਤੀ ਅਤੇਦੋਸ਼ੀ ਫਰਾਰ ਹੋ ਗਏ। ਸਮਾਗਮ ਵਿੱਚ ਮੌਜੂਦ ਵਿਧਾਇਕ ਗੁਰਲਾਲ ਸਿੰਘ ਨੇ ਆਪਣੀ ਗੱਡੀ ਨਾਲ ਜ਼ਖਮੀ ਨੂੰ ਹਸਪਤਾਲ ਪਹੁੰਚਾਇਆ। ਗੋਲੀ ਜਗਮੀਤ ਦੇ ਪੱਟ ਵਿੱਚ ਲੱਗੀ ਤੇ ਡਾਕਟਰਾਂ ਅਨੁਸਾਰ ਉਸ ਦੀ ਹਾਲਤ ਸਥਿਰ ਹੈ। ਸਾਬਕਾ ਸਰਪੰਚ ਸੋਨੀ ਨੇ ਕਿਹਾ ਕਿ ਉਨ੍ਹਾਂ ਦਾ ਭਤੀਜਾ ਜਗਮੀਤ ਦੋ ਦਿਨ ਤੋਂ ਧਾਰਮਿਕ ਸਮਾਗਮ ਵਿੱਚ ਜਾ ਰਿਹਾ ਸੀ। ਕੱਲ੍ਹ ਸਮਾਗਮ ਦਾ ਆਖਰੀ ਦਿਨ ਸੀ ਤੇ ਇਸ ਦੌਰਾਨ ਇੱਕ ਦੋਸ਼ੀ ਜਗਮੀਤ ਨੂੰ ਕੋਲਡ ਡ੍ਰਿੰਕ ਪੀਣ ਦੇ ਬਹਾਨੇ ਆਪਣੇ ਨਾਲ ਲੈ ਗਿਆ। ਇਸੇ ਦੌਰਾਨ ਦੋਸ਼ੀ ਦੇ ਹੋਰ ਸਾਥੀ 12 ਗੱਡੀਆਂ ਵਿੱਚ ਸਵਾਰ ਹੋ ਕੇ ਓਥੇ ਪਹੁੰਚੇ ਅਤੇ ਜਗਮੀਤ ਉੱਤੇ ਲਾਠੀਆਂ ਨਾਲ ਹਮਲਾ ਕਰ ਕੇ ਉਸ ਨੂੰ ਗੱਡੀ ਵਿੱਚ ਬਿਠਾ ਕੇ ਆਪਣੇ ਨਾਲ ਲੈ ਜਾਣ ਦੀ ਕੋਸ਼ਿਸ਼ ਕੀਤੀ। ਜਗਮੀਤ ਨੇ ਵਿਰੋਧ ਕੀਤਾ ਤਾਂ ਦੋਸ਼ੀਆਂ ਵਿੱਚੋਂ ਇੱਕ ਨੇ ਗੋਲੀ ਚਲਾ ਦਿੱਤੀ। ਉਨ੍ਹਾਂ ਕਿਹਾ ਕਿ ਗੋਲਡੀ ਤੇ ਅਮਰਜੀਤ ਸਿੰਘ ਨਾਂਅ ਦੇ ਦੋ ਵਿਅਕਤੀਆਂ ਨੇ ਆਪਣੇ 12 ਤੋਂ ਵੱਧ ਸਾਥੀਆਂ ਨਾਲ ਮਿਲ ਕੇ ਇਹ ਹਮਲਾ ਕੀਤਾ ਹੈ।ਥਾਣਾ ਸਦਰ ਦੇ ਮੁਖੀ ਨੇ ਦੱਸਿਆ ਕਿ ਗੁਰਮੀਤ ਗੋਲਡੀ, ਅਮਰਜੀਤ ਸਿੰਘ, ਗੁਰਪ੍ਰੀਤ ਸਿੰਘ, ਬਲਜੀਤ ਸਿੰਘ, ਹਰਜੀਤ ਸਿੰਘ, ਸੁਖਵਿੰਦਰ ਸਿੰਘ, ਸ਼ੁਭਦੀਪ ਸਿੰਘ ਅਤੇ ਪੰਜ ਅਣਪਛਾਤੇ ਲੋਕਾਂ ਖਿਲਾਫ ਕਤਲ ਦੇ ਇਰਾਦੇ ਨਾਲ ਹਮਲਾ ਕਰਨ ਅਤੇ ਅਸਲਾ ਐਕਟ ਦੇ ਤਹਿਤ ਕੇਸ ਦਰਜ ਕੀਤਾ ਹੈ। ਅਜੇ ਕਿਸੇ ਦੀ ਗ੍ਰਿਫਤਾਰੀ ਨਹੀਂ ਹੋਈ ਹੈ ਅਤੇ ਦੋਸ਼ੀਆਂ ਦੀ ਤਲਾਸ਼ ਜਾਰੀ ਹੈ। ਹਮਲੇ ਦੀ ਵਜ੍ਹਾ ਪੁਰਾਣਾ ਝਗੜਾ ਹੈ ਅਤੇ ਪੁਲਸ ਅਸਲ ਕਾਰਨਾਂ ਦੀ ਜਾਂਚ ਵਿੱਚ ਲੱਗੀ ਹੋਈ ਹੈ।





# ਰਾਜੀਵ ਗਾਂਧੀ ਕਤਲ ਕੇਸ ਦਾ ਦੋਸ਼ੀ ਪੇਰਾਰੀਵਲਨ ਰਿਹਾਅ

ਨਵੀਂ ਦਿੱਲੀ, 19 ਮਈ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਸੰਵਿਧਾਨ ਦੀ ਧਾਰਾ 142 ਹੇਠ ਮਿਲੀਆਂ ਵਿਸ਼ੇਸ਼ ਤਾਕਤਾਂ ਦੀ ਵਰਤੋਂ ਕਰਦਿਆਂ ਰਾਜੀਵ ਗਾਂਧੀ ਕਤਲ ਕੇਸ ਵਿੱਚ ਤੀਹ ਸਾਲ ਤੋਂ ਵੱਧ ਦੀ ਸਜ਼ਾ ਕੱਟ ਚੁੱਕੇ ਏ ਜੀ ਪੇਰਾਰੀਵਲਨ ਨੂੰ ਰਿਹਾਅ ਕਰਨ ਦੇ ਹੁਕਮ ਦਿੱਤੇ ਹਨ। ਜਸਟਿਸ ਐਲ ਨਾਗੇਸ਼ਵਰ ਰਾਓ ਦੀ ਅਗਵਾਈ ਵਾਲੇ ਬੈਂਚ ਨੇ ਕਿਹਾ ਕਿ ਤਾਮਿਲ ਨਾਡੂ ਸਰਕਾਰ ਵੱਲੋਂ ਕੇਸ ਦੇ ਸਾਰੇ ਦੋਸ਼ੀਆਂ ਨੂੰ ਅਗਾਊਂ ਰਿਹਾਅ ਕਰਨ ਦੀ ਸਿਫਾਰਸ਼ ਨੂੰ ਗਵਰਨਰ ਮੰਨਣ ਲਈ ਪਾਬੰਦ ਸਨ। ਅਦਾਲਤ ਨੇ ਕੇਂਦਰ ਸਰਕਾਰ ਦੀ ਇਹ ਦਲੀਲ ਰੱਦ ਕਰ ਦਿੱਤੀ ਕਿ ਆਈ ਪੀ ਸੀ ਦੀ ਧਾਰਾ 302 ਨਾਲ ਸਬੰਧਤ ਕੇਸ ਵਿੱਚ ਸਿਰਫ ਦੇਸ਼ ਦੇ ਰਾਸ਼ਟਰਪਤੀ ਕੋਲ ਸਜ਼ਾ ਮੁਆਫ ਕਰਨ ਦੀ ਤਾਕਤ ਹੈ। ਸੁਪਰੀਮ ਕੋਰਟ ਨੇ ਕਿਹਾ ਕਿ ਇਸ ਨਾਲ ਤਾਂ ਧਾਰਾ 161 ਤਹਿਤ ਗਵਰਨਰ ਨੂੰ ਸਜ਼ਾ ਮੁਆਫ ਕਰਨ ਦੀ ਮਿਲੀ ਤਾਕਤ ਕਾਰਜ ਰਹਿਤ ਹੋ ਜਾਵੇਗੀ।

ਇਹ ਫੈਸਲਾ ਦੇਣ ਵਾਲੇ ਬੈਂਚ, ਜਿਸ ਵਿੱਚ ਜਸਟਿਸ ਬੀ ਆਰ ਗਵਈ ਸ਼ਾਮਲ ਸਨ, ਨੇ ਕਿਹਾ ਕਿ ਰਾਜਾਂ ਨੂੰ ਕਤਲ ਕੇਸਾਂ ਵਿੱਚ ਦੋਸ਼ੀਆਂ ਵੱਲੋਂ ਧਾਰਾ 161 ਹੇਠ ਦਾਖਲ ਸਜ਼ਾ ਮੁਆਫੀ ਦੀ ਅਰਜ਼ੀ ਲਈ ਗਵਰਨਰ ਨੂੰ ਸਲਾਹ ਤੇ ਸਹਾਇਤਾ ਕਰਨ ਦਾ ਪੂਰਾ ਅਧਿਕਾਰ ਹੈ। ਸੰਵਿਧਾਨ ਦੀ ਧਾਰਾ 142 ਸੁਪਰੀਮ ਕੋਰਟ ਨੂੰ ਆਪਣੇ ਅਧਿਕਾਰ ਖੇਤਰ ਦੀ ਵਰਤੋਂ ਕਰਨ ਤੇ ਉਸ ਕੋਲ ਬਕਾਇਆ ਕੇਸ ਵਿੱਚ ਮੁਕੰਮਲ ਨਿਆਂ ਲਈ ਹੁਕਮ ਪਾਸ ਕਰਨ ਦੀ ਤਾਕਤ ਦਿੰਦੀ ਹੈ। ਰਾਮ ਜਨਮ ਭੂਮੀ-ਬਾਬਰੀ ਮਸਜਿਦ ਜ਼ਮੀਨ ਵਿਵਾਦ ਕੇਸ ਵਿੱਚ ਵੀ ਇਸੇ ਧਾਰਾ ਦੀ ਵਰਤੋਂ ਕੀਤੀ ਗਈ ਸੀ।

ਇਸ ਤੋਂ ਪਹਿਲਾਂ ਕੇਂਦਰ ਸਰਕਾਰ ਨੇ ਪੇਰਾਰੀਵਲਨ ਦੀ ਰਹਿਮ ਦੀ ਅਪੀਲ ਰਾਸ਼ਟਰਪਤੀ ਨੂੰ ਭੇਜਣ ਬਾਰੇ ਤਾਮਿਲ ਨਾਡੂ ਸਰਕਾਰ ਦੇ ਫੈਸਲੇ ਦੀ ਪੈਰਵੀ ਕੀਤੀ ਸੀ। ਐਡੀਸ਼ਨਲ



ਸਾਲਿਸਟਰ ਜਨਰਲ ਨੇ ਦਲੀਲ ਦਿੱਤੀ ਸੀ ਕਿ ਕੇਂਦਰੀ ਕਾਨੂੰਨ ਹੇਠ ਕਿਸੇ ਦੋਸ਼ੀ ਦੀ ਖਿਮਾ, ਸਜ਼ਾ ਦੀ ਅਦਲਾ ਬਦਲੀ ਅਤੇ ਰਹਿਮ ਦੀ ਅਪੀਲ ਉਤੇ ਫੈਸਲਾ ਕਰਨ ਦਾ ਅਧਿਕਾਰ ਸਿਰਫ ਰਾਸ਼ਟਰਪਤੀ ਦੇ ਕੋਲ ਹੈ। ਵਰਣਨ ਯੋਗ ਹੈ ਕਿ ਸੁਪਰੀ ਕੋਰਟ ਨੇ ਨੌਂ ਮਾਰਚ ਨੂੰ ਪੇਰਾਰੀਵਲਨ ਨੂੰ ਇਸ ਆਧਾਰ ਉੱਤੇ ਜ਼ਮਾਨਤ ਦੇ ਦਿੱਤੀ ਸੀ ਕਿ ਉਹ ਲੰਮਾ ਸਮਾਂ ਜੇਲ੍ਹ ਵਿੱਚ ਕੈਦ ਰਿਹਾ ਅਤੇ ਪੈਰੋਲ ਉੱਤੇ ਰਹਿਣ ਵੇਲੇ ਉਸ ਦੀ ਕੋਈ ਸ਼ਿਕਾਇਤ ਵੀ ਨਹੀਂ ਸੀ। ਸੀ ਬੀ ਆਈ ਨੇ 20 ਨਵੰਬਰ 2020 ਨੂੰ ਪੇਸ਼ ਕੀਤੇ ਐਫੀਡੇਵਿਟ ਵਿੱਚ ਸੁਪਰੀਮ ਕੋਰਟ ਨੂੰ ਦੱਸਿਆ ਸੀ ਕਿ ਪੇਰਾਰੀਵਲਨ ਦੀ ਸਜ਼ਾ ਮੁਆਫੀ ਦਾ ਫੈਸਲਾ ਤਾਮਿਲ ਨਾਡੂ ਦੇ ਗਵਰਨਰ ਨੇ ਕਰਨਾ ਹੈ। ਗਵਰਨਰ ਨੇ ਰਹਿਮ ਦੀ ਅਪੀਲ ਇਹ ਕਹਿ ਕੇ ਰਾਸ਼ਟਰਪਤੀ ਨੂੰ ਭੇਜ ਦਿੱਤੀ ਸੀ ਕਿ ਉਸ ਕੋਲ ਫੈਸਲਾ ਲੈਣ ਦਾ ਅਧਿਕਾਰ ਨਹੀਂ।

21 ਮਈ 1991 ਨੂੰ ਤਾਮਿਲ ਨਾਡੂ ਦੇ ਸ੍ਰੀਪੇਰੂੰਬਦੂਰ ਵਿੱਚ ਚੋਣ ਰੈਲੀ ਦੌਰਾਨ ਮਹਿਲਾ ਆਤਮ ਘਾਤੀ, ਜਿਸ ਦੀ ਪਛਾਣ ਧਾਨੂ ਵਜੋਂ ਹੋਈ ਸੀ, ਨੇ ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦਾ ਕਤਲ ਕਰ ਦਿੱਤਾ ਸੀ। ਇਸ ਧਮਾਕੇ ਵਿੱਚ ਧਨੂ ਸਣੇ 14 ਹੋਰ ਲੋਕਾਂ ਦੀ ਮੌਤ ਹੋ ਗਈ ਸੀ। ਸੁਪਰੀਮ ਕੋਰਟ ਨੇ ਮਈ 1999 ਦੇ ਆਪਣੇ ਹੁਕਮ ਵਿੱਚ ਚਾਰ ਦੋਸ਼ੀਆਂ ਪੇਰਾਰੀਵਲਨ, ਮੁਰੂਗਨ, ਸੰਥਨ ਤੇ ਨਲਿਨੀ ਦੀ ਮੌਤ ਦੀ ਸਜ਼ਾ ਕਾਇਮ ਰੱਖੀ ਸੀ।ਅਪ੍ਰੈਲ 2000 ਵਿੱਚ ਤਾਮਿਲ ਨਾਡੂ ਦੇ ਗਵਰਨਰ ਨੇ ਰਾਜ ਸਰਕਾਰ ਦੀ ਸਿਫਾਰਸ਼ ਅਤੇ ਸਾਬਕਾ ਕਾਂਗਰਸ ਪ੍ਰਧਾਨ ਅਤੇ ਰਾਜੀਵ ਗਾਂਧੀ ਦੀ ਵਿਧਵਾ ਸੋਨੀਆ ਗਾਂਧੀ ਦੀ ਅਪੀਲ ਉੱਤੇ ਨਲਿਨੀ ਦੀ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਬਦਲ ਦਿੱਤਾ ਸੀ।ਇਸ ਤੋਂ ਬਾਅਦ 18 ਫਰਵਰੀ 2014 ਨੂੰ ਸੁਪਰੀਮ ਕੋਰਟ ਨੇ ਪੇਰਾਰਵਲਨ ਤੇ ਦੋ ਹੋਰਨਾਂ ਕੈਦੀਆਂ ਸੰਥਨ ਤੇ ਮੁਰੂਗਨ ਦੀ ਮੌਤ ਦੀ ਸਜ਼ਾ ਉਮਰ ਕੈਦ ਵਿੱਚ ਤਬਦੀਲ ਕਰ ਦਿੱਤੀ ਸੀ। ਸੁਪਰੀਮ ਕੋਰਟ ਨੇ ਆਪਣੇ ਇਸ ਫੈਸਲੇ ਲਈ ਕੇਂਦਰ ਵੱਲੋਂ ਉਨ੍ਹਾਂ ਦੀ ਰਹਿਮ ਦੀ ਅਪੀਲ ਉੱਤੇ ਫੈਸਲਾ ਕਰਨ ਵਿੱਚ 11 ਸਾਲਾਂ ਦੀ ਕੀਤੀ ਦੇਰੀ ਨੂੰ ਆਧਾਰ ਬਣਾਇਆ ਸੀ। ਇਸ ਦੌਰਾਨ ਕਾਂਗਰਸ ਪਾਰਟੀ ਨੇ ਰਾਜੀਵ ਗਾਂਧੀ ਹੱਤਿਆ ਕੇਸ ਦੇ ਦੋਸ਼ੀ ਏ ਜੀ ਪੇਰਾਰੀਵਲਨ ਦੀ ਰਿਹਾਈ ਵਾਲੇ ਫੈਸਲੇ ਨੂੰ ਬੇਹੱਦ ਦੁਖਦਾਈ ਤੇ ਨਿਰਾਸ਼ਾਜਨਕ ਕਰਾਰ ਦਿੱਤਾ ਹੈ।

# ਦਿੱਲੀ ਦੇ ਲੈਫਟੀਨੈਂਟ ਗਵਰਨਰ ਬੈਜਲ ਵੱਲੋਂ ਅਸਤੀਫਾ

ਨਵੀਂ ਦਿੱਲੀ, 19 ਮਈ (ਪੋਸਟ ਬਿਊਰੋ)- ਦਿੱਲੀ ਦੇ ਲੈਫਟੀਨੈਂਟ ਗਵਰਨਰ ਅਨਿਲ ਬੈਜਲ ਨੇ ਕੱਲ੍ਹ ਨਿੱਜੀ ਕਾਰਨਾਂ ਦਾ ਹਵਾਲਾ ਦੇ ਕੇ ਅਸਤੀਫਾ ਦੇ ਦਿੱਤਾ ਹੈ, ਪਰ ਅਸਲ ਕਹਾਣੀ ਪਤਾ ਨਹੀਂ ਲੱਗ ਸਕੀ।

ਮਿਲੇ ਵੇਰਵਿਆਂ ਮੁਤਾਬਕ ਲੈਫਟੀਨੈਂਟ ਗਵਰਨਰਨੇ ਆਪਣਾ ਅਸਤੀਫਾ ਰਾਸ਼ਟਰਪਤੀ ਰਾਮਨਾਥ ਕੋਵਿੰਦ ਨੂੰ ਭੇਜ ਦਿੱਤਾ ਹੈ। ਪਿਛਲੇ ਲੈਫਟੀਨੈਂਟ ਗਵਰਨਰਨਜੀਬ ਜੰਗ ਦੇ ਅਚਾਨਕ ਅਸਤੀਫੇ ਪਿੱਛੋਂ 31 ਦਸੰਬਰ 2016 ਨੂੰ ਅਹੁਦਾ ਸੰਭਾਲਣ ਵਾਲੇ ਅਨਿਲ ਬੈਜਲ ਨੇ ਪੰਜ ਸਾਲਚਾਰ ਮਹੀਨਿਆਂ ਤੋਂ ਵੱਧ ਦਾ ਲੰਮਾ ਕਾਰ-ਜਕਾਲ ਲੈਫਟੀਨੈਂਟ ਗਵਰਨਰ ਵਜੋਂ ਪੂਰਾ ਕੀਤਾ ਹੈ। ਸ਼ੁਰੂ ਤੋਂ ਉਨ੍ਹਾਂ ਦਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨਾਲ ਕਈ ਮੁੱਦਿਆਂ ਉੱਤੇ ਵਿਵਾਦ ਚਲਦਾ ਰਿਹਾ ਹੈ। ਇਹ ਟਕਰਾਅ ਦੇਸ਼ ਦੀ ਰਾਜਧਾਨੀ ਦੀ ਚੁਣੀ ਹੋਈ ਸਰਕਾਰ ਅਤੇ ਲੈਫਟੀਨੈਂਟ ਗਵਰਨਰ ਵਿਚਾਲੇ ਸ਼ਕਤੀਆਂ ਦੀ ਵੰਡ ਉੱਤੇ ਕੇਂਦਰਿਤ ਸੀ। ਅਨਿਲ ਬੈਜਲ 1969 ਬੈਚ ਦੇ ਅਰੁਣਾਚਲ ਪ੍ਰਦੇਸ਼, ਗੋਆ-ਮਿਜ਼ੋਰਮ ਅਤੇ ਕੇਂਦਰ ਸ਼ਾਸਤ ਪ੍ਰਦੇਸ਼ ਕਾਡਰ ਦੇ ਆਈ ਏ ਐਸ ਅਧਿਕਾਰੀ ਹਨ। ਉਹ ਦਿੱਲੀ ਵਿਕਾਸ ਅਥਾਰਟੀ (ਡੀ ਡੀ ਏ) ਦੇ ਉਪ ਚੇਅਰਮੈਨ ਵਜੋਂ ਸੇਵਾ ਨਿਭਾ ਚੁੱਕੇ ਹਨ। ਬੈਜਲ ਦਾ ਅਸਤੀਫਾ ਓਦੋਂ ਆਇਆ ਹੈ ਜਦੋਂ ਦਿੱਲੀ ਦੀਆਂ ਤਿੰਨ ਨਗਰ ਨਿਗਮਾਂ ਦੀ ਮਿਆਦ ਖਤਮ ਹੋ ਰਹੀ ਹੈ। ਕੇਂਦਰ ਨੇ ਨਗਰ ਨਿਗਮਾਂ ਨੂੰ ਇੱਕ ਕਰਨ ਦਾ ਨੋਟੀਫਿਕੇਸ਼ਨ ਵੀ ਜਾਰੀ ਕਰ ਦਿੱਤਾ ਹੈ।

ਦਿੱਲੀ ਵਿੱਚ ਤਿੰਨ ਵਿਸ਼ੇ ਜ਼ਮੀਨ, ਸੇਵਾਵਾਂ ਅਤੇ ਕਾਨੂੰਨ-ਵਿਵਸਥਾ ਸਿੱਧੇ ਤੌਰ ਉੱਤੇਲੈਫਟੀਨੈਂਟ ਗਵਰਨਰ ਦੇ ਅਧੀਨ ਹਨ। ਸੇਵਾਵਾਂ ਉਤੇ ਕੰਟਰੋਲ ਦਾ ਮਾਮਲਾ ਅਜੇ ਸੁਪਰੀਮ ਕੋਰਟ ਵਿੱਚ ਬਕਾਇਆ ਹੈ। ਲੈਫਟੀਨੈਂਟ ਗਵਰਨਰਅਤੇ ਆਮ ਆਦਮੀ ਪਾਰਟੀ ਦੀ ਸਰਕਾਰ ਵਿਚਾਲੇ ਟਕਰਾਅ ਉਦੋਂ ਘਟਿਆ ਸੀ, ਜਦ ਸੁਪਰੀਮ ਕੋਰਟ ਨੇ 2018 ਵਿੱਚ ਫੈਸਲਾ ਦਿੱਤਾ ਸੀ ਕਿ ਦਿੱਲੀ ਦਾ ਲੈਫਟੀਨੈਂਟ ਗਵਰਨਰ ਦਿੱਲੀ ਸਰਕਾਰ ਨੂੰ ਸਲਾਹ ਦੇਣ ਤੇ ਉਸ ਦੀ ਮਦਦ ਕਰਨ ਨਾਲ ਹੀ ਬੱਝਾ ਹੋਇਆ ਹੈ। ਪਿਛਲੇ ਸਾਲ ਵਕੀਲਾਂ ਦੇ ਪੈਨਲ ਦੀ ਨਿਯੁਕਤੀ ਉੱਤੇ ਵੀ ਲੈਫਟੀਨੈਂਟ ਗਵਰਨਰਅਤੇ ਆਮ ਆਦਮੀ ਪਾਰਟੀ ਦੀ ਸਰਕਾਰ ਵਿੱਚ ਤਲਖੀ ਸਾਹਮਣੇ ਆਈ ਸੀ।

# ਸਿਰ ਉੱਤੇ ਹਥੌੜਾ ਮਾਰ ਕੇ ਔਰਤ ਦਾ ਕਤਲ

ਅੰਬਾਲਾ, 19 ਮਈ (ਪੋਸਟ ਬਿਊਰੋ)- ਪਿੰਡ ਕੇਸਰੀ ਦੇ ਸਰਕਾਰੀ ਸਕੂਲ ਦੇ ਚੌਕੀਦਾਰ ਦੇ ਪੁੱਤ ਨੇ ਰੰਜਿਸ਼ ਕਾਰਨ ਇੱਕ ਔਰਤ ਦੇ ਸਿਰ ਉੱਤੇ ਹਥੌੜਾ ਮਾਰ ਕੇ ਉਸ ਦੀ ਹੱਤਿਆ ਕਰ ਦਿੱਤੀ। ਸਾਹਾ ਪੁਲਸ ਨੇ ਔਰਤ ਦੇ ਪੁੱਤਰ ਜਗਤਾਰ ਸਿੰਘ ਦੀ ਸ਼ਿਕਾਇਤ ਉੱਤੇ ਮੁਲਜ਼ਮ ਕ੍ਰਿਸ਼ਨ ਖਿਲਾਫ ਧਾਰਾ 302 ਦਾ ਮਾਮਲਾ ਦਰਜ ਕਰ ਲਿਆ ਹੈ। ਜਗਤਾਰ ਸਿੰਘ ਨੇ ਦੱਸਿਆ ਕਿ ਕੱਲ੍ਹ ਸਵੇਰੇ ਉਸ ਦੀ ਮਾਂ ਮੇਮੋ ਦੇਵੀ ਰੂੜੀ ਉਤੇ ਗੋਹਾ ਸੁੱਟਣ ਗਈ ਸੀ। ਉਹ ਵੀ ਸੈਰ ਕਰਨ ਲਈ ਬਜੀਦਪੁਰ ਪਿੰਡ ਵੱਲ ਨਿਕਲਿਆ ਸੀ। ਰਾਹ ਵਿੱਚ ਉਸ ਨੇ ਦੇਖਿਆ ਕਿ ਜਗਮਾਲ ਦੇ ਪਸ਼ੂਆਂ ਦੇ ਵਾੜੇ ਨੇੜੇ ਕ੍ਰਿਸ਼ਨ ਉਸ ਦੀ ਮਾਂ ਨਾਲ ਹੱਥੋਪਾਈ ਕਰ ਰਿਹਾ ਸੀ। ਇਸ ਤੋਂ ਪਹਿਲਾਂ ਕਿ ਉਹ ਦੌੜ ਕੇ ਮਾਂ ਕੋਲ ਪਹੁੰਚਦਾ, ਕ੍ਰਿਸ਼ਨ ਨੇ ਉਸ ਦੀ ਮਾਂ ਦੇ ਸਿਰ ਉੱਤੇ ਹਥੌੜੇ ਨਾਲ ਦੋ-ਤਿੰਨ ਵਾਰ ਕੀਤੇ, ਜਿਸ ਨਾਲ ਉਹ ਗਲੀ ਵਿੱਚ ਡਿੱਗ ਪਈ ਸੀ। ਵਾਰਦਾਤ ਮਗਰੋਂ ਦੋਸ਼ੀ ਮੌਕੇ ਤੋਂ ਦੌੜ ਗਿਆ। ਉਹ ਆਪਣੀ ਮਾਂ ਨੂੰ ਇਲਾਜ ਲਈ ਆਦੇਸ਼ ਮੈਡੀਕਲ ਕਾਲਜ ਟੌਹੜਾ ਲੈ ਕੇ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ।ਜਗਤਾਰ ਨੇ ਦੱਸਿਆ ਕਿ 15 ਦਿਨ ਪਹਿਲਾਂ ਉਨ੍ਹਾਂ ਦਾ ਗੁਆਂਢੀ ਕ੍ਰਿਸ਼ਨ ਨਾਲ ਮਕਾਨ ਦੇ ਛੱਜੇ ਸਬੰਧੀ ਕੁਝ ਬੋਲ-ਬੁਲਾਰਾ ਹੋ ਗਿਆ ਸੀ। ਪੁਲਸ ਨੇ ਜਾਂਚ ਸ਼ੁਰੂ ਕਰ ਦਿੱਤੀ ਹੈ।

# ਬਸਤਾੜਾ ਟੋਲ ਪਲਾਜ਼ਾ ਕੇਸ ਵਿੱਚ ਪੰਜਾਬ ਦਾ ਸੰਦੀਪ ਗ੍ਰਿਫਤਾਰ ਅਤੇ ਨਿਤਿਨ ਨੂੰ ਜੇਲ੍ਹ



ਕਰਨਾਲ, 19 ਮਈ (ਪੋਸਟ ਬਿਊਰੋ)- ਹਰਿਆਣਾ ਦੇ ਬਸਤਾੜਾ ਟੋਲ ਪਲਾਜ਼ਾਂ ਉੱਤੇ ਪੰਜ ਮਈ ਨੂੰ ਫੜੇ ਗਏ ਖਾੜਕੂਆਂ ਤੋਂ ਮਿਲੀ ਫਰਜ਼ੀ ਆਰਸੀ (ਰਜਿਸਟਰੇਸ਼ਨ ਸਰਟੀਫਿਕੇਟ) ਦੇ ਕੇਸ ਵਿੱਚ ਪੁਲਸ ਲਗਾਤਾਰ ਕੜੀਆਂ ਜੋੜਦੀ ਜਾ ਰਹੀ ਹੈ। ਅੰਬਾਲਾ ਦੇ ਮਹਿਮੂਦਪੁਰ ਦੇ ਨਿਤਿਨ ਸ਼ਰਮਾ ਨੂੰ ਤਿੰਨ ਦਿਨਾਂ ਦਾ ਰਿਮਾਂਡ ਖਤਮ ਹੋਣ ਉੱਤੇ ਕੱਲ੍ਹ ਮੁੜ ਅਦਾਲਤ ਵਿੱਚ ਪੇਸ਼ ਕੀਤਾ ਗਿਆ। ਉਥੋਂ ਉਸ ਨੂੰ ਜੇਲ੍ਹ ਵਿੱਚ ਭੇਜ ਦਿੱਤਾ ਗਿਆ। ਇਸ ਦੌਰਾਨ ਪੁਲਸ ਨੇ ਮੋਹਾਲੀ ਦੇ ਖਰੜ ਵਿੱਚ ਰਹਿਣ ਵਾਲੇ ਸੰਨੀ ਉਰਫ ਸੰਦੀਪ ਨੂੰ ਵੀ ਗ੍ਰਿਫਤਾਰ ਕਰ ਲਿਆ ਹੈ। ਇਸ ਕੇਸ ਵਿੱਚ ਮੁੱਖ ਦੋਸ਼ੀ ਮੰਨੇ ਜਾਂਦੇ ਮੇਰਠ ਵਾਸੀ ਪਵਨ ਕੁਮਾਰ ਨੂੰ ਹਾਲੇ ਪੁਲਸ ਫੜ ਨਹੀਂ ਸਕੀ। ਪੁਲਸ ਉਸ ਦੀ ਭਾਲ ਵਿੱਚ ਲਗਾਤਾਰ ਛਾਪੇਮਾਰ ਰਹੀ ਹੈ। ਦੋਸ਼ੀ ਪਵਨ ਮੇਰਠ ਵਿੱਚ ਵਰਕਸ਼ਾਪ ਚਲਾਉਂਦਾ ਹੈ ਤੇ ਉਹੀ ਫਰਜ਼ੀ ਆਰਸੀ ਬਣਾਉਣ ਦਾ ਮਾਸਟਰ ਮਾਈਂਡ ਮੰਨਿਆ ਜਾਂਦਾ ਹੈ। ਉਹ ਫਰਜ਼ੀ ਆਰਸੀਜ਼ ਬਣਵਾ ਕੇ ਗੱਡੀਆਂ ਵਿਕਵਾਉਂਦਾ ਹੈ।ਪੁਲਸ ਨੇ ਪੰਜ ਮਈ ਨੂੰ ਫੜੇ ਗਏ ਖਾੜਕੂਆਂ ਤੋਂ ਦੋ ਫਰਜ਼ੀ ਆਰਸੀਜ਼ ਮਿਲੀਆਂ ਸਨ। ਉਹ ਜਮਨਾਨਗਰ ਦੇ ਨੰਬਰ ਦੀ ਸਕਾਰਪੀਓ ਤੇ ਪਾਣੀਪਤ ਦੇ ਨੰਬਰ ਦੀ ਬਰੇਜ਼ਾ ਕਾਰ ਦੀਆਂ ਆਰਸੀਜ਼ ਸਨ।ਇਨ੍ਹਾਂ ਫਰਜ਼ੀ ਆਰਸੀਜ਼ ਦੇ ਨਾਲ ਪੰਜਾਬ ਵਿੱਚ ਗੱਡੀਆਂ ਚਲਾਈਆਂ ਜਾ ਰਹੀਆਂ ਸਨ। ਭੇਦ ਖੁੱਲ੍ਹਣ ਉੱਤੇ ਪੰਜਾਬ ਪੁਲਸ ਨੇ ਸਕਾਰਪੀਓਬਰਾਮਦ ਕਰ ਲਈ ਸੀ, ਪਰ ਬ੍ਰੇਜ਼ਾ ਦੀ ਤਲਾਸ਼ ਸੀ। ਨਿਤਿਨ ਦੇ ਤਿੰਨ ਦਿਨਾਂ ਦੇ ਰਿਮਾਂਡ ਦੌਰਾਨ ਪੁਲਸ ਨੇ ਬਰੇਜ਼ਾ ਕਾਰ ਵੀ ਬਰਾਮਦ ਕਰ ਲਈ ਹੈ। ਇਹ ਗੱਡੀ ਫਿਰੋਜ਼ਪੁਰ ਦੇ ਮੱਖੂ ਵਿੱਚ ਇੱਕ ਪਾਰਕਿੰਗ ਵਿੱਚ ਖੜ੍ਹੀ ਸੀ।

# ਮੁੰਬਈ ਧਮਾਕਿਆਂਲਈ 29 ਸਾਲਾਂ ਤੋਂ ਲੋੜੀਂਦੇ 4 ਦੋਸ਼ੀ ਗ੍ਰਿਫ਼ਤਾਰ



ਅਹਿਮਦਾਬਾਦ, 19 ਮਈ (ਪੋਸਟ ਬਿਊਰੋ)- ਗੁਜਰਾਤ ਅਤਿਵਾਦ ਵਿਰੋਧੀ ਦਸਤੇ (ਏ ਟੀ ਐਸ) ਨੇ 1993 ਦੇ ਮੁੰਬਈ ਦੇ ਬੰਬ ਧਮਾਕਿਆਂ ਲਈ ਲੋੜੀਂਦੇ ਚਾਰ ਦੋਸ਼ੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ, ਜੋ 29 ਸਾਲਾਂ ਤੋਂ ਭਗੌੜੇ ਸਨ।

ਅਧਿਕਾਰੀਆਂ ਨੇ ਦੱਸਿਆ ਕਿ ਚਾਰ ਦੋਸ਼ੀਆਂ ਦੀ ਪਛਾਣ ਅਬੂ ਬਕਰ, ਸਈਦ ਕੁਰੈਸ਼ੀ, ਮੁਹੰਮਦ ਸੋਏਬ ਕੁਰੈਸ਼ੀ ਅਤੇ ਮੁਹੰਮਦ ਯੂਸਫ਼ ਇਸਮਾਈਲ ਵਜੋਂ ਹੋਈ ਹੈ। ਇਹ ਸਾਰੇ ਮੁੰਬਈ ਦੇ ਵਸਨੀਕ ਹਨ ਅਤੇ 29 ਸਾਲਾਂ ਤੋਂ ਇਸ ਕੇਸ ਵਿੱਚ ਲੋੜੀਂਦੇ ਸਨ। ਐਡੀਸ਼ਨਲ ਡਾਇਰੈਕਟਰ ਜਰਨਲ ਆਫ਼ ਪੁਲਸ ਨੇ ਦੱਸਿਆ ਕਿ ਉਨ੍ਹਾਂ ਨੂੰ 12 ਮਈ ਨੂੰ ਮਿਲੀ ਗੁਪਤ ਸੂਚਨਾ ਦੇ ਆਧਾਰ ਉੱਤੇ ਅਹਿਮਦਾਬਾਦ ਦੇ ਸਰਦਾਰਨਗਰ ਇਲਾਕੇ ਤੋਂ ਗ੍ਰਿਫ਼ਤਾਰ ਕੀਤਾ ਗਿਆ। ਇੱਕ ਹੋਰ ਅਧਿਕਾਰੀ ਨੇ ਦੱਸਿਆ ਕਿ ਉਨ੍ਹਾਂ ਵਿਰੁੱਧ ਫਿਲਹਾਲ ਦੇਸ਼ ਛੱਡਣ ਲਈ ਜਾਅਲੀ ਦਸਤਾਵੇਜ਼ਾਂ ਦੇ ਆਧਾਰ ਉੱਤੇ ਪਾਸਪੋਰਟ ਲੈਣ ਦੇ ਦੋਸ਼ ਵਿੱਚਕੇਸ ਦਰਜ ਕੀਤਾ ਗਿਆ ਹੈ ਤੇ ਬਾਅਦ ਵਿੱਚ ਉਨ੍ਹਾਂ ਨੂੰ ਬੰਬ ਧਮਾਕਿਆਂ ਦੇ ਕੇਸ ਵਿੱਚ ਕੇਂਦਰੀ ਜਾਂਚ ਬਿਊਰੋ ਨੂੰ ਸੌਂਪ ਦਿੱਤਾ ਜਾਵੇਗਾ। ਆਪਣੀ ਅਸਲ ਪਛਾਣ ਛੁਪਾਉਣ ਲਈ ਉਨ੍ਹਾਂ ਨੇ ਜਾਅਲੀ ਦਸਤਾਵੇਜ਼ਾਂ ਨਾਲ ਪਾਸ-ਪੋਰਟ ਤਿਆਰ ਕੀਤੇ ਸਨ। ਇਨ੍ਹਾਂ ਧਮਾਕਿਆਂ ਦੇ ਮਾਮਲੇ ਦੀ ਜਾਂਚ ਕਰ ਰਹੀ ਕੇਂਦਰੀ ਜਾਂਚ ਬਿਊਰੋ (ਸੀ ਬੀ ਆਈ) ਦੀ ਬੇਨਤੀ ਉੱਤੇ ਇੰਟਰਪੋਲ ਨੇ ਉਨ੍ਹਾਂ ਵਿਰੁੱਧ ਰੈਡ ਕਾਰਨਰ ਨੋਟਿਸ ਵੀ ਜਾਰੀ ਕੀਤਾ ਸੀ।

# ਟੂਰਿਸਟਾਂ ਦੀ ਗੱਡੀ ਕੁੱਲੂ ਨੇੜੇ ਖੱਡ ਵਿੱਚ ਡਿੱਗੀ, 4 ਮੌਤਾਂ

ਕੁੱਲੂ, 19 ਮਈ (ਪੋਸਟ ਬਿਊਰੋ)- ਨੈਸ਼ਨਲ ਹਾਈਵੇ-305 ਔਟ-ਲੁਹਰੀ ਰੋਡ ਵਿੱਚ ਘਿਆਗੀ ਨੇੜੇ ਇੱਕ ਟੂਰਿਸਟ ਗੱਡੀ ਹਾਦਸੇ ਦਾ ਸ਼ਿਕਾਰ ਹੋ ਕੇ ਖੱਡ ਵਿੱਚ ਜਾ ਡਿੱਗੀ ਤਾਂ ਇਸ ਨਾਲ ਚਾਰ ਜਣਿਆਂ ਦੀ ਮੌਤ ਹੋ ਗਈ ਹੈ।

ਮਿਲੀ ਜਾਣਕਾਰੀ ਅਨੁਸਾਰ ਦਿੱਲੀ ਦੇ 7ਟੂਰਿਸਟਇੱਕ ਗੱਡੀ ਵਿੱਚ ਸੋਝਾ ਅਤੇ ਜਲੋਡੀ ਨੇੜੇ ਘੁੰਮਣ ਗਏ ਸਨ। ਐਤਵਾਰ ਰਾਤ ਜਦ ਉਹ ਸੋਘਾ ਤੋਂ ਘਿਆਗੀ ਵੱਲ ਆ ਰਹੇ ਸਨ ਤਾਂ ਇਸ ਦੌਰਾਨ ਉਨ੍ਹਾਂ ਦੀ ਗੱਡੀ ਹਾਦਸੇ ਦਾ ਸ਼ਿਕਾਰ ਹੋ ਕੇ ਚਾਰ ਸੌ ਮੀਟਰ ਡੂੰਘੀ ਖੱਡ ਵਿੱਚ ਜਾ ਡਿੱਗੀ। ਇਲਾਕੇ ਵਿੱਚ ਕੋਈ ਬਸਤੀ ਨਾ ਹੋਣ ਕਾਰਨ ਇਸ ਵਾਹਨ ਨੂੰ ਸਾਰੀ ਰਾਤ ਕਿਸੇ ਨੇ ਨਹੀਂ ਦੇਖਿਆ ਅਤੇ ਹਾਦਸੇ ਦਾ ਸ਼ਿਕਾਰ ਹੋਏ ਲੋਕ ਸਾਰੀ ਰਾਤ ਖੱਡ ਵਿੱਚ ਚੀਕਦੇ ਰਹੇ। ਸਵੇਰੇ ਕਰੀਬ ਨੌਂ ਵਜੇ ਜਦ ਇਲਾਕੇ ਵਿੱਚ ਕੰਮ ਕਰਨ ਵਾਲੇ ਮਜ਼ਦੂਰ ਗਏ ਤਾਂ ਉਨ੍ਹਾਂ ਨੇ



ਜ਼ਖਮੀਆਂ ਦੀਆਂ ਆਵਾਜ਼ਾਂ ਸੁਣੀਆਂ ਤੇ ਹਾਦਸਾਗ੍ਰਸਤ ਵਾਹਨ ਨੂੰ ਦੇਖਿਆ ਅਤੇ ਇਸ ਦੀ ਸੂਚਨਾ ਪੁਲਸ ਨੂੰ ਦਿੱਤੀ। ਉਸ ਦੇ ਬਾਅਦ ਪੁਲਸ ਮੌਕੇ ਉੱਤੇਗਈ ਤਾਂ ਤਦ ਤਕ ਚਾਰ ਜਣਿਆਂ ਦੀ ਮੌਤ ਹੋ ਚੁੱਕੀ ਸੀ, ਪਰ ਤਿੰਨ ਜ਼ਖਮੀ ਸਨ, ਜਿਨ੍ਹਾਂ ਵਿੱਚ ਇੱਕ ਲੜਕੀ ਜ਼ਖਮੀ ਹਾਲਤ ਵਿੱਚ ਰੁੱਖ ਉੱਤੇ ਫਸੀ ਹੋਈ ਸੀ। ਉਸ ਨੂੰ ਰੈਸਕਿਊ ਟੀਮ ਨੇ ਕੱਢਿਆ ਅਤੇ ਸਾਰੇ ਜ਼ਖਮੀਆਂ ਨੂੰ ਪਹਿਲਾਂ ਬੰਜਾਰ ਹਸਪਤਾਲ ਪਹੁੰਚ-ਾਇਆ। ਉਥੋਂ ਤਿੰਨਾਂ ਗੰਭੀਰ ਜ਼ਖਮੀਆਂ ਨੂੰ ਖੇਤਰੀ ਹਸਪਤਾਲ ਕੁੱਲੂ ਲਈ ਰੈਫਰ ਕੀਤਾ ਗਿਆ।

# ਰੈਫਰੀ ਉਤੇ ਹਮਲਾ, ਪਹਿਲਵਾਨ ਸਤੇਂਦਰ ਮਲਿਕ ਉਤੇ ਸਾਰੀ ਉਮਰ ਦੀ ਪਾਬੰਦੀ

ਨਵੀਂ ਦਿੱਲੀ, 19 ਮਈ (ਪੋਸਟ ਬਿਊਰੋ)- ਭਾਰਤ ਦੀ ਕੌਮੀ ਕੁਸ਼ਤੀ ਫੈਡਰੇਸ਼ਨ ਨੇ ਸਰਵਸਿਜ਼ ਦੇ ਪਹਿ-ਲਵਾਨ ਸਤੇਂਦਰ ਮਲਿਕ ਵੱਲੋਂ ਕਾਮਨਵੈੱਲਥ ਖੇਡਾਂ ਦੇ ਟਰਾਇਲ ਮੌਕੇ ਸੀਨੀਅਰ ਰੈਫਰੀ ਜਗਬੀਰ ਸਿੰਘ ਉੱਤੇ ਕੀਤੇ ਗਏ ਹਮਲੇ ਲਈ ਪਹਿਲਵਾਨ ਉੱਤੇ ਸਾਰੀ ਉਮਰ ਦੀ ਪਾਬੰਦੀ ਲਾ ਦਿੱਤੀ ਹੈ।

ਹਵਾਈ ਫੌਜ ਦਾ ਪਹਿਲਵਾਨ ਸਤੇਂਦਰ ਮਲਿਕ ਫਾਈਨਲ ਵਿੱਚ ਫੈਸਲਾਕੁੰਨ ਮੁਕਾਬਲੇ ਦੌਰਾਨ 3-0 ਨਾਲ ਅੱਗੇ ਸੀ ਕਿ ਮੈਚ ਖਤਮ ਹੋਣ ਤੋਂ ਮਸਾਂ 18 ਸਕਿੰਟ ਪਹਿਲਾਂ ਵਿਰੋਧੀ ਖਿਡਾਰੀ ਮੋਹਿਤ ਨੇ ਉਸ ਨੂੰ ਧੋਬੀ ਪਟਕਾ ਦਿੱਤਾ ਤੇ ਨਾਲ ਹੀ ਇੱਕ ਹੋਰ ਪੁਆਇੰਟ ਲਈ ਸਤੇਂਦਰ ਨੂੰ ਮੈਟ ਦੇ ਘੇਰੇ ਤੋਂ ਬਾਹਰ ਕਰ ਦਿੱਤਾ। ਰੈਫਰੀ ਵੀਰੇਂਦਰ ਮਲਿਕ ਨੇ ਮੋਹਿਤ ਨੂੰ ਧੋਬੀ ਪਟਕਾ ਦੇਣ ਲਈ ਦੋ ਪੁਆਇੰਟ ਨਾ ਦੇ ਕੇ ਸਿਰਫ ਮੈਟ ਤੋਂ ਬਾਹਰ ਧੱਕਣ ਦਾ ਇੱਕ ਪੁਆਇੰਟਦਿੱਤਾ। ਇਸ ਫੈਸਲੇ ਤੋਂ ਨਿਰਾਸ਼ ਮੋਹਿਤ ਨੇ ਨਤੀਜੇ ਨੂੰ ਚੁਣੌਤੀ ਦਿੱਤੀ। ਇਸ ਮੁਕਾਬਲੇ ਦੇ ਜਿਊਰੀ ਸਤਿਆਦੇਵ ਮਲਿਕ ਨੇ



ਕਿਸੇ ਤਰ੍ਹਾਂ ਦੇ ਪੱਖਪਾਤ ਤੋਂ ਬਚਣ ਲਈ ਖੁਦ ਨੂੰ ਇਸ ਫੈਸਲੇ ਤੋਂ ਇਹ ਕਹਿ ਕੇ ਲਾਂਭੇ ਕਰ ਲਿਆ ਕਿ ਉਹ ਅਤੇ ਸਤੇਂਦਰ ਇੱਕੋ ਪਿੰਡ (ਮੋਖਰਾ) ਨਾਲ ਸਬੰਧਤ ਹਨ। ਇਸ ਮਗਰੋਂ ਸੀਨੀਅਰ ਰੈਫਰੀ ਜਗਬੀਰ ਸਿੰਘ ਨੂੰ ਗੁਜਾਰਿਸ਼ ਕੀਤੀ ਗਈ ਕਿ ਉਹ ਮੋਹਿਤ ਵੱਲੋਂ ਦਿੱਤੀ ਚੁਣੌਤੀ ਦਾ ਨਿਬੇੜਾ ਕਰਨ।ਜਗਬੀਰ ਸਿੰਘ ਨੇ ਟੀ ਵੀ ਰਿਪਲੇਅ ਵੇਖਣ ਮਗਰੋਂ ਮੋਹਿਤ ਨੂੰ ਤਿੰਨ ਪੁਆਇੰਟਦੇਣ ਦਾ ਫੈਸਲਾ ਸੁਣਾ ਦਿੱਤਾ। ਇਸ ਤਰ੍ਹਾਂ ਮੁਕਾਬਲੇ ਦਾ ਸਕੋਰ ਤਿੰਨ-ਤਿੰਨ ਨਾਲ ਬਰਾਬਰ ਹੋ ਗਿਆ, ਪਰ ਮੁਕਾਬਲੇ ਦੇ ਆਖਰੀ ਪੁਆਇੰਟਮੋਹਿਤ ਨੇ ਲਏ ਹੋਣ ਕਾਰਨ ਉਸ ਨੂੰ ਜੇਤੂ ਐਲਾਨ ਦਿੱਤਾ ਗਿਆ। ਇਸ ਤੋਂ ਗੁੱਸੇ ਹੋ ਕੇ ਸਤੇਂਦਰ, ਰਵੀ ਦਹੀਆ ਤੇ ਅਮਨ ਵਿਚਾਲੇ ਖੇਡੇ ਜਾ ਰਹੇ 57 ਕਿਲੋ ਫਾਈਨਲ ਮੁਕਾਬਲੇ ਦੀ ਨਿਗਰਾਨੀ ਕਰ ਰਹੇ ਰੈਫਰੀ ਜਗਬੀਰ ਕੋਲ ਗਿਆ ਤੇ ਉਸ ਉੱਤੇ ਹਮਲਾ ਕਰ ਦਿੱਤਾ। ਉਸ ਨੇ ਜਗਬੀਰ ਨੂੰ ਪਹਿਲਾਂ ਗਾਲ੍ਹਾਂ ਕੱਢੀਆਂ ਤੇ ਮਗਰੋਂ ਥੱਪੜ ਮਾਰਿਆ। ਜਗਬੀਰ ਸੰਤੁਲਨ ਗੁਆਉਣ ਕਰ ਕੇ ਜ਼ਮੀਨ ਉੱਤੇ ਡਿੱਗ ਗਿਆ। ਡਬਲਯੂ ਐਫ ਆਈ ਅਨੁਸਾਰ ਉਨ੍ਹਾਂਨੇ ਸਤੇਂਦਰ ਮਲਿਕ ਉੱਤੇ ਸਾਰੀ ਉਮਰ ਦ ਪਾਬੰਦੀ ਲਾ ਦਿੱਤੀ ਹੈ। ਇਹ ਫੈਸਲਾ ਡਬਲਯੂ ਐਫ ਆਈ ਪ੍ਰਧਾਨ ਨੇ ਲਿਆ ਹੈ।''

# ਜੰਮੂ-ਕਸ਼ਮੀਰ ਅਸੈਂਬਲੀ ਦੀ ਹੱਦਬੰਦੀ ਬਾਰੇ ਪਾਕਿ ਕੌਮੀ ਅਸੈਂਬਲੀ ਦਾ ਮਤਾ ਭਾਰਤ ਵੱਲੋਂ ਰੱਦ

ਨਵੀਂ ਦਿੱਲੀ, 19 ਮਈ (ਪੋਸਟ ਬਿਊਰੋ)- ਭਾਰਤ ਸਰਕਾਰ ਨੇ ਕੇਂਦਰ ਸ਼ਾਸਤ ਪ੍ਰਦੇਸ਼ ਜੰਮੂ-ਕਸ਼ਮੀਰ ਵਿੱਚ ਹੱਦਬੰਦੀ ਦੇ ਅਮਲ ਬਾਰੇ ਪਾਕਿਸਤਾਨ ਦੀ ਕੌਮੀ ਅਸੈਂਬਲੀ ਵਿੱਚ ਪਾਸ ਮਤੇ ਨੂੰ ਹਾਸੋਹੀਣਾ ਕਰਾਰ ਦਿੱਤਾ ਹੈ।

ਇਸ ਸੰਬੰਧ ਵਿੱਚ ਭਾਰਤ ਨੇ ਕਿਹਾ ਹੈ ਕਿ ਗੁਆਂਢੀ ਦੇਸ਼ ਨੂੰ ਉਨ੍ਹਾਂ ਦੇ ਅੰਦਰੂਨੀ ਮਾਮਲਿਆਂ ਵਿੱਚ ਦਖਲ ਦੇਣ ਦਾ ਕੋਈ ਹੱਕ ਨਹੀਂ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਨੇ ਮਤੇ ਨੂੰ ਦੋ ਟੁੱਕ ਸ਼ਬਦਾਂ ਵਿੱਚ ਰੱਦ ਕਰ ਕੇਪਾਕਿਸਤਾਨ ਨੂੰ ਕਿਹਾ ਕਿ ਉਹ ਸਰਹੱਦ ਪਾਰੋਂ ਅੱਤਵਾਦ ਅਤੇ ਦਹਿਸ਼ਤਗਰਦੀ ਨਾਲ ਜੁੜੇ ਆਪਣੇ ਬੁਨਿਆਦੀ ਢਾਂਚੇ ਨੂੰ ਬੰਦ ਕਰੇ।ਉਨ੍ਹਾਂ ਕਿਹਾ, ''ਅਸੀਂ ਕੇਂਦਰ ਸ਼ਾਸਤ ਪ੍ਰਦੇਸ਼ ਜੰਮੂ ਕਸ਼ਮੀਰ ਵਿੱਚ ਹੱਦਬੰਦੀ ਦੇ ਅਮਲ ਬਾਰੇ ਪਾਕਿਸਤਾਨੀ ਕੌਮੀ ਅਸੈਂਬਲੀ ਵਿੱਚ ਪਾਸ ਹਾਸੋਹੀਣੇ ਮਤੇ ਨੂੰ ਉਕਾ ਰੱਦ ਕਰਦੇ ਹਾਂ। ਪਾਕਿਸਤਾਨ ਨੂੰ ਭਾਰਤ ਦੇ ਅੰਦਰੂਨੀ ਮਾਮਲਿਆਂ ਵਿੱਚ ਦਖਲ ਦੇਣ ਦਾ ਕੋਈ ਅਧਿਕਾਰ



ਨਹੀਂ।'' ਬੁਲਾਰੇ ਨੇ ਕਿਹਾ, ''ਇਹ ਗੱਲ ਬੜੀ ਅਫਸੋਸਨਾਕ ਹੈ ਕਿਪਾਕਿਸਤਾਨ ਦੀ ਲੀਡਰਸ਼ਿਪ ਆਪਣਾ ਘਰ ਠੀਕ ਰੱਖਣ ਦੀ ਥਾਂ ਭਾਰਤ ਦੇ ਅੰਦਰੂਨੀ ਮਸਲਿਆਂ ਵਿੱਚ ਬੇਲੋੜਾ ਦਖਲ ਦੇਣ ਦੇ ਨਾਲ ਭਾਰਤ ਖਿਲਾਫ ਬੇਬੁਨਿਆਦ ਤੇ ਭੜਕਾਊ ਪ੍ਰਾਪੇਗੰਡਾ ਕਰਦੀ ਹੈ।'' ਬਿਆਨ ਅਨੁਸਾਰ ਕੇਂਦਰ ਸ਼ਾਸਤ ਪ੍ਰਦੇਸ਼ਾਂ ਜੰਮੂ ਕਸ਼ਮੀਰ ਤੇ ਲੱਦਾਖ ਦਾ ਪੂਰਾ ਇਲਾਕਾ ਭਾਰਤ ਦਾ ਅਟੁੱਟ ਅੰਗ ਸੀ, ਹੈ ਤੇ ਰਹੇਗਾ।'' ਉਨ੍ਹਾਂ ਕਿਹਾ ਕਿ ਜੰਮੂ ਕਸ਼ਮੀਰ ਵਿੱਚ ਹੱਦਬੰਦੀ ਦਾ ਅਮਲ ਜਮਹੂਰੀ ਕੰਮ ਹੈ, ਜੋ ਸਾਰੀਆਂ ਸਬੰਧਤ ਧਿਰਾਂ ਨਾਲ ਕੀਤੇ ਵਿਆਪਕ ਮਸ਼ਵਰੇ ਤੇ ਉਨ੍ਹਾਂ ਦੀ ਸ਼ਮੂਲੀਅਤ ਦੇ ਸਿਧਾਂਤਾਂ ਮੁਤਾਬਕ ਹੈ।

# ਐਨ ਜੀ ਟੀ ਨੇ ਯੂ ਪੀ ਅਤੇ ਬਿਹਾਰ ਤੋਂ ਗੰਗਾ ਵਿੱਚੋਂ ਮਿਲੀਆਂ ਲਾਸ਼ਾਂ ਦੇ ਵੇਰਵੇ ਮੰਗੇ

* ਪੱਤਰਕਾਰਾਂ ਵੱਲੋਂ ਦਾਇਰ ਪਟੀਸ਼ਨ ਉੱਤੇ ਨਿਰਦੇਸ਼

ਨਵੀਂ ਦਿੱਲੀ, 19 ਮਈ (ਪੋਸਟ ਬਿਊਰੋ)- ਨੈਸ਼ਨਲ ਗਰੀਨ ਟ੍ਰਿਬਿਊਨਲ (ਐਨ ਜੀ ਟੀ) ਨੇ ਕੱਲ੍ਹ ਉਤਰ ਪ੍ਰਦੇਸ਼ ਅਤੇ ਬਿਹਾਰ ਸਰਕਾਰਾਂ ਨੂੰ ਨਿਰਦੇਸ਼ ਜਾਰੀ ਕਰ ਕੇ ਉਨ੍ਹਾਂ ਮਨੁੱਖੀ ਲਾਸ਼ਾਂ ਦੀ ਗਿਣਤੀ ਦੱਸਣ ਦੇ ਲਈ ਕਿਹਾ ਹੈ, ਜੋ ਕੋਰੋਨਾ ਮਹਾਮਾਰੀ ਸ਼ੁਰੂ ਹੋਣ ਤੋਂ ਲੈ ਕੇ ਇਸ ਸਾਲ 31 ਮਾਰਚ ਤਕ ਦੋਵਾਂ ਰਾਜਾਂ ਵਿੱਚ ਗੰਗਾ ਵਿੱਚ ਤਰਦੀਆਂ ਹੋਈਆਂ ਤੇ ਨਦੀ ਕਿਨ-ਾਰੇ ਦੱਬੀਆਂ ਹੋਈਆਂ ਮਿਲੀਆਂ ਸਨ ਅਤੇ ਇਨ੍ਹਾਂ ਦੀ ਚਰਚਾ ਉਸ ਵਕਤ ਖੂਬ ਹੋਈ ਸੀ।



ਜਸਟਿਸ ਅਰੁਣ ਕੁਮਾਰ ਅਤੇ ਐਕਸਪਰਟ ਮੈਂਬਰ ਡਾਕਟਰ ਅਫਰੋਜ਼ ਅਹਿਮਦਦੇ ਬੈਂਚ ਨੇ ਐਡੀਸ਼ਨਲਚੀਫ ਸੈਕਟਰੀ (ਹੋਮ) ਅਤੇ ਐਡੀਸ਼ਨਲਚੀਫ ਸੈਕਟਰੀ (ਸਿਹਤ) ਨੂੰ ਇਸ ਬਾਰੇ ਤੱਥਾਂ ਉੱਤੇ ਆਧਾਰਤ ਰਿਪੋਰਟ ਪੇਸ਼ ਕਰਨ ਨੂੰ ਕਿਹਾ ਹੈ। ਬੈਂਚ ਨੇ ਪੁਛਿਆ, ''ਉਤਰ ਪ੍ਰਦੇਸ਼ ਤੇ ਬਿਹਾਰ ਵਿੱਚ ਸਾਲ 2018 ਤੇ 2019 ਵਿੱਚ ਕੋਵਿਡ-19 ਦੇ ਸ਼ੁਰੂ ਹੋਣ ਤੋਂ ਪਹਿਲਾਂ ਅਤੇ 2020, 2021 ਵਿੱਚ ਕੋਵਿਡ-19 ਮਹਾਮਾਰੀ ਸ਼ੁਰੂ ਹੋਣਪਿੱਛੋਂ ਅਤੇ ਇਸ ਸਾਲ 31 ਮਾਰਚ ਤਕ ਗੰਗਾ ਨਦੀ ਵਿੱਚ ਕਿੰਨੀਆਂ ਮਨੁੱਖੀ ਲਾਸ਼ਾਂ ਤਰਦੀਆਂ ਦੇਖੀਆਂ ਗਈਆਂ ਅਤੇ ਕਿੰਨੀਆਂ ਨਦੀ ਕਿਨਾਰੇ ਦੱਬੀਆਂ ਗਈਆਂ, ਕਿੰਨੇ ਕੇਸਾਂ ਵਿੱਚ ਯੂ ਪੀ ਅਤੇ ਬਿਹਾਰ ਦੀਆਂ ਸਰਕਾਰਾਂ ਨੇ ਲਾਸ਼ਾਂ ਦੇ ਸਸਕਾਰ ਤੇ ਦਫਨਾਉਣ ਲਈ ਵਿੱਤੀ ਸਹਾਇਤਾ ਦਿੱਤੀ, ਗੰਗਾ ਨਦੀ ਵਿੱਚ ਲਾਸ਼ਾਂ ਰੋੜ੍ਹਨ ਜਾਂ ਨਦੀ ਕਿਨਾਰੇ ਲਾਸ਼ਾਂ ਦਫਨਾਉਣ ਤੋਂ ਰੋਕਣ ਲਈ ਲੋਕਾਂ ਨੂੰ ਜਾਗਰੂਕ ਕਰਨ ਲਈ ਕੀ ਕਦਮ ਚੁੱਕੇ ਸਨ?'' ਐਨ ਜੀ ਟੀ ਪੱਤਰਕਾਰ ਸੰਜੇ ਸ਼ਰਮਾ ਦੀ ਪਟੀਸ਼ਨ ਉੱਤੇ ਸੁਣਵਾਈ ਕਰ ਰਿਹਾ ਸੀ ਜਿਸ ਨੇ ਕੋਰੋਨਾ ਤੋਂ ਪ੍ਰਭਾਵਤ ਮਨੁੱਖੀ ਲਾਸ਼ਾਂ ਦੇ ਨਿਬੇੜੇ ਲਈ ਢੁੱਕਵੇਂ ਪ੍ਰੋਟੋਕੋਲ ਦੇ ਪਾਲਣ ਦਾ ਨਿਰਦੇਸ਼ ਦੀ ਮੰਗ ਕੀਤੀ ਹੈ।



# ਸਵੀਡਨ ਪਾਰਲੀਮੈਂਟ ਵੱਲੋਂ ਨਾਟੋ ਵਿੱਚ ਸ਼ਾਮਲ ਹੋਣ ਦਾ ਮਤਾ ਪਾਸ

ਸਟਾਕਹੋਮ, 19 ਮਈ (ਪੋਸਟ ਬਿਊਰੋ)- ਫਿਨਲੈਂਡ ਦੀ ਪਾਰਲੀਮੈਂਟ ਵਿੱਚ ਕੱਲ੍ਹ ਉਤਰੀ ਅਟਲਾਂਟਿਕ ਸਮਝੌਤਾ ਸੰਗਠਨ (ਨਾਟੋ) ਵਿੱਚ ਸ਼ਾਮਲ ਹੋਣ ਦਾ ਮਤਾ ਭਾਰੀ ਬਹੁਮਤ ਨਾਲ ਪਾਸ ਹੋ ਗਿਆ। 200 ਮੈਂਬਰੀ ਪਾਰਲੀਮੈਂਟ ਵਿੱਚ ਮਤੇ ਦੇ ਪੱਖ ਵਿੱਚ 188 ਤੇ ਵਿਰੋਧ ਵਿੱਚ ਅੱਠ ਵੋਟਾਂ ਪਈਆਂ। ਇਸ ਦੌਰਾਨ ਤੁਰਕੀ ਦੇ ਰਾਸ਼ਟਰਪਤੀ ਰੇਸੇਪ ਤਈਅਪ ਅਰਦੋਗਨ ਨੇ ਫਿਨਲੈਂਡ ਤੇ ਸਵੀਡਨ ਨੂੰ ਨਾਟੋ ਦੀ ਮੈਂਬਰੀ ਰੋਕਣ ਦੀ ਚਿਤਾਵਨੀ ਦਿੱਤੀ ਹੈ।



ਇਸ ਮਤੇ ਬਾਰੇ ਫਿਨਲੈਂਡ ਦੇ ਰਾਸ਼ਟਰਪਤੀ ਸੌਲੀ ਨੀਨਿਸਟੋ ਸਨਾ ਮਾਰਿਨ ਨੇ ਐਤਵਾਰ ਨੂੰ ਨਾਟੋ ਵਿੱਚ ਸ਼ਾਮਲ ਹੋਣ ਦਾ ਐਲਾਨ ਕੀਤਾ ਸੀ। ਪਾਰਲੀਮੈਂਟ ਵਿੱਚ ਇਸ ਮੁੱਦੇ ਉੱਤੇ ਵੋਟਿੰਗ ਸਿਰਫ ਇੱਕ ਰਸਮ ਸੀ। ਆਸ ਕੀਤੀ ਜਾ ਰਹੀ ਹੈ ਕਿ ਫਿਨਲੈਂਡ ਅਗਲੇ ਦਿਨਾਂ ਵਿੱਚ ਨਾਟੋ ਹੈਡਕੁਆਰਟਰ ਵਿੱਚ ਆਪਣੇ ਗੁਆਂਢੀ ਸਵੀਡਨ ਨਾਲ ਰਸਮੀ ਅਰਜ਼ੀ ਉੱਤੇ ਦਸਤਖਤ ਕਰੇਗਾ।ਇਸ ਦੌਰਾਨ ਰਿਪਬਲਿਕਨ ਸੈਨੇਟਰ ਮਿਚ ਮੈਕੋਨੇਲ ਨੇ ਕਿਹਾ ਕਿ ਸਵੀਡਨ ਨੂੰ ਨਾਟੋ ਦੀ ਮੈਂਬਰਸ਼ਿਪ ਸਬੰਧੀ ਅਰਜ਼ੀ ਨੂੰ ਮਨਜ਼ੂਰੀ ਦੇਣ ਦੀ ਪ੍ਰਕਿਰਿਆ ਵਿੱਚ ਅਮਰੀਕਾ ਤੇਜ਼ੀ ਲਿਆਏਗਾ। ਉਨ੍ਹਾਂ ਨੇ ਸਟਾਕਹੋਮ ਵਿੱਚ ਇੱਕ ਪ੍ਰੈਸ ਕਾਨਫਰੰਸ ਵਿੱਚ ਕਿਹਾ ਕਿ ਪੱਛਮੀ ਦੇਸ਼ ਜਿੱਥੇ ਸਵੀਡਨ ਦੀ ਅਰਜ਼ੀ ਨੂੰ ਮਨਜ਼ੂਰੀ ਦੇਣ ਵਿੱਚ ਫੁਰਤੀ ਵਰਤਣਗੇ, ਉਥੇ ਅਮਰੀਕੀ ਪਾਰਲੀਮੈਂਟ ਵਿੱਚੋਂ ਵੀ ਮਤੇ ਨੂੰ ਅਗਸਤ ਤਕ ਮਨਜ਼ੂਰੀ ਮਿਲ ਜਾਵੇਗੀ।

ਦੂਜੇ ਪਾਸੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਕਿਹਾ ਕਿ ਸਵੀਡਨ ਅਤੇ ਫਿਨਲੈਂਡ ਨੂੰ ਨਾਟੋ ਦੀ ਮੈਂਬਰੀ ਦੇਣ ਨਾਲ ਉਨ੍ਹਾਂ ਨੂੰ ਕੋਈ ਸਮੱਸਿਆ ਨਹੀਂ। ਮਾਸਕੋ ਵਿੱਚ ਇੱਕ ਸੰਮੇਲਨ ਨੂੰ ਸੰਬੋਧਨ ਕਰਦੇ ਹੋਏ ਪੁਤਿਨ ਨੇ ਕਿਹਾ ਕਿ ਸਾਨੂੰ ਫਿਨਲੈਂਡ ਤੇ ਸਵੀਡਨ ਦੇ ਨਾਟੋ ਵਿੱਚ ਸ਼ਾਮਲ ਹੋਣ ਉੱਤੇ ਕੋਈ ਇਤਰਾਜ਼ ਨਹੀਂ। ਇਸ ਲਈ ਅਸੀਂ ਉਨ੍ਹਾਂ ਦੇ ਨਾਟੋ ਵਿੱਚ ਸ਼ਾਮਲ ਹੋਣ ਨੂੰ ਰੂਸ ਲਈ ਪ੍ਰਤੱਖ ਤੌਰ ਉੱਤੇ ਖਤਰਾ ਨਹੀਂ ਮੰਨਦੇ, ਪਰ ਉਨ੍ਹਾਂ ਦੇਸ਼ਾਂ ਵਿੱਚ ਫੌਜੀ ਵਾਧੇ ਦੀ ਸਥਿਤੀ ਵਿੱਚ ਜਵਾਬੀ ਕਾਰਵਾਈ ਜ਼ਰੂਰ ਕਰਾਂਗੇ।

# ਪੈਟਰੋਲ ਖਰੀਦਣ ਲਈ ਸ੍ਰੀਲੰਕਾ ਸਰਕਾਰ ਕੋਲ ਪੈਸੇ ਮੁੱਕੇ

## * ਲੋਕਾਂ ਨੂੰ ਪੈਟਰੋਲ ਖਰੀਦਣ ਲਈ ਲਾਈਨਾਂ ਨਾ ਲਾਉਣ ਦੀ ਅਪੀਲ

ਕੋਲੰਬੋ, 19 ਮਈ (ਪੋਸਟ ਬਿਊਰੋ)- ਵਿੱਤੀ ਸੰਕਟ ਵਿੱਚ ਘਿਰੇ ਹੋਏ ਸ੍ਰੀਲੰਕਾ ਨੇ ਕੱਲ੍ਹ ਖੁਲਾਸਾ ਕੀਤਾ ਹੈ ਕਿ ਇਸ ਦੇਸ਼ ਦੇ ਸਮੁੰਦਰੀ ਤੱਟ ਉੱਤੇ ਪੈਟਰੋਲ ਲੈ ਕੇ ਖੜ੍ਹੇ ਜਹਾਜ਼ ਨੂੰ ਦੇਣ ਲਈ ਦੇਸ਼ ਕੋਲ ਵਿਦੇਸ਼ੀ ਕਰੰਸੀ ਨਹੀਂ ਬਚੀ। ਸਰਕਾਰ ਨੇ ਨਾਗਰਿਕਾਂ ਨੂੰ ਪੈਟਰੋਲ ਲਈ ਲਾਈਨਾਂ ਨਾ ਲਾਉਣ ਲਈ ਕਿਹਾ ਹੈ।



ਵਰਨਣ ਯੋਗ ਹੈ ਕਿ ਪੈਟਰੋਲ ਲੈ ਕੇ ਆਇਆ ਇੱਕ ਜਹਾਜ਼ 28 ਮਾਰਚ ਤੋਂ ਸ੍ਰੀਲੰਕਾ ਦੇ ਪਾਣੀਆਂ ਵਿੱਚ ਖੜ੍ਹਾ ਹੈ। ਬਿਜਲੀ ਅਤੇ ਊਰਜਾ ਮੰਤਰੀ ਨੇ ਪਾਰਲੀਮੈਂਟ ਨੂੰ ਦੱਸਿਆ ਕਿ ਦੇਸ਼ ਕੋਲ ਪੈਟਰੋਲ ਨਹੀਂ ਹੈ। ਉਨ੍ਹਾਂ ਕਿਹਾ, ‘‘ਸਾਡੇ ਕੋਲ ਪੈਟਰੋਲ ਦੇ ਜਹਾਜ਼ ਨੂੰ ਦੇਣ ਲਈ ਅਮਰੀਕੀ ਡਾਲਰ ਵੀ ਨਹੀਂ। ਜਨਵਰੀ 2022 ਵਿੱਚ ਆਏ ਇੱਕ ਜਹਾਜ਼ ਦੀ ਅਦਾਇਗੀ ਕੀਤੀ ਜਾਣੀ ਅਜੇ ਬਾਕੀ ਹੈ।'' ਮੰਤਰੀ ਨੇ ਕਿਹਾ ਕਿ ਸ਼ਿਪਿੰਗ ਕੰਪਨੀ ਨੇ ਅਦਾਇਗੀ ਹੋਣ ਤਕ ਪੈਟਰੋਲ ਨਾ ਦੇਣ ਨੂੰ ਕਿਹਾ ਹੈ। ਮੰਤਰੀ ਨੇ ਕਿਹਾ ਕਿ ਮੰਤਰਾਲਾ ਇੱਕ ਦੋ ਦਿਨਾਂ ਵਿੱਚ ਇਸ ਜਹਾਜ਼ ਲਈ ਪੈਸੇ ਦਾ ਪ੍ਰਬੰਧ ਕਰ ਲਵੇਗਾ। ਇਸ ਲਈ ਉਦੋਂ ਤੀਕ ਲੋਕਾਂ ਨੂੰ ਪੈਟਰੋਲ ਲਈ ਲਾਈਨਾਂ ਨਾ ਲਾਉਣ ਨੂੰ ਕਿਹਾ ਗਿਆ ਹੈ। ਉਨ੍ਹਾਂ ਨਾਲ ਹੀ ਕਿਹਾ ਕਿ ਸੀਮਿਤ ਸਟਾਕ ਹੋਣ ਕਾਰਨ ਪਹਿਲਾਂ ਇਹ ਜ਼ਰੂਰੀ ਸੇਵਾਵਾਂ ਲਈ ਦਿੱਤਾ ਜਾ ਰਿਹਾ ਹੈ।

ਭਾਰਤ ਨੇ ਇਸੇ ਮਹੀਨੇ ਸ੍ਰੀਲੰਕਾ ਲਈ 20 ਕਰੋੜ ਡਾਲਰ ਦੀ ਕਰੈਡਿਟ ਲਾਈਨ (ਪੈਸੇ ਉਧਾਰ ਦੇਣ ਦਾ ਪ੍ਰਬੰਧ) ਖੋਲ੍ਹੀ ਸੀ ਤਾਂ ਕਿ ਗੁਆਂਢੀ ਮੁਲਕ ਤੇਲ ਨਾਲ ਜੁੜੀਆਂ ਲੋੜਾਂ ਪੂਰੀਆਂ ਕਰ ਸਕੇ। ਇਸ ਤੋਂ ਪਹਿਲਾਂ ਵੀ ਭਾਰਤ ਨੇ ਸ੍ਰੀਲੰਕਾ ਦੀ ਮਦਦ ਕੀਤੀ ਹੈ। ਸ੍ਰੀਲੰਕਾ ਇਤਿਹਾਸ ਦੇ ਸਭ ਤੋਂ ਮਾੜੇ ਸੰਕਟ ਨਾਲ ਜੂਝ ਰਿਹਾ ਹੈ। ਅਹੁਦਾ ਛੱਡਣ ਵਾਲੇ ਸ੍ਰੀਲੰਕਾ ਦੇ ਸਾਬਕਾ ਪ੍ਰਧਾਨ ਮੰਤਰੀ ਮਹਿੰਦਾ ਰਾਜਪਕਸ਼ੇ ਕੱਲ੍ਹ ਅਸਤੀਫੇ ਦੇ ਬਾਅਦ ਪਹਿਲੀ ਵਾਰ ਪਾਰਲੀਮੈਂਟ ਵਿੱਚ ਆਏ।ਪ੍ਰਧਾਨ ਮੰਤਰੀ ਰਨਿਲ ਵਿਕਰਮਾਸਿੰਘੇ ਨੇ ਦੱਸਿਆ ਕਿ ਦੇਸ਼ ਨੂੰ ਵਿਸ਼ਵ ਬੈਂਕ ਤੋਂ ਵਿੱਤੀ ਮਦਦ ਮਿਲੀ ਹੈ ਅਤੇ ਅੱਗੋਂ ਏਸ਼ੀਅਨ ਡਿਵੈਲਪਮੈਂਟ ਬੈਂਕ ਤੋਂ ਮਦਦ ਮਿਲਣ ਦੀ ਸੰਭਾਵਨਾ ਹੈ, ਪਰ ਵਿਸ਼ਵ ਬੈਂਕ ਤੋਂ ਮਿਲੀ ਮਦਦ ਨਾਲ ਤੇਲ ਨਹੀਂ ਖਰੀਦਿਆ ਜਾ ਸਕਦਾ, ਪਰ ਪੈਸੇ ਵਰਤਣ ਲਈ ਹੋਰ ਰਾਹ ਤਲਾਸ਼ੇ ਜਾ ਰਹੇ ਹਨ।

## ਲਾਚਾਰ ਵਿਅਕਤੀ ਨਾਲ ਧੋਖਧੜੀ ਕਰਨ ਵਾਲੇ ਸੁਖਦੇਵ ਨੂੰ ਕੈਦ

ਲੰਡਨ, 19 ਮਈ (ਪੋਸਟ ਬਿਊਰੋ)- 50 ਸਾਲਾ ਇੱਕ ਵਿਅਕਤੀ, ਜਿਸ ਦੀ ਦਿਮਾਗੀ ਸਥਿਤੀ 12 ਸਾਲਾਂਦੇ ਬੱਚੇ ਵਾਲੀ ਹੈ, ਦੀ ਲੱਖਾਂ ਪੌਂਡ ਦੀ ਜਾਇਦਾਦ ਹੜੱਪਣ ਦੀ ਕੋਸ਼ਿਸ਼ ਕਰਨ ਵਾਲੇ ਭਾਰਤੀ ਮੂਲ ਦੇ 73 ਸਾਲਾ ਅਕਾਊਂਟੈਂਟ ਸੁਖਦੇਵ ਸਿੰਘ ਨੂੰ ਕੈਦ ਦੀ ਸਜ਼ਾ ਸੁਣਾਈ ਗਈ ਹੈ। ਯੌਰਕ ਅਦਾਲਤ ਵਿੱਚ ਸੁਣਵਾਈ ਵੇਲੇ ਦੱਸਿਆ ਗਿਆ ਕਿ ਪੀੜਤ ਵਿਅਕਤੀ ਦੇ ਮਾਪੇ ਆਪਣੇ ਬੇਟੇ ਦੇ ਨਾਂਅ ਤਿੰਨ ਲੱਖ ਪੌਂਡ ਤੋਂ ਵੱਧ ਦੀ ਕੀਮਤ ਦਾ ਘਰ, ਸਪੇਨ ਵਿੱਚ ਛੁੱਟੀਆਂ ਮਨਾਉਣ ਵਾਲਾ ਘਰ, ਗਹਿਣੇ, ਨਕਦੀ ਅਤੇ ਹੋਰ ਕੀਮਤੀ ਸਾਮਾਨ ਛੱਡ ਗਏ ਸਨ। ਲੀਡਜ਼ ਵਾਸੀ ਸੁਖਦੇਵ ਸਿੰਘ ਨੇ 2016 ਵਿੱਚ ਪੀੜਤ ਦਾ ਹੈਰੋਗੇਟ ਵਾਲਾ ਘਰ ਆਪਣੀ ਕੰਪਨੀ ਦੇ ਨਾਂਅ ਕਰਵਾ ਲਿਆ, ਉਸੇ ਸਾਲ ਉਸ ਦੇ ਬੈਂਕ ਖਾਤੇ ਵਿੱਚੋਂ 34000 ਪੌਂਡ ਦੋ ਹਫ਼ਤਿਆਂ ਵਿੱਚ ਗਹਿਣੇ ਖਰੀਦਣ ਅਤੇ ਭਾਰਤ ਵਿਚਲੇ ਖਾਤਿਆਂ ਵਿੱਚ ਤਬਦੀਲ ਕਰਨ ਤੋਂ ਇਲਾਵਾ ਜੂਏ ਵਿੱਚ ਖਰਚ ਦਿੱਤੇ ਸਨ। ਅਦਾਲਤ ਨੇ ਉਸ ਨੂਮ ਇੱਕ ਵਿਅਕਤੀ ਨਾਲ ਧੋਖਾਧੜੀ ਦੇ ਚਾਰ ਮਾਮਲਿਆਂ ਵਿੱਚ ਦੋਸ਼ੀ ਪਾਏ ਜਾਣ ਤੋਂ ਬਾਅਦ ਪੰਜ ਸਾਲ ਛੇ ਮਹੀਨੇ ਕੈਦ ਦੀ ਸਜ਼ਾ ਸੁਣਾਈ।

## ਇਮਰਾਨ ਵੱਲੋਂ ਪ੍ਰਾਈਵੇਟ ਯੂਨੀਵਰਸਿਟੀ ਨਾਲ ਲਿਹਾਜ਼ ਪਾਲਣ ਦੇ ਦੋਸ਼ਾਂ ਦੀ ਜਾਂਚ

ਇਸਲਾਮਾਬਾਦ, 19 ਮਈ (ਪੋਸਟ ਬਿਊਰੋ)- ਪਾਕਿਸਤਾਨ ਸਰਕਾਰ ਨੇ ਦੇਸ਼ ਦੇ ਗੱਦੀਓਂ ਲਾਹੇ ਪ੍ਰਧਾਨ ਮੰਤਰੀ ਇਮਰਾਨ ਖਾਨ ਵੱਲੋਂ ਆਪਣੇ ਰਾਜ ਵੇਲੇ ਚਲਾਈ ਯੂਨੀਵਰਸਿਟੀ ਨੂੰ ਨਕਦੀ ਤੇ ਜ਼ਮੀਨ ਵਿੱਚ ਬੇਲੋੜਾ ਲਾਹਾ ਦੇਣ ਦੇ ਦੋਸ਼ਾਂ ਦੀ ਜਾਂਚ ਕਰਨ ਦਾ ਐਲਾਨ ਕੀਤਾ ਹੈ। ਪੰਜਾਬ ਸੂਬੇ ਦੇ ਸੋਹਾਵਾ ਕਸਬੇ ਵਿੱਚ ਸਾਲ 2019 ਵਿੱਚ ਅਬਦੁਲ ਕਾਦਰ ਯੂਨੀਵਰਸਿਟੀ ਸ਼ੁਰੂ ਕੀਤੀ ਗਈ ਸੀ। ਯੂਨੀਵਰਸਿਟੀ ਦੇ ਨੀਂਹ ਪੱਥਰ ਲਈ ਰੱਖੇ ਸਮਾਗਮ ਦੌਰਾਨ ਸਾਬਕਾ ਪ੍ਰਧਾਨ ਮੰਤਰੀ ਨੇ ਕਿਹਾ ਸੀ ਕਿ ਇਹ ਨਿੱਜੀ ਯੂਨੀਵਰਸਿਟੀ ਸਮਾਜ ਸੇਵੀਆਂ ਵੱਲੋਂ ਦਾਨ ਵਿੱਚ ਮਿਲੀ ਰਾਸ਼ੀ ਨਾਲ ਚੱਲੇਗੀ।

ਰੱਖਿਆ ਮੰਤਰੀ ਖਵਾਜ਼ਾ ਮੁਹੰਮਦ ਆਸਿਫ ਨੇ ਕੱਲ੍ਹ ਕੌਮੀ ਅਸੈਂਬਲੀ ਨੂੰ ਦੱਸਿਆ ਕਿ ਇਮਰਾਨ ਖਾਨ, ਉਨ੍ਹਾਂ ਦੀ ਬੇਗ਼ਮ ਬੁਸ਼ਰਾ ਬੀਬੀ ਅਤੇ ਉਸ ਦੀ ਦੋਸਤ ਫਰਾਹ ਗੋਗੀ ਯੂਨੀਵਰਸਿਟੀ ਦੇ ਟਰੱਸਟੀ ਹਨ। ਆਸਿਫ ਨੇ ਦਾਅਵਾ ਕੀਤਾ ਕਿ ਯੂਨੀਵਰਸਿਟੀ ਨਾਲ ਬੇਲੋੜਾ ਲਿਹਾਜ਼ ਰੱਖ ਕੇ ਇਸ ਨੂੰ ਪੰਜਾਹ ਕਰੋੜ ਰੁਪਏ ਨਕਦ ਅਤੇ 450 ਕਨਾਲ ਜ਼ਮੀਨ ਦਿੱਤੀ ਗਈ। ਰਿਪੋਰਟ ਮੁਤਾਬਕ ਫਰਾਹ ਨੂੰ 200 ਕਨਾਲ ਜ਼ਮੀਨ ਦਿੱਤੀ ਗਈ।

# ਬਿੱਲ-ਬੋਰਡ ਨਾਲ ਬੱਸ ਟਕਰਾਉਣ ਕਾਰਨ 14 ਹਲਾਕ

ਸੁਰਾਬਾਯਾ (ਇੰਡੋਨੇਸ਼ੀਆ), 19 ਮਈ (ਪੋਸਟ ਬਿਊਰੋ)- ਇੰਡੋਨੇਸ਼ੀਆ ਦੇ ਮੁੱਖ ਟਾਪੂ ਜਾਵਾ ਵਿੱਚ ਕੱਲ੍ਹ ਟੂਰਿਸਟਾਂ ਦੀ ਬੱਸ ਦੇ ਬਿੱਲ ਬੋਰਡ ਨਾਲ ਟਕਰਾਉਣ ਕਾਰਨ 14 ਜਣਿਆਂ ਦੀ ਮੌਤ ਹੋ ਗਈ ਤੇ 19 ਜਣੇ ਜ਼ਖਮੀ ਹੋ ਗਏ। ਜ਼ਖਮੀਆਂ ਨੂੰ ਚਾਰ ਹਸਪਤਾਲਾਂ ਵਿੱਚ ਦਾਖਲ ਕਰਵਾਇਆ ਗਿਆ ਹੈ।

ਬੱਸ ਵਿੱਚ ਸੁਰਾਬਾਯਾ ਦੇ ਸੈਲਾਨੀ ਸਵਾਰ ਸਨ ਅਤੇ ਉਹ ਸੈਂਟਰਲ ਜਾਵਾ ਦੇ ਮਸ਼ਹੂਰ ਪਹਾੜੀ ਰਿਜ਼ਾਰਟ ਡਿਏਂਗ ਪਲੇਟੂ ਤੋਂ ਪਰਤ ਰਹੇ ਸਨ। ਸਵੇਰੇ ਇਹ ਬੱਸ ਮੋਜੋਕੇਰਟੋ ਟੌਲ ਮਾਰਗ ਉੱਤੇ ਲੱਗੇ ਬਿੱਲ ਬੋਰਡ ਨਾਲ ਜਾ ਵੱਜੀ।ਹਾਦਸੇ ਦੇ ਕਾਰਨਾਂ ਬਾਰੇ ਜਾਂਚ ਕੀਤੀ ਜਾ ਰਹੀ ਹੈ, ਪਰ ਲੱਗਦਾ ਹੈ ਕਿ ਹਾਦਸੇ ਤੋਂ ਪਹਿਲਾਂ ਸ਼ਾਇਦ ਡਰਾਈਵਰ ਨੂੰ ਨੀਂਦ ਆਈ ਹੋਵੇਗੀ। ਹਾਦਸੇ ਵਿੱਚ ਡਰਾਈਵਰ ਵੀ ਗੰਭੀਰ ਜ਼ਖਮੀ ਹੋਇਆ ਹੈ, ਜਿਸ ਕਰ ਕੇ ਉਸ ਕੋਲੋਂ ਹਾਲੇ ਪੁੱਛ-ਪੜਤਾਲ ਨਹੀਂ ਕੀਤੀ ਗਈ। ਬਾਕੀ 19 ਜਣਿਆਂ ਦਾ ਚਾਰ ਹਸਪਤਾਲਾਂ ਵਿੱਚ ਇਲਾਜ ਚੱਲ ਰਿਹਾ ਹੈ।






# ਚੀਨ ਨੇ ਪਾਕਿਸਤਾਨ ਤੋਂ ਮੰਦਾਰਿਨ ਸਿਖਾਉਣ ਵਾਲੇ ਅਧਿਆਪਕ ਵਾਪਸ ਬੁਲਾਏ

ਕਰਾਚੀ, 19 ਮਈ (ਪੋਸਟ ਬਿਊਰੋ)- ਪਾਕਿਸਤਾਨ ਦੇ ਵੱਖ-ਵੱਖ ਹਿੱਸਿਆਂ ਵਿੱਚ ਮੰਦਾਰਿਨ ਭਾਸ਼ਾ ਪੜ੍ਹਾਉਣ ਵਾਲੇ ਚੀਨੀ ਅਧਿਆਪਕਾਂ ਨੂੰ ਦੇਸ਼ ਵਾਪਸ ਬੁਲਾ ਲਿਆ ਗਿਆ ਹੈ। ਇਹ ਫੈਸਲਾ ਖਤਰਨਾਕ ਹਮਲਿਆਂ ਕਾਰਨ ਕੀਤਾ ਗਿਆ।




ਵਰਨਣ ਯੋਗ ਹੈ ਕਿ ਕੁਝ ਕੇ ਹਫ਼ਤੇ ਪਹਿਲਾਂ ਬੁਰਕਾ ਪਹਿਨੇ ਇੱਕ ਬਲੋਚ ਮਹਿਲਾ ਆਤਮਘਾਤੀ ਹਮਲਾਵਰ ਨੇ ਪਾਕਿਸਤਾਨ ਦੀ ਵੱਕਾਰੀ ਕਰਾਚੀ ਯੂਨੀਵਰਸਿਟੀ ਦੇ ਅੰਦਰ ਇੱਕ ਵਾਹਨ ਨੇੜੇ ਖੁਦ ਨੂੰ ਵਿਸਫੋਟ ਨਾਲ ਉਡਾ ਲਿਆ ਸੀ।ਪਾਕਿਸਤਾਨ ਦੀ ਵਿੱਤੀ ਰਾਜਧਾਨੀ ਕਰਾਚੀ ਵਿੱਚ ਚੀਨੀ ਨਾਗਰਿਕਾਂ ਉੱਤੇ ਹਮਲੇ ਵਿੱਚ ਕਨਫਿਊਸ਼ੀਅਸ ਇੰਸਟੀਚਿਊਟ ਦੇ ਮੁਖੀ ਅਤੇ ਉਸ ਦੇ ਸਥਾਨਕ ਡਰਾਈਵਰ ਸਮੇਤ ਤਿੰਨ ਚੀਨੀ ਟੀਚਰਾਂ ਦੀ ਮੌਤ ਹੋਈ ਸੀ। ਪਾਬੰਦੀਸ਼ੁਦਾ ਬਲੋਚਿਸਤਾਨ ਲਿਬਰੇਸ਼ਨ ਆਰਮੀ (ਬੀ ਐਲ ਏ) ਨਾਲ ਸਬੰਧਤ ਮਜੀਦ ਬ੍ਰਿਗੇਡ ਨੇ ਇਸ ਹਮਲੇ ਦੀ ਜ਼ਿੰਮੇਵਾਰੀ ਲਈ ਸੀ। ਕਰਾਚੀ ਯੂਨੀਵਰਸਿਟੀ ਦੇ ਇੱਕ ਅਫਸਰ ਨੇ ਦੱਸਿਆ ਕਿ ਕੈਂਪਸ ਦੇ ਕਨਫਿਊਸ਼ਸ ਇੰਸਟੀਚਿਊਟ ਵਿੱਚ ਪੜ੍ਹਾ ਰਹੇ ਚੀਨੀ ਟੀਚਰ ਕੱਲ੍ਹ ਘਰ ਲਈ ਚਲੇ ਗਏ। ਚੀਨੀ ਟੀਚਰਾਂ ਦਾ ਜਾਣਾ ਮੰਦਾਰਿਨ ਸਿੱਖਣ ਵਾਲੇ ਵਿਦਿਆਰਥੀਆਂ ਲਈ ਝਟਕਾ ਹੈ। ਸੰਸਥਾ ਵਿੱਚ ਲੱਗਭਗ 500 ਵਿਦਿਆਰਥੀ ਹਨ ਅਤੇ ਆਨਲਾਈਨ ਕਲਾਸਾਂ ਲਗਾਉਣ ਬਾਰੇ ਵਿਚਾਰ ਕੀਤਾ ਜਾ ਰਿਹਾ ਹੈ।

## ਤਾਲਿਬਾਨ ਵੱਲੋਂ ਯੂ ਐਨ ਦੀਆਂ ਮਹਿਲਾ ਮੁਲਾਜ਼ਮਾਂ ਨੂੰ ਹਿਜਾਬ ਪਾਉਣ ਦਾ ਆਦੇਸ਼

ਕਾਬੁਲ, 19 ਮਈ (ਪੋਸਟ ਬਿਊਰੋ)- ਅਫ਼ਗਾਨੀ ਔਰਤਾਂ ਲਈ ਬੁਰਕਾ ਲਾਜ਼ਮੀ ਕਰਨ ਤੋਂ ਬਾਅਦ ਤਾਲਿਬਾਨ ਨੇ ਅੱਗੋਂ ਅਫ਼ਗਾਨਿਸਤਾਨ ਵਿੱਚ ਯੂ ਐੱਨ ਸਹਾਇਤਾ ਮਿਸ਼ਨ ਦੀਆਂ ਮਹਿਲਾ ਮੁਲਾਜ਼ਮਾਂ ਨੂੰ ਵੀ ਹਿਜਾਬ ਪਾਉਣ ਦਾ ਹੁਕਮ ਦੇ ਦਿੱਤਾ ਹੈ। ਰਿਪੋਰਟ ਮੁਤਾਬਕ ਇਹ ਆਦੇਸ਼ ਧਾਰਮਿਕ ਮਾਮਲਿਆਂ ਦੇ ਮੰਤਰਾਲੇ ਨੇ ਜਾਰੀ ਕੀਤਾ ਹੈ।



ਯੂ ਐਨ ਏ ਐਮ ਏ ਵੱਲੋਂ ਜਾਰੀ ਇੱਕ ਬਿਆਨ ਮੁਤਾਬਕ ਮੰਤਰਾਲੇ ਦੇ ਅਧਿਕਾਰੀਆਂ ਨੇ ਕਿਹਾ ਕਿ ਉਸ ਦੇ ਮੁਲਜ਼ਮ ਯੂ ਐੱਨ ਦਫ਼ਤਰ ਅੱਗੇ ਖੜ੍ਹੇ ਰਹਿ ਕੇ ਮਹਿਲਾ ਮੁਲਜ਼ਮਾਂ ਦੀ ਨਿਗਰਾਨੀ ਕਰਨਗੇ। ਜੇ ਕੋਈ ਮਹਿਲਾ ਮੁਲਾਜ਼ਮ ਬਿਨਾਂ ਹਿਜਾਬ ਪਾਏ ਗਈ ਤਾਂ ਉਸ ਨੂੰ ਨਿਮਰਤਾ ਨਾਲ ਸਮਝਾਇਆ ਜਾਵੇਗਾ। ਯੂ ਐਨ ਦਫ਼ਤਰ ਮੂਹਰੇ ਮਹਿਲਾ ਮੁਲਾਜ਼ਮਾਂ ਲਈ ਹਿਜਾਬ ਲਾਜ਼ਮੀ ਕਰਨ ਸਬੰਧੀ ਪੋਸਟਰ ਵੀ ਚਿਪਕਾਏ ਗਏ ਹਨ। ਮੰਤਰਾਲੇ ਨੇ ਕਿਹਾ ਕਿ ਮਹਿਲਾ ਮੁਲਜ਼ਮਾਂ ਲਈ ਚਾਦਰੀ ਜਾਂ ਬੁਰਕਾ ਪਾਉਣਾ ਬਿਹਤਰ ਹੋਵੇਗਾ।ਹਿਊਮਨ ਰਾਈਟ ਵਾਚ ਦੇ ਮਹਿਲਾ ਅਧਿਕਾਰ ਵਿਭਾਗ ਦੇ ਐਸੋਸੀਏਟ ਡਾਇਰੈਕਟਰ ਨੇ ਟਵੀਟ ਕੀਤਾ, ‘ਤਾਲਿਬਾਨ ਦਾ ਦਾਅਵਾ ਹੈ ਕਿ ਨਵਾਂ ਪੁਸ਼ਾਕ ਨਿਯਮ ਇੱਕ ਸਲਾਹ ਹੈ, ਪਰ ਇਸ ਨੂੰ ਥੋਪਿਆ ਜਾ ਰਿਹਾ ਹੈ। ਅਜਿਹੇ ਵਿੱਚ ਮਹਿਲਾ ਮੁਲਾਜ਼ਮਾਂ ਦੀ ਸੁਰੱਖਿਆ ਤੇ ਆਜ਼ਾਦੀ ਦਾ ਕੀ ਹੋਵੇਗਾ?'

# ਮਰਦ ਤੇ ਔਰਤ ਕੰਮ ਮੁਤਾਬਕ ਬਰਾਬਰ ਤਨਖ਼ਾਹ ਦੇ ਹੱਕਦਾਰ ਹੋਣਗੇ

ਔਕਲੈਂਡ, 19 ਮਈ (ਪੋਸਟ ਬਿਊਰੋ)- ਨਿਊਜ਼ੀਲੈਂਡ ਸਰਕਾਰ ਦੇ ਸਿਹਤ ਮੰਤਰੀ ਐਂਡਰੀਊ ਲਿਟਲ ਨੇ ਕੱਲ੍ਹ ਇੱਕ ਇਤਿਹਾਸਕ ਨੇਪਰੇ ਚੜ੍ਹੇ ਸਮਝੌਤੇ ਦਾ ਸਵਾਗਤ ਕੀਤਾ ਹੈ ਜਿਸ ਅਨੁਸਾਰ ਸਿਹਤ ਖੇਤਰ ਵਿੱਚ ਕੰਮ ਕਰਦੇ ਕਿਸੇ ਮਰਦ ਜਾਂ ਔਰਤ ਉਸਦੇ ਕੰਮ ਦੀ ਬਰਾਬਰ ਮਹੱਤਤਾ ਮੁਤਾਬਕ ਬਰਾਬਰ ਤਨਖ਼ਾਹ ਦਾ ਹੱਕਦਾਰ ਮੰਨੇ ਜਾਣਗੇ।

‘ਪੇਅ ਇਕੁਇਲਿਟੀ' (ਬਰਾਬਰ ਤਨਖ਼ਾਹ-ਬਰਾਬਰ ਮਹੱਤਤਾ ਵਾਲਾ ਕੰਮ) ਦੇ ਸਮਝੌਤੇ ਉਪਰੰਤ ਸਿਹਤ ਖੇਤਰ ਦੇ ਵਿੱਚ ਕੰਮ ਕਰਦੇ ਪ੍ਰਸ਼ਾਸ਼ਨਕ ਕਾਮਿਆਂ ਜਿਵੇਂ ਕਲਰਕ, ਕਲੀਨਿਕ ਕੈਡਰ, ਹੈਲਥ ਰਿਕਾਰਡ ਕਲਰਕ ਆਦਿ ਦੇ ਵਿੱਚ ਕਾਫੀ ਖੁਸ਼ੀ ਪਾਈ ਜਾ ਰਹੀ ਹੈ।ਸਿਹਤ ਮੰਤਰੀ ਨੇ ਕਿਹਾ ਕਿ 21ਵੀਂ ਸਦੀ ਦੇ ਨਿਊਜ਼ੀਲੈਂਡ ਵਿੱਚ 1950 ਦੇ ਦਹਾਕੇ ਵਾਲੇ ਤੌਰ ਤਰੀਕਿਆਂ ਦੀ ਅੱਜ ਕੋਈ ਥਾਂ ਨਹੀਂ ਹੈ। ‘‘ਇਹ ਸਰਕਾਰ ਕਰਮਚਾਰੀਆਂ ਨੂੰ ਉਚਿਤ ਤਨਖ਼ਾਹ ਦੇਣ ਲਈ ਵਚਨਬੱਧ ਹੈ।ਇਹੀ ਕਾਰਨ ਹੈ ਕਿ 2020 ਵਿੱਚ ਅਸੀਂ ਇਸ ਨੂੰ ਅਸਲੀ ਰੂਪ ਦੇਣ ਲਈ ਬਰਾਬਰ ਤਨਖ਼ਾਹ ਐਕਟ ਨੂੰ ਬਦਲ ਦਿੱਤਾ ਹੈ। ਇਹ ਸਮਝੌਤਾ ਉਸੇ ਦਾ ਸਿੱਧਾ ਨਤੀਜਾ ਹੈ। ਲੱਗਭਗ 10,000 ਲੋਕਾਂ ਨੂੰ ਇਸ ਦਾ ਲਾਭ ਹੋਵੇਗਾ।



ਸਿਹਤ ਖੇਤਰ ਦੇ ਪ੍ਰਸ਼ਾਸ਼ਨਿਕ ਕੰਮਾਂ ਵਿੱਚ 90 ਫ਼ੀਸਦੀ ਔਰਤਾਂ ਕੰਮ ਕਰਦੀਆਂ ਹਨ। ਤਨਖ਼ਾਹ ਦਾ ਕਿੰਨਾ ਵਾਧਾ ਹੋਵੇਗਾ, ਉਦਾਹਰਣ ਵੱਜੋਂ ਦੱਖਣੀ ਟਾਪੂ ਵਿੱਚ ਵਾਰਡ ਕਲਰਕ ਨੂੰ ਸਲਾਨਾ 48,740 ਡਾਲਰ ਮਿਲਦੇ ਸਨ, ਅੱਗੇ ਤੋਂ 68,340 ਡਾਲਰ ਮਿਲਣਗੇ, ਜੋ 40 ਫ਼ੀਸਦੀ ਤਕ ਵਾਧਾ ਹੈ। ਔਕਲੈਂਡ ਦੇ ਕਲੀਨਿਕ ਹੁਣ 51,753 ਡਾਲਰ ਦੀ ਥਾਂ 69,340 ਡਾਲਰ ਲੈਣਗੇ ਜੋ 34 ਫ਼ੀਸਦੀ ਵਾਧਾ ਹੈ। ਹੈਲਥ ਰਿਕਾਰਡ ਕਲਰਕ 50,840 ਦੀ ਥਾਂ 57,630 ਡਾਲਰ ਤਕ ਲੈਣਗੇ। ਇਸ ਨਵੀਂ ਬਰਾਬਰ ਮਿਹਨਤਾਨਾ ਪ੍ਰਣਾਲੀ ਵਿੱਚ ਆ ਰਹੇ ਹਰ ਵਿਅਕਤੀ ਨੂੰ 2500 ਡਾਲਰ ਅਲੱਗ ਤੋਂ ਇਕਮੁਸ਼ਤ ਰਾਸ਼ੀ ਵੀ ਮਿਲੇਗੀ।

## ਟੈਕਸ ਜਸਟਿਸ ਨੈਟਵਰਕ ਵੱਲੋਂ ਕਈ ਮਾਪਦੰਡਾਂ ਉੱਤੇ ਖਰਾਬ ਰੇਟਿੰਗ

ਡੈਮੀਅਨ ਸ਼ੇਫਰਡ, 19 ਮਈ (ਪੋਸਟ ਬਿਊਰੋ)- ਕਾਲੇ ਧਨ ਨੂੰ ਲੁਕਾਉਣ ਲਈ ਸਵਿੱਟਜ਼ਰਲੈਂਡ ਦੁਨੀਆ ਵਿੱਚ ਲੋਕਾਂ ਦੇ ਲਈ ਸੁਰੱਖਿਅਤ ਮੰਨਿਆ ਜਾਂਦਾ ਰਿਹਾ ਹੈ, ਪਰ ਅੱਜਕੱਲ੍ਹ ਸਵਿੱਟਜ਼ਰਲੈਂਡ ਨਹੀਂ, ਅਮਰੀਕਾ ਵੱਧ ਮਦਦਗਾਰ ਬਣ ਗਿਆ ਹੈ। ਅਮਰੀਕਾ ਵਿੱਚ 2020 ਦੇ ਬਾਅਦ ਤੋਂ ਦੁਨੀਆ ਨੂੰ ਵਿੱਤੀ ਰਾਜ਼ਦਾਰੀ ਦਾ ਲਗਭਗ ਇੱਕ ਤਿਹਾਈ ਵਾਧਾ ਹੋਇਆ ਹੈ। ਇਹ ਜਾਣਕਾਰੀ ਐਡਵਾਇਜ਼ਰੀ ਗਰੁੱਪ ਟੈਕਸ ਜਸਟਿਸ ਨੈਟਵਰਕ (ਟੀ ਜੇ ਐਨ) ਦੀ ਤਾਜ਼ਾ ਰਿਸਰਚ ਤੋਂ ਮਿਲੀ ਹੈ। ਇਸ ਦੇ ਮੁਤਾਬਕ ਅਮਰੀਕਾ ਵਿੱਚ ਪ੍ਰਾਪਰਟੀ ਲੁਕਾਉਣ ਵਿੱਚ ਵਿੱਤੀ ਅਤੇ ਕਾਨੂੰਨੀ ਮਦਦ ਅਮਰੀਕਾ ਤੋਂ ਬਿਹਤਰ ਕਿਤੇ ਨਹੀਂ ਮਿਲਦੀ ਹੈ। ਟੀ ਜੇ ਐਨ ਸਾਲ 2009 ਤੋਂ ਪ੍ਰਾਪਰਟੀ ਨੂੰ ਲੁਕਾਉਣ ਵਿੱਚ ਫਾਇਨੈਂਸ਼ੀਅਲ ਸਿਸਟਮ ਅਤੇ ਕਾਨੂੰਨ ਕਿੰਨਾ ਮਦਦਗਾਰ ਹੈ, ਇਸ ਆਧਾਰ ਉੱਤੇ ਵੱਖ-ਵੱਖ ਦੇਸ਼ਾਂ ਦੀ ਰੈਂਕਿੰਗ ਜਾਰੀ ਕਰ ਰਿਹਾ ਹੈ।

ਤਾਜ਼ਾ ਰੈਂਕਿੰਗ ਵਿੱਚ ਇਸ ਨੇ ਅਮਰੀਕਾ ਨੂੰ ਚੋਟੀ ਉੱਤੇ ਰੱਖਿਆ ਹੈ। ਇਹ ਇਸ ਦੀ ਅੱਜ ਤਕ ਦੀ ਸਭ ਤੋਂ ਖਰਾਬ ਰੈਂਕਿੰਗ ਹੈ।ਸਿਰਫ ਅਮਰੀਕਾ ਨਹੀਂ, ਖੋਜ ਦੇ ਮੁਤਾਬਕ ਵਿਸ਼ਵ ਦੀਆਂ ਸੱਤ ਵੱਡੀਆਂ ਅਰਥਵਿਵਸਾਥਾਵਾਂ (ਜੀ-7) ਵਿੱਚੋਂ ਪੰਜ ਅਮਰੀਕਾ, ਯੂ ਕੇ, ਜਾਪਾਨ, ਜਰਮਨੀ ਅਤੇ ਇਟਲੀ ਨੇ ਵਿੱਤੀ ਰਾਜ਼ਦਾਰੀ ਕਾਰਨ ਵਿਸ਼ਵ ਦੇ ਅੱਧੇ ਤੋਂ ਵੱਧ ਵਿਕਾਸ ਨੂੰ ਰੋਕਿਆ ਹੋਇਆ ਹੈ। ਯੂ ਕੇ ਦੇ ਅੰਕੜੇ ਹੋਰ ਚਿੰਤਾਜਨਕ ਹੈ। ਇੱਥੇ ਦੁਨੀਆ ਭਰ ਦੀ ਵਿੱਤੀ ਰਾਜ਼ਦਾਰੀ ਦੇ ਨੌ ਫੀਸਦੀ ਮਾਮਲੇ ਹਨ। ਜਰਮਨੀ ਅੱਜ ਜੀ-7 ਦੇਸ਼ਾਂ ਦੀ ਇੱਕ ਬੈਠਕ ਦੀ ਮੇਜ਼ਬਾਨੀ ਕਰ ਰਿਹਾ ਹੈ, ਪ੍ਰੰਤੂ ਓਥੋਂ ਦੀ ਵਿੱਤੀ ਰਾਜ਼ਦਾਰੀ ਦੇ ਮਾਮਲੇ ਵਿੱਚ ਇਹ ਸੱਤਵੇਂ ਸਥਾਨ ਉੱਤੇ ਹੈ।ਟੀ ਜੇ ਐਨ ਦੇ ਮੁਖੀ ਖੋਜਕਰਤਾ ਮੁਤਾਬਕ ‘‘ਅਮੀਰ ਦੇਸ਼ਾਂ ਦਾ ਇੱਕ ਛੋਟਾ ਜਿਹਾ ਗਰੁੱਪ ਹੈ, ਜੋ ਆਪਣੀ ਸਹੂਲਤ ਅਨੁਸਾਰ ਟੈਕਸ ਚੋਰੀ ਅਤੇ ਵਿੱਤੀ ਰਾਜ਼ਦਾਰੀ ਦੇ ਨਿਯਮ ਬਦਲਦਾ ਰਹਿੰਦਾ ਹੈ। ਇਸ ਖਰਾਬ ਵਿਵਸਥਾ ਦੇ ਲਈ ਇਹੀ ਦੇਸ਼ ਜ਼ਿੰਮੇਵਾਰ ਹਨ।'' ਉਨ੍ਹਾਂ ਇਹ ਵੀ ਕਿਹਾ, ‘‘ਦਹਾਕਿਆਂ ਤੋਂਇਹ ਅਮੀਰ ਜੀ-7 ਦੇਸ਼ ਕਰੋੜਪਤੀ ਲੋਕਾਂ ਦੀ ਤੇ ਮਲਟੀਨੈਸ਼ਨਲ ਕੰਪਨੀਆਂ ਦੇ ਹੈਲਪ ਸਿਸਟਮ ਵਿੱਚ ਕਮੀਆਂ ਰਾਹੀਂ ਹੋਰ ਆਸਾਨ ਨਿਯਮਾਂ ਨਾਲ ਇਹ ਕੰਮ ਕਰ ਰਹੇ ਹਨ।''ਰਿਪੋਰਟ ਵਿੱਚ ਇਸ ਦੀ ਵਜ੍ਹਾ ਇਨ੍ਹਾਂ ਮੁੱਖ ਦੇਸ਼ਾਂ ਦੇ ਟੈਕਸ ਵਿਭਾਗਾਂ ਦੇ ਆਪਸ ਵਿੱਚਲੇ ਖਰਾਬ ਤਾਲਮੇਲ ਨੂੰ ਦੱਸਿਆ ਗਿਆ ਹੈ। ਰਿਸਰਚ ਵਿੱਚ ਕਿਹਾ ਗਿਆ ਹੈ, ਜੇ ਸਿਰਫ ਅਮਰੀਕੀ ਅਰਥਵਿਵਸਥਾ ਬਾਕੀ ਮੁੱਖ ਅਰਥਵਿਵਸਥਾਵਾਂ ਦੇ ਨਾਲ ਤਾਲਮੇਲ ਵਿੱਚ ਕੰਮ ਕਰੇ ਤਾਂ ਵਿਸ਼ਵ ਵਿੱਚ ਵਿੱਤੀ ਰਾਜ਼ਦਾਰੀ ਚਾਲੀ ਫੀਸਦੀ ਤਕ ਘੱਟ ਹੋ ਸਕਦੀ ਹੈ।ਦੂਜੇ ਪਾਸੇ ਸਵਿੱਟਜ਼ਰਲੈਂਡ ਦਾ ਸਥਾਨ ਇਸ ਸੂਚੀ ਵਿੱਚ ਖਿਸਕ ਕੇ ਦੂਸਰੇ ਸਥਾਨਚਲਾ ਗਿਆ ਹੈ, ਇੱਥੇ ਅਮਰੀਕਾ ਦੀ ਤੁਲਨਾ ਵਿੱਚ ਵਿੱਤੀ ਰਾਜ਼ਦਾਰੀ ਦੀ ਸਹੂਲਤ ਅੱਧੀ ਹੈ। ਕਾਇਮਾਨ ਟਾਪੂ ਕਦੇ ਪਹਿਲੇ ਸਥਾਨ ਉੱਤੇ ਸੀ, ਖਿਸਕ ਕੇ 14ਵੇਂ ਥਾਂ ਆ ਗਿਆ ਹੈ। ਇਸ ਦਾ ਕਾਰਨ ਵਿੱਤੀ ਸੇਵਾਵਾਂ ਵਿੱਚ ਬੇਹੱਦ ਕਮੀ ਨੂੰ ਦੱਸਿਆ ਜਾ ਰਿਹਾ ਹੈ।

# ਅਫ਼ਗਾਨਿਸਤਾਨ ਵਿੱਚ ਪਾਕਿਸਤਾਨੀ ਵਫ਼ਦ ਦੀ ਅੱਤਵਾਦੀ ਗਰੁੱਪ ਨਾਲ ਗੱਲਬਾਤ

ਕਾਬੁਲ, 19 ਮਈ (ਪੋਸਟ ਬਿਊਰੋ)- ਪਾਕਿਸਤਾਨ ਦੇ ਇੱਕ ਵਫ਼ਦ ਨੇ ਖੁਫੀਆ ਏਜੰਸੀ ਆਈ ਐਸ ਆਈ ਦੇ ਸਾਬਕਾ ਮੁੱਖੀ ਦੀ ਅਗਵਾਈ ਵਿੱਚ ਅਫ਼ਗਾਨਿਸਤਾਨ ਵਿੱਚ ਅਤਿਵਾਦੀ ਸੰਗਠਨ ਤਹਿਰੀਕ-ਏ-ਤਾਲਿਬਾਨ ਪਾਕਿਸਤਾਨ (ਟੀ ਟੀ ਪੀ) ਦੇ ਨੁਮਾਇੰਦਿਆਂ ਨਾਲ ਗੱਲਬਾਤ ਕੀਤੀ ਹੈ। ਇਹ ਸੰਗਠਨ ਪਾਕਿਸਤਾਨੀ ਸੁਰੱਖਿਆ ਬਲਾਂ ਉੱਤੇ ਕਈ ਖਤਰਨਾਕ ਹਮਲਿਆਂ ਵਿੱਚ ਸ਼ਾਮਲ ਰਿਹਾ ਹੈ। ਟੀ ਟੀ ਪੀ ਦੇ ਮੈਂਬਰਾਂ ਅਤੇ ਕਾਬੁਲ ਵਿੱਚ ਅਧਿਕਾਰਤ ਸੂਤਰਾਂ ਨੇ ਅਮਰੀਕੀ ਰੇਡੀਓ ਸਰਵਿਸ ‘ਵਾਇਸ ਆਫ਼ ਅਮਰੀਕਾ' ਨੂੰ ਮੀਟਿੰਗ ਦੀ ਪੁਸ਼ਟੀ ਕੀਤੀ ਹੈ।

ਰਿਪੋਰਟ ਅਨੁਸਾਰ ਕੱਲ੍ਹ ਕਾਬੁਲ ਵਿੱਚ ਪੇਸ਼ਾਵਰ ਕੋਰ ਕਮਾਂਡਰ ਲੈਫਟੀਨੈਂਟ ਜਨਰਲ ਫੈਜ਼ ਹਮੀਦ ਨੇ ਟੀ ਟੀ ਪੀ ਦੇ ਪ੍ਰਤੀਨਿਧੀ ਮੰਡਲ ਨਾਲ ਗੱਲਬਾਤ ਕੀਤੀ, ਜਿਸ ਦੀ ਵਿਚੋਲਗੀ ਹੱਕਾਨੀ ਨੈਟਵਰਕ ਨੇ ਕੀਤੀ ਸੀ। ਅਫ਼ਗਾਨ ਪੱਤਰਕਾਰ ਬਿਲ ਸਰਵਰੀ ਨੇ ਟਵੀਟ ਕੀਤਾ,‘‘ਪੇਸ਼ਾਵਰ ਆਰਮੀ ਕੋਰ ਕਮਾਂਡ ਦੇ ਮੁਖੀ ਲੈਫਟੀਨੈਂਟ ਜਨਰਲ ਫੈਜ਼ ਹਮੀਦ ਆਪਣੇ ਵਫਦ ਦੇ ਨਾਲ ਟੀ ਟੀ ਪੀ ਨਾਲ ਗੱਲਬਾਤ ਲਈ ਕਾਬੁਲ ਪਹੁੰਚੇ।'' ਇਸ ਘਟਨਾਕ੍ਰਮ ਬਾਰੇ ਦੋਵਾਂ ਪਾਸਿਆਂ ਤੋਂ ਕੋਈ ਪੱਕੀ ਜਾਣਕਾਰੀ ਸਾਂਝੀ ਨਹੀਂ ਕੀਤੀ ਗਈ। ਹਮੀਦ ਜੂਨ 2019 ਤੋਂ ਨਵੰਬਰ 2021 ਤਕ ਪਾਕਿਸਤਾਨੀ ਖ਼ੁਫ਼ੀਆ ਏਜੰਸੀ ਆਈ ਐਸ ਆਈ ਵਿੱਚ ਡਾਇਰੈਕਟਰ ਜਨਰਲ ਵਜੋਂ ਤਾਇਨਾਤ ਸੀ। ਸੂਤਰਾਂ ਅਨੁਸਾਰ ਇਹ ਗੱਲਬਾਤ ਅਫ਼ਗਾਨ ਤਾਲਿਬਾਨ ਦੀ ਤਾਜ਼ਾ ਕੋਸ਼ਿਸ਼ ਹੈ, ਜਿਸ ਦਾ ਉਦੇਸ਼ ਪਾਕਿਸਤਾਨ ਅਤੇ ਟੀ ਟੀ ਪੀ ਵਿਚਾਲੇ ਟਕਰਾਅ ਨੂੰ ਘੱਟ ਕਰਨਾ ਹੈ।



ਲੈਫਟੀਨੈਂਟ ਜਨਰਲ ਫੈਜ਼ ਹਮੀਦ ਨੇ ਟੀ ਟੀ ਪੀ ਦੇ ਪ੍ਰਤੀਨਿਧੀ ਮੰਡਲ ਨਾਲ ਗੱਲਬਾਤ ਕੀਤੀ, ਜਿਸ ਦੀ ਵਿਚੋਲਗੀ ਹੱਕਾਨੀ ਨੈਟਵਰਕ ਨੇ

# ਜੀਟੀਏ ਵਿੱਚ ਗੈਸ ਦੀਆਂ ਕੀਮਤਾਂ ਛੇ ਸੈਂਟ ਪ੍ਰਤੀ ਲੀਟਰ ਹੋਰ ਵਧੀਆਂ



ਟੋਰਾਂਟੋ, 16 ਮਈ (ਪੋਸਟ ਬਿਊਰੋ) : ਗ੍ਰੇਟਰ ਟੋਰਾਂਟੋ ਏਰੀਆ ਵਿੱਚ ਗੈਸ ਦੀਆਂ ਕੀਮਤਾਂ ਇੱਕ ਵਾਰੀ ਫਿਰ ਰਾਤੋ ਰਾਤ ਛੇ ਸੈਂਟ ਪ੍ਰਤੀ ਲੀਟਰ ਤੱਕ ਵੱਧ ਗਈਆਂ।

ਅੱਧੀ ਰਾਤ ਨੂੰ ਜੀਟੀਏ ਵਿੱਚ ਪ੍ਰਤੀ ਲੀਟਰ ਦੇ ਹਿਸਾਬ ਨਾਲ ਗੈਸ ਦੀਆਂ ਕੀਮਤਾਂ ਵਿੱਚ ਛੇ ਸੈਂਟਾਂ ਦਾ ਜਿਹੜਾ ਵਾਧਾ ਕੀਤਾ ਗਿਆ ਉਸ ਕਾਰਨ ਹੁਣ ਇੱਥੇ ਪ੍ਰਤੀ ਲੀਟਰ ਗੈਸ ਦੀ ਕੀਮਤ 208.9 ਡਾਲਰ ਹੈ। ਇਹ ਖੁਲਾਸਾ ਕੈਨੇਡੀਅਨਜ਼ ਫੌਰ ਅਫੋਰਡੇਬਲ ਐਨਰਜੀ ਦੇ ਪ੍ਰੈਜ਼ੀਡੈਂਟ ਡੈਨ ਮੈਕਟੀਗ ਨੇ ਕੀਤਾ। ਇਸ ਤਾਜ਼ਾ ਉਛਾਲ ਤੋਂ ਭਾਵ ਹੈ ਕਿ ਗੈਸ ਦੀਆਂ ਕੀਮਤਾਂ ਵਿੱਚ ਸ਼ੁੱਕਰਵਾਰ ਤੋਂ ਲੈ ਕੇ ਹੁਣ ਤੱਕ 11 ਸੈਂਟ ਪ੍ਰਤੀ ਲੀਟਰ ਦਾ ਵਾਧਾ ਹੋ ਚੁੱਕਿਆ ਹੈ। ਯੂਕਰੇਨ ਉੱਤੇ ਰੂਸ ਵੱਲੋਂ ਕੀਤੇ ਗਏ ਹਮਲੇ ਕਾਰਨ ਸਪਲਾਈ ਵਿੱਚ ਆਈ ਕਮੀ ਕਰਕੇ ਨੇੜ ਭਵਿੱਖ ਵਿੱਚ ਇਨ੍ਹਾਂ ਕੀਮਤਾਂ ਵਿੱਚ ਕੋਈ ਰਿਆਇਤ ਮਿਲਦੀ ਵੀ ਨਜ਼ਰ ਨਹੀਂ ਆ ਰਹੀ।

ਪਿਛਲੇ ਹਫਤੇ ਮੈਕਟੀਗ ਨੇ ਆਖਿਆ ਸੀ ਕਿ ਗੈਸ ਦੀਆਂ ਕੀਮਤਾਂ ਪਿਛਲੀ ਮਈ ਤੋਂ ਹੁਣ ਤੱਕ 60 ਫੀ ਸਦੀ ਤੱਕ ਵੱਧ ਚੁੱਕੀਆਂ ਹਨ। ਉਸ ਸਮੇਂ ਡਰਾਈਵਰਾਂ ਨੂੰ ਪ੍ਰਤੀ ਲੀਟਰ 1.30 ਡਾਲਰ ਖਰਚਣੇ ਪੈ ਰਹੇ ਸਨ।

# ਦੋ ਗੱਡੀਆਂ ਦੀ ਟੱਕਰ ਵਿੱਚ ਮਹਿਲਾ ਜ਼ਖ਼ਮੀ



ਬਰੈਂਪਟਨ, 19 ਮਈ (ਪੋਸਟ ਬਿਊਰੋ) : ਐਤਵਾਰ ਦੇਰ ਰਾਤ ਨੂੰ ਬਰੈਂਪਟਨ ਵਿੱਚ ਦੋ ਗੱਡੀਆਂ ਦੀ ਟੱਕਰ ਵਿੱਚ ਇੱਕ ਮਹਿਲਾ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਈ। ਇਹ ਜਾਣਕਾਰੀ ਲੋਕਲ ਪੁਲਿਸ ਨੇ ਦਿੱਤੀ।

ਪੀਲ ਰੀਜਨਲ ਪੁਲਿਸ ਦਾ ਕਹਿਣਾ ਹੈ ਕਿ ਐਤਵਾਰ ਨੂੰ ਰਾਤੀਂ 11:19 ਵਜੇ ਸਟੀਲਜ਼ ਐਵਨਿਊ ਵੈਸਟ ਤੇ ਹੈਰੀਟੇਜ ਰੋਡ ਦੇ ਕਿਨ-ਾਰੇ ਉੱਤੇ ਵਾਪਰੀ ਇਸ ਘਟਨਾ ਤੋਂ ਬਾਅਦ ਪੀਲ ਰੀਜਨਲ ਪੁਲਿਸ ਨੂੰ ਸੱਦਿਆ ਗਿਆ। ਹਾਦਸਾ ਸੇਡਾਨ ਤੇ ਜੀਪ ਦਰਮਿਆਨ ਹੋਈ ਟੱਕਰ ਕਾਰਨ ਵਾਪਰਿਆ।

ਲਾਂਘੇ ਨੂੰ ਬੰਦ ਕੀਤੇ ਜਾਣ ਤੋਂ ਬਾਅਦ ਸੋਮਵਾਰ ਨੂੰ ਸਵੇਰੇ 5:00 ਵਜੇ ਟਰੈਫਿਕ ਮੁੜ ਸ਼ੁਰੂ ਕਰ ਦਿੱਤਾ ਗਿਆ। ਜਾਂਚਕਾਰ ਇਹ ਪਤਾ ਲਾਉਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਹਾਦਸਾ ਕਿਸ ਕਾਰਨ ਵਾਪਿ-ਰਆ।

# ਇਟੋਬੀਕੋ ਵਿੱਚ ਹੋਈ ਕਾਰਜੈਕਿੰਗ, ਮਸ਼ਕੂਕਾਂ ਦੀ ਭਾਲ ਕਰ ਰਹੀ ਹੈ ਪੁਲਿਸ




ਟੋਰਾਂਟੋ, 19 ਮਈ (ਪੋਸਟ ਬਿਊਰੋ) : ਇਟੋਬੀਕੋ ਵਿੱਚ ਸੋਮਵਾਰ ਰਾਤ ਨੂੰ ਹੋਈ ਕਾਰਜੈਕਿੰਗ ਦੀ ਟੋਰਾਂਟੋ ਪੁਲਿਸ ਜਾਂਚ ਕਰ ਰਹੀ ਹੈ। ਪੁਲਿਸ ਵੱਲੋਂ ਮਸ਼ਕੂਕਾਂ ਦੀ ਭਾਲ ਵੀ ਕੀਤੀ ਜਾ ਰਹੀ ਹੈ।

ਪੁਲਿਸ ਨੇ ਦੱਸਿਆ ਕਿ ਸੋਮਵਾਰ ਰਾਤੀਂ 7:45 ਉੱਤੇ ਕੁਈਨਜ਼ਵੇਅ ਤੇ ਇਸਲਿੰਗਟਨ ਐਵਨਿਊ ਏਰੀਆ ਵਿੱਚ ਇੱਕ ਵਿਅਕਤੀ ਤੋਂ ਉਸ ਦੀ ਕਾਲੀ ਰੇਂਜ ਰੋਵਰ ਕਾਰ ਖੋਹ ਲਈ ਗਈ। ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਉਹ ਤਿੰਨ ਵਿਅਕਤੀਆਂ ਦੀ ਭਾਲ ਕਰ ਰਹੀ ਹੈ ਜਿਹੜੇ ਮੌਕੇ ਤੋਂ ਗੱਡੀ ਲੈ ਕੇ ਫਰਾਰ ਹੋਏ। ਪੁਲਿਸ ਨੇ ਦੱਸਿਆ ਕਿ ਤਿੰਨਾਂ ਵਿੱਚੋਂ ਦੋ ਕੋਲ ਹੈਂਡਗੰਨਜ਼ ਸਨ ਤੇ ਇੱਕ ਕੋਲ ਚਾਕੂ ਸੀ। ਪੁਲਿਸ ਨੇ ਦੱਸਿਆ ਕਿ ਉਹ ਇਲਾਕੇ ਵਿੱਚ ਮਸ਼ਕੂਕਾਂ ਦੀ ਭਾਲ ਕਰ ਰਹੇ ਹਨ। ਅਜੇ ਤੱਕ ਨਾ ਤਾਂ ਮਸ਼ਕੂਕਾਂ ਦਾ ਕੋਈ ਵੇਰਵਾ ਹਾਸਲ ਹੈ ਤੇ ਨਾ ਹੀ ਕਿਸੇ ਦੇ ਜ਼ਖ਼ਮੀ ਹੋਣ ਦੀ ਹੀ ਖਬਰ ਹੈ।

# ਕਾਰਤੀ ਚਿਦੰਬਰਮ ਦਾ ਨੇੜਲਾ ਸਾਥੀ ਸੀ ਬੀ ਆਈ ਵੱਲੋਂ ਗ੍ਰਿਫਤਾਰ

ਨਵੀਂ ਦਿੱਲੀ, 19 ਮਈ (ਪੋਸਟ ਬਿਊਰੋ)- ਸੀ ਬੀ ਆਈ ਨੇ ਪੰਜਾਹ ਲੱਖ ਰੁਪਏ ਦੇ ਰਿਸ਼ਵਤਖੋਰੀ ਕੇਸ ਵਿੱਚ ਲੋਕ ਸਭਾ ਮੈਂਬਰ ਕਾਰਤੀ ਚਿਦੰਬਰਮ ਦੇ ਨੇੜਲੇ ਸਾਥੀ ਐਸ ਭਾਸਕਰਰਾਮਨ ਨੂੰ ਗ੍ਰਿਫਤਾਰ ਕੀਤਾ ਹੈ।

ਅਧਿਕਾਰੀਆਂ ਮੁਤਾਬਕ ਕਾਰਤੀਚਿਦੰਬਰਮਉਤੇ ਪੰਜਾਬ ਦੇ ਤਲਵੰਡੀ ਸਾਬੋ ਵਾਲੇ ਪਾਵਰ ਲਿਮਟਿਡ ਵਿੱਚ ਕੰਮ ਕਰਨ ਵਾਸਤੇ 263 ਚੀਨੀ ਨਾਗਰਿਕਾਂ ਨੂੰ ਵੀਜ਼ੇ ਦਿਵਾਉਣ ਸਬੰਧੀ ਰਿਸ਼ਵਤ ਲੈਣ ਦਾ ਦੋਸ਼ ਲੱਗਾ ਹੈ।ਸੀ ਬੀ ਆਈ ਨੇ ਭਾਸਕਰਰਾਮਨ ਤੋਂ ਬੀਤੀ ਦੇਰ ਰਾਤ ਪੁੱਛਗਿੱਛ ਸ਼ੁਰੂ ਕੀਤੀ ਅਤੇ ਕੱਲ੍ਹ ਤੜਕੇਗ੍ਰਿਫਤਾਰ ਕਰ ਲਿਆ। ਜਾਂਚ ਏਜੰਸੀ ਨੇ ਕਿਹਾ ਕਿ ਭਾਸਕਰਰਾਮਨਕੋਲ ਤਲਵੰਡੀ ਸਾਬੋ ਪਾਵਰ ਪਲਾਂਟ ਦੇ ਓਦੋਂ ਦੇ ਸਹਾਇਕ ਮੀਤ ਪ੍ਰਧਾਨ ਵਿਕਾਸ ਮਖਾਰੀਆ ਨੇ ਪਹੁੰਚ ਕੀਤੀ ਸੀ ਤਾਂ ਜੋ ਪਾਵਰ ਪਲਾਂਟ ਵਿੱਚ ਕੰਮ ਲਈ 263 ਚੀਨੀ ਕਾਮਿਆਂ ਨੂੰ ਵੀਜ਼ੇ ਦਿਵਾਏ ਜਾ ਸਕਣ। ਸੀ ਬੀ ਆਈ ਵੱਲੋਂ ਦਰਜ ਕੀਤੇ ਕੇਸ ਵਿੱਚ ਕਿਹਾ ਗਿਆ ਕਿ ਮਖਾਰੀਆ ਨੇ ਭਾਸਕਰਰਾਮਨ ਰਾਹੀਂ ਕਾਰਤੀ ਤਕ ਪਹੁੰਚ ਬਣਾਈ ਸੀ। ਅਧਿਕਾਰੀਆਂ ਨੇ ਕਿਹਾ ਕਿ ਪ੍ਰੋਜੈਕਟ ਵੀਜ਼ਿਆਂ ਦੀ ਤੈਅ ਹੱਦ ਦਾ ਤੋੜ ਕੱਢਣ ਲਈ ਚੋਰ ਮੋਰੀ ਲੱਭੀ ਗਈ। ਪ੍ਰੋਜੈਕਟ ਵੀਜ਼ੇ ਪਾਵਰ ਅਤੇ ਸਟੀਲ ਸੈਕਟਰ ਲਈ 2010 ਵਿੱਚ ਸ਼ੁਰੂ ਕੀਤੇ ਸਨ ਜਿਸ ਵਾਸਤੇ ਓਦੋਂ ਗ੍ਰਹਿ ਮੰਤਰੀ ਪੀ ਚਿਦੰਬਰਮ ਨੇ ਦਿਸ਼ਾ ਨਿਰਦੇਸ਼ ਜਾਰੀ ਕੀਤੇ ਸਨ, ਪਰ ਪ੍ਰੋਜੈਕਟ ਵੀਜ਼ੇ ਮੁੜ ਜਾਰੀ ਕਰਨ ਬਾਰੇ ਕੋਈ ਪ੍ਰਬੰਧ ਨਹੀਂ ਕੀਤਾ। ਅਫਸਰਾਂ ਨੇ ਕਿਹਾ ਕਿ ਮਖਾਰੀਆ ਨੇ 30 ਜੂਨ 2011 ਵਿੱਚ ਕੇਂਦਰੀ ਗ੍ਰਹਿ ਮੰਤਰਾਲੇ ਨੂੰ ਆਪਣੀ ਕੰਪਨੀ ਲਈ ਅਲਾਟ ਕੀਤੇ ਪ੍ਰੋਜੈਕਟ ਵੀਜ਼ੇ ਮੁੜ ਵਰਤਣ ਦੀ ਪ੍ਰਵਾਨਗੀ ਲਈ ਚਿੱਠੀ ਲਿਖੀ, ਜਿਸ ਨੂੰ ਇੱਕ ਮਹੀਨੇ ਦੇ ਅੰਦਰ ਪ੍ਰਵਾਨਗੀ ਮਿਲ ਗਈ ਸੀ।

# ਬਹਿਸ ਦੌਰਾਨ ਵਿਰੋਧੀ ਪਾਰਟੀਆਂ ਦੇ ਆਗੂਆਂ ਨੇ ਫੋਰਡ ਨੂੰ ਸਿਹਤ, ਸਿੱਖਿਆ ਸਬੰਧੀ ਮੁੱਦਿਆਂ ਉੱਤੇ ਘੇਰਿਆ



ਓਨਟਾਰੀਓ, 19 ਮਈ (ਪੋਸਟ ਬਿਊਰੋ) : ਸੋਮਵਾਰ ਨੂੰ ਓਨਟਾਰੀਓ ਵਿੱਚ ਪ੍ਰੋਵਿੰਸ਼ੀਅਲ ਚੋਣਾਂ ਸਬੰਧੀ ਹੋਈ ਬਹਿਸ ਵਿੱਚ ਤਿੰਨਾਂ ਵੱਡੀਆਂ ਪਾਰਟੀਆਂ ਦੇ ਆਗੂਆਂ ਨੇ ਪ੍ਰੋਗਰੈਸਿਵ ਕੰਜ਼ਰਵੇਟਿਵ ਆਗੂ ਡੱਗ ਫੋਰਡ ਉੱਤੇ ਤਿੱਖੇ ਹਮਲੇ ਕੀਤੇ। ਪਰ ਫੋਰਡ ਨੇ ਇਨ੍ਹਾਂ ਹਮਲਿਆਂ ਦਾ ਮੋੜਵਾਂ ਜਵਾਬ ਦੇਣ ਦੀ ਥਾਂ ਇਨਫਰਾਸਟ੍ਰਕਚਰ ਤੇ ਕਿਫਾਇਤੀਪਨ ਸਬੰਧੀ ਆਪਣਾ ਸੁਨੇਹਾ ਦਿੱਤਾ।

ਗ੍ਰੀਨ ਪਾਰਟੀ ਆਗੂ ਮਾਈਕ ਸ਼ਰੇਨਰ ਵੱਲੋਂ ਫੋਰਡ ਉੱਤੇ ਵਾਰ ਕਰਦਿਆਂ ਆਖਿਆ ਗਿਆ ਕਿ ਪ੍ਰੀਮੀਅਰ ਵਜੋਂ ਟੋਰੀ ਆਗੂ ਨੇ ਨਰਸਾਂ ਦਾ ਅਪਮਾਨ ਕੀਤਾ ਹੈ ਤੇ ਪਬਲਿਕ ਸੈਕਟਰ ਦੇ ਵਰਕਰਜ਼ ਲਈ ਮੁਆਵਜ਼ੇ ਵਿੱਚ ਕੀਤੇ ਜਾਣ ਵਾਲੇ ਵਾਧੇ ਉੱਤੇ ਵੀ ਰੋਕ ਲਾਈ ਹੈ। ਉਨ੍ਹਾਂ ਆਖਿਆ ਕਿ ਇੱਕ ਪਾਸੇ ਤਾਂ ਫੋਰਡ ਇਨ੍ਹਾਂ ਨਰਸਾਂ ਨੂੰ ਹੀਰੋ ਦਾ ਦਰਜਾ ਦੇ ਰਹੇ ਹਨ ਤੇ ਦੂਜੇ ਪਾਸੇ ਉਨ੍ਹਾਂ ਦੇ ਭੱਤਿਆਂ ਵਿੱਚ ਕਟੌਤੀ ਵੀ ਕੀਤੀ ਜਾ ਰਹੀ ਹੈ।

ਸ਼ਰੇਨਰ ਨੇ ਫੋਰਡ ਉੱਤੇ ਹੋਰ ਵਾਰ ਕਰਦਿਆਂ ਆਖਿਆ ਕਿ ਮਹਾਂਮਾਰੀ ਦੌਰਾਨ ਫੋਰਡ ਵੱਲੋਂ ਲਾਂਗ ਟਰਮ ਕੇਅਰ ਦੇ ਮਸਲੇ ਨਾਲ ਜਿਸ ਤਰ੍ਹਾਂ ਸਿੱਝਿਆ ਗਿਆ ਉਹ ਬਿਲਕੁਲ ਗਲਤ ਸੀ। ਇਸ ਉੱਤੇ ਫੋਰਡ ਨੇ ਆਖਿਆ ਕਿ ਉਹ ਹਸਪਤਾਲਾਂ ਦਾ ਨਿਰਮਾਣ ਕਰ ਰਹੇ ਹਨ। ਉਨ੍ਹਾਂ ਆਖਿਆ ਕਿ ਜਦੋਂ ਅਸੀਂ ਸੱਤਾ ਸਾਂਭੀ ਸੀ ਤਾਂ ਸਾਡਾ ਹੈਲਥ ਕੇਅਰ ਸਿਸਟਮ ਲੀਹ ਤੋਂ ਲੱਥਿਆ ਹੋਇਆ ਸੀ ਪਰ ਹੁਣ ਪ੍ਰੋਵਿੰਸ ਦੇ ਹਰੇਕ ਰੀਜਨ ਵਿੱਚ ਨਵਾਂ ਹਸਪਤਾਲ ਤਿਆਰ ਕਰਵਾਇਆ ਜਾ ਰਿਹਾ ਹੈ ਤੇ ਇਸ ਸਮੇਂ ਅਜਿਹੇ 50 ਪ੍ਰੋਜੈਕਟ ਚੱਲ ਰਹੇ ਹਨ।

ਉਨ੍ਹਾਂ ਆਖਿਆ ਕਿ ਪ੍ਰੋਗਰੈਸਿਵ ਕੰਜ਼ਰਵੇਟਿਵਾਂ ਨੇ ਇਹ ਐਲਾਨ ਕੀਤਾ ਸੀ ਕਿ ਉਹ ਨਰਸਾਂ ਦੀ ਟਿਊਸ਼ਨ ਫੀਸ ਨੂੰ ਫੰਡ ਕਰਨਗੇ ਜੇ ਉਹ ਅਜਿਹੀਆਂ ਥਾਂਵਾਂ ਉੱਤੇ ਕੰਮ ਕਰਨਗੀਆਂ ਜਿੱਥੇ ਸੇਵਾਵਾਂ ਦੀ ਘਾਟ ਹੈ। ਇਸ ਤੋਂ ਇਲਾਵਾ ਫੋਰਡ ਨੇ ਆਖਿਆ ਕਿ ਉਨ੍ਹਾਂ ਦੀ ਸਰਕਾਰ ਵੱਲੋਂ ਪਰਸਨਲ ਸਪੋਰਟ ਵਰਕਰ ਲਈ 3 ਡਾਲਰ ਪ੍ਰਤੀ ਘੰਟੇ ਦਾ ਵਾਧਾ ਕੀਤਾ ਗਿਆ ਤੇ ਇਸ ਤੋਂ ਇਲਾਵਾ ਨਰਸਾਂ ਨੂੰ ਰਿਟੈਂਸ਼ਨ ਪੇਅ ਬੋਨਸ ਵਜੋਂ 5000 ਡਾਲਰ ਵੀ ਦਿੱਤੇ ਜਾ ਰਹੇ ਹਨ।

ਬਾਕੀ ਤਿੰਨ ਆਗੂਆਂ ਨੇ ਨਰਸਾਂ ਤੇ ਹੋਰ ਪਬਲਿਕ ਸੈਕਟਰ ਵਰਕਰਜ਼ ਲਈ ਮੁਆਵਜ਼ੇ ਵਿੱਚ ਵਾਧੇ ਸਬੰਧੀ ਬਿੱਲ ਨੂੰ ਰੱਦ ਕਰਨ ਦੇ ਮੁੱਦੇ ਉੱਤੇ ਆਖਿਆ ਕਿ ਇਸ ਨਾਲ ਨਰਸਾਂ ਤੇ ਹੋਰ ਕਰਮਚਾਰੀਆਂ ਨੂੰ ਇੱਕ ਸਮੇਂ ਅਦਾਇਗੀ ਨਾਲੋਂ ਵਧੇਰੇ ਮਦਦ ਹੋ ਜਾਣੀ ਸੀ।

ਐਨਡੀਪੀ ਆਗੂ ਐਂਡਰੀਆ ਹੌਰਵਥ ਨੇ ਫੋਰਡ ਉੱਤੇ ਵਾਰ ਕਰਦਿਆਂ ਆਖਿਆ ਕਿ ਉਨ੍ਹਾਂ ਨੇ ਸਾਡੇ ਪਬਲਿਕ ਐਜੂਕੇਸ਼ਨ ਸਿਸਟਮ ਨੂੰ ਤਬਾਹ ਕਰ ਦਿੱਤਾ ਹੈ ਪਰ ਫੋਰਡ ਨੇ ਇਸ ਦੋਸ਼ ਨੂੰ ਸਵੀਕਾਰਨ ਤੋਂ ਇਨਕਾਰ ਕਰ ਦਿੱਤਾ।

ਲਿਬਰਲ ਆਗੂ ਸਟੀਵਨ ਡੈਲ ਡੂਕਾ ਨੇ ਵੀ ਸਿੱਖਿਆ ਸਬੰਧੀ ਮੁੱਦੇ ਉੱਤੇ ਫੋਰਡ ਦੀ ਸਖ਼ਤ ਨੁਕਤਾਚੀਨੀ ਕੀਤੀ। ਪਰ ਫੋਰਡ ਨੇ ਆਖਿਆ ਕਿ ਸਿੱਖਿਆ ਸਬੰਧੀ ਉਨ੍ਹਾਂ ਦੀ ਸਰਕਾਰ ਦੇ ਰਿਕਾਰਡ ਉੱਤੇ ਉਹ ਮਾਣ ਕਰਦੇ ਹਨ। ਉਨ੍ਹਾਂ ਇਹ ਵੀ ਆਖਿਆ ਕਿ ਉਹ ਭਵਿੱਖ ਵਿੱਚ ਵਿਦਿਆਰਥੀਆਂ ਨੂੰ ਨੌਕਰੀਆਂ ਲਈ ਤਿਆਰ ਕਰ ਰਹੇ ਹਨ।

ਇਸ ਦੌਰਾਨ ਕੁਈਨਜ਼ ਯੂਨੀਵਰਸਿਟੀ ਦੀ ਪੁਲਿਟੀਕਲ ਸਟੱਡੀਜ਼ ਵਿੱਚ ਟੀਚਿੰਗ ਫੈਲੋਅ ਟਿੰਮ ਐਬਰੇਅ ਨੇ ਆਖਿਆ ਕਿ ਫੋਰਡ ਨੇ ਹਮਲਾਵਰ ਨਹੀਂ ਸਗੋਂ ਰੱਖਿਆਤਮਕ ਪਹੁੰਚ ਬੜੀ ਸਫਲਤਾ ਨਾਲ ਅਪਣਾਈ। ਹੁਣ ਤੱਕ ਕਰਵਾਏ ਗਏ ਸਰਵੇਖਣਾਂ ਤੋਂ ਸਾਹਮਣੇ ਆਇਆ ਹੈ ਕਿ ਚੋਣਾਂ ਵਿੱਚ ਫੋਰਡ ਦੀ ਲੀਡ ਬਰਕਰਾਰ ਹੈ ਤੇ ਐਬਰੇਅ ਨੇ ਆਖਿਆ ਕਿ ਜਿਸ ਤਰ੍ਹਾਂ ਦਾ ਹਥਕੰਡਾ ਫੋਰਡ ਵੱਲੋਂ ਬਹਿਸ ਵਿੱਚ ਅਪਣਾਇਆ ਗਿਆ ਹੈ ਉਹ ਮੂਹਰਲੀ ਕਤਾਰ ਵਾਲੇ ਉਮੀਦਵਾਰਾਂ ਵਾਲਾ ਹੀ ਹੈ।


# ਟਰਾਂਸਪੋਰਟ ਟਰੱਕ ਹਾਦਸਾਗ੍ਰਸਤ ਹੋਣ ਕਾਰਨ ਫਿਊਲ ਸੜਕ ਉੱਤੇ ਖਿੱਲਰਿਆ



ਮਿਲਟਨ, 19 ਮਈ (ਪੋਸਟ ਬਿਊਰੋ) : ਮਿਲਟਨ ਵਿੱਚ ਇੱਕ ਟਰਾਂਸਪੋਰਟ ਟਰੱਕ ਨੂੰ ਪੇਸ਼ ਆਏ ਹਾਦਸੇ ਕਾਰਨ ਸੜਕ ਉੱਤੇ ਤੇਲ ਫੈਲ ਜਾਣ ਕਰਕੇ ਜੀਟੀਏ ਦੇ ਪੱਛਮ ਵਿੱਚ ਆਵਾਜਾਈ ਵਿੱਚ ਕਾਫੀ ਵਿਘਣ ਪਿਆ।

ਤੜਕੇ 3:30 ਦੇ ਨੇੜੇ ਤੇੜੇ ਜੇਮਜ਼ ਸਨੋਅ ਪਾਰਕਵੇਅ ਤੋਂ ਪਹਿਲਾਂ ਹਾਈਵੇਅ 401 ਉੱਤੇ ਪੂਰਬ ਵਾਲੀਆਂ ਲੇਨਜ਼ ਉੱਤੇ ਇਹ ਹਾਦਸਾ ਵਾਪਰਿਆ। ਐਮਟੀਓ ਨੇ ਦੱਸਿਆ ਕਿ ਟਰਾਂਸਪੋਰਟ ਟਰੱਕ ਵਿੱਚੋਂ ਫਿਊਲ ਲੀਕ ਹੋ ਕੇ ਸਾਰੀ ਸੜਕ ਉੱਤੇ ਖਿੱਲਰ ਗਿਆ ਤੇ ਇਸ ਨਾਲ ਗਾਰਡ ਰੇਲ ਨੂੰ ਵੀ ਕਾਫੀ ਨੁਕਸਾਨ ਪਹੁੰਚਿਆ। ਹਾਦਸੇ ਦੇ ਕਾਰਨਾਂ ਦਾ ਅਜੇ ਪਤਾ ਨਹੀਂ ਲੱਗ ਸਕਿਆ ਹੈ। ਪੂਰਬ ਵਾਲੀਆਂ ਦੋ ਲੇਨਜ਼ ਨੂੰ ਬੰਦ ਕੀਤਾ ਗਿਆ ਹੈ ਤੇ ਸਿਰਫ ਇੱਕ ਲੇਨ ਤੋਂ ਹੀ ਟ੍ਰੈਫਿਕ ਚਲਾਇਆ ਜਾ ਰਿਹਾ ਹੈ।

# ਮਰੀਅਮ ਨਵਾਜ਼ ਵੱਲੋਂ ਦਾਅਵਾ: ਪਾਕਿ ਚੋਣਾਂ ਦੀ ਅਗਲੀ ਤਰੀਕ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਤੈਅ ਕਰਨਗੇ



ਲਾਹੌਰ, 19 ਮਈ, (ਪੋਸਟ ਬਿਊਰੋ)- ਪਾਕਿਸਤਾਨ ਮੁਸਲਿਮ ਲੀਗ ਨਵਾਜ਼ (ਐੱਨ) ਦੀ ਉਪ ਪ੍ਰਧਾਨ ਮਰੀਅਮ ਨਵਾਜ਼ ਨੇ ਆਖਿਆ ਹੈ ਕਿ ਦੇਸ਼ ਵਿੱਚ ਅਗਲੀਆਂ ਆਮ ਚੋਣਾਂ ਕਦੋਂ ਹੋਣਗੀਆਂ, ਇਸ ਦਾ ਫੈਸਲਾ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਕਰਨਗੇ। ਇਹ ਹੀ ਨਹੀਂ, ਮਰੀਅਮ ਨਵਾਜ਼ ਨੇ ਤਹਿਰੀਕ-ਏ-ਇਨਸਾਫ ਪਾਰਟੀ (ਪੀਟੀਆਈ) ਉੱਤੇ ਨਿਸ਼ਾਨਾ ਸਾਧਦੇ ਹੋਏਕਿਹਾ ਹੈ ਕਿ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਆਪਣੇ ਰਾਜ ਦੌਰਾਨ ਸਭ ਤੋਂ ਖਰਾਬ ਕਾਰਗੁਜ਼ਾਰੀ ਦੇ ਕਾਰਨ ਇਸ ਵਾਰੀ ਚੋਣਾਂ ਵਿੱਚਆਮ ਲੋਕਾਂ ਦਾ ਸਾਹਮਣਾ ਹੀ ਨਹੀਂ ਕਰ ਸਕਣਗੇ।

ਪੀਐਮਐਲ-ਐਨ ਦੀ ਉਪ ਪ੍ਰਧਾਨ ਮਰੀਅਮ ਨਵਾਜ਼ ਨੇ ਪਾਕਿ-ਸਤਾਨ ਦੀ ਵਿਗੜਦੀ ਆਰਥਿਕ ਹਾਲਤ ਲਈ ਪੀਟੀਆਈ ਆਗੂਅਤੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਆਲੋਚਨਾ ਕੀਤੀ ਹੈ।ਵਰਨਣ ਯੋਗ ਹੈ ਕਿ ਪਾਕਿਸਤਾਨ ਇਸ ਸਮੇਂ ਆਪਣੇ ਸਭ ਤੋਂ ਬੁਰੇ ਦੌਰਤੋਂ ਗੁਜ਼ਰ ਰਿਹਾ ਹੈ। ਆਰਥਿਕ ਮੰਦਹਾਲੀ ਕਾਰਨ ਲੋਕਾਂ ਦਾ ਰੋਜ਼ਾਨਾ ਜੀਵਨ ਇੱਕ ਸੰਘਰਸ਼ ਬਣ ਗਿਆ ਹੈ ਅਤੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਉੱਤੇ ਸਵਾਲ ਉੱਠ ਰਹੇ ਹਨ।

ਅਖਬਾਰ 'ਦ ਡਾਨ' ਦੀ ਰਿਪੋਰਟ ਦੇ ਮੁਤਾਬਕ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਉੱਤੇਪਾਕਿਸਤਾਨ ਦੀ ਆਰਥਿਕ ਹਾਲਤ ਲਈ ਬਾਰੂਦੀ ਸੁਰੰਗ ਵਿਛਾਉਣ ਦਾ ਦੋਸ਼ ਲਾਉਂਦੇ ਹੋਏ ਮਰੀਅਮ ਨਵਾਜ਼ ਨੇ ਕਿਹਾ ਕਿ ਇਮਰਾਨ ਖਾਨ ਆਪਣੇ ਦੇ ਖਰਾਬ ਪ੍ਰਦਰਸ਼ਨ ਪਿੱਛੋਂ ਜਵਾਬਦੇਹੀ ਤੋਂ ਬਚਣ ਦੇ ਯਤਨ ਕਰ ਰਹੇ ਹਨ।ਪਾਕਿਸਤਾਨੀ ਪੰਜਾਬ ਦੇ ਗੁਜਰਾਤ ਜ਼ਿਲੇਵਿੱਚਇੱਕ ਰੈਲੀ ਵਿੱਚ ਬੋਲਦਿਆਂ ਮਰੀਅਮ ਨਵਾਜ਼ ਨੇ ਕਿਹਾ, 'ਪੀਟੀਆਈ ਦੇ ਮਾੜੇ ਪ੍ਰਦਰਸ਼ਨ ਨੇ ਇਸ ਦੇਸ਼ ਨੂੰ ਵੈਂਟੀਲੇਟਰ ਉੱਤੇ ਪਾ ਦਿੱਤਾ ਹੈ ਤੇ ਇਹ ਆਗੂ ਇਸ ਲਈ ਜਵਾਬਦੇਹੀ ਤੋਂ ਬਚਣ ਦੇਯਤਨ ਕਰਦਾ ਹੈ, ਪਰ ਇਮਰਾਨ ਖਾਨ ਦੀ ਖੇਡ ਖਤਮ ਹੈ। ਜੇ ਉਹ ਕਿਸੇ ਹੋਰ ਨੂੰ ਆਪਣੇ ਖਰਾਬ ਪ੍ਰਦਰਸ਼ਨ ਲਈ ਜਵਾਬਦੇਹ ਦੱਸਣ ਦੇ ਯਤਨ ਕਰੇਗਾ ਤਾਂ ਅਸਫਲ ਹੋਵੇਗਾ। ਉਨ੍ਹਾਂ ਨੇ ਇਮ-ਰਾਨ ਖਾਨ ਨੂੰ ਉਹ ਵੀਡੀਓ ਬਣਾਉਣ ਲਈ ਵੀ ਕਿਹਾ, ਜਿਸ ਵਿੱਚ ਉਨ੍ਹਾਂ ਦੇ ਕਤਲ ਦੀ ਯੋਜਨਾ ਬਣਾਈ ਗਈ ਸੀ ਤੇ ਉਨ੍ਹਾਂ ਨੂੰ ਭਰੋਸਾ ਦਿੱਤਾ ਕਿ ਪ੍ਰਧਾਨ ਮੰਤਰੀ ਉਨ੍ਹਾਂ ਨੂੰ ਸੁਰੱਖਿਆ ਦੇਣਗੇ। ਇਮਰਾਨ ਖਾਨ ਨੇ ਇੱਕ ਦਿਨ ਪਹਿਲਾਂਇੱਕ ਵੀਡੀਓ ਵਿੱਚਕਿਹਾ ਸੀ ਕਿ ਉਨ੍ਹਾਂ ਨੂੰ ਮਾਰਨ ਲਈ ਵਿਦੇਸ਼ ਵਿੱਚ ਸਾਜ਼ਿਸ਼ ਰਚੀ ਜਾ ਰਹੀ ਹੈ ਅਤੇ ਉਸ ਨੇ ਸਾਜ਼ਿਸ਼ ਕਰਤਾ ਦਾ ਨਾਂ ਵੀ ਲਿਆ ਸੀ।

# ਲੋਕਪਾਲ ਦੇ ਨਵੇਂ ਮੁਖੀ ਦੀ ਨਿਯੁਕਤੀ ਦਾ ਅਮਲ ਸ਼ੁਰੂ

ਨਵੀਂ ਦਿੱਲੀ, 19 ਮਈ (ਪੋਸਟ ਬਿਊਰੋ)- ਭਾਰਤ ਸਰਕਾਰ ਨੇ ਲੋਕਪਾਲ ਦੇ ਨਵੇਂ ਮੁਖੀ ਦੀ ਨਿਯੁਕਤੀ ਕਰਨ ਦੇ ਲਈ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ, ਕਿਉਂਕਿ ਮੌਜੂਦਾ ਸਮੇਂ ਵਿੱਚ ਲੋਕਪਾਲ ਮੁਖੀ ਜੱਜ ਪਿਨਾਕੀ ਚੰਦਰ ਘੋਸ਼ ਦਾ ਕਾਰ-ਜਕਾਲ ਇਸ ਮਹੀਨੇ ਦੇ ਅਖੀਰ ਵਿੱਚ ਖਤਮ ਹੋ ਰਿਹਾ ਹੈ। ਲੋਕਪਾਲ ਵਿੱਚ ਇੱਕ ਮੁਖੀ ਹੁੰਦਾ ਹੈ ਅਤੇ ਇਸ ਵਿੱਚ ਅੱਠ ਮੈਂਬਰ: ਚਾਰ ਜੁਡੀਸ਼ਲ ਅਤੇ ਬਾਕੀ ਗੈਰ-ਜੁਡੀਸ਼ਲ ਹੋ ਸਕਦੇ ਹਨ। ਇਸ ਸਮੇਂ ਲੋਕਪਾਲ ਵਿੱਚ ਛੇ ਮੈਂਬਰ ਹਨ ਅਤੇ ਜੁਡੀਸ਼ਲ ਮੈਂਬਰ ਦੇ ਦੋ ਅਹੁਦੇ ਦੋ ਸਾਲ ਤੋਂ ਵੱਧ ਸਮੇਂ ਤੋਂ ਖਾਲੀ ਪਏ ਹਨ। ਲੋਕਪਾਲ ਐਕਟ ਸਾਲ 2013 ਵਿੱਚ ਪਾਸ ਕੀਤਾ ਗਿਆ ਸੀ। ਕਾਨੂੰਨ ਵਿੱਚ ਸਰਕਾਰੀ ਅਧਿਕਾਰੀਆਂ ਦੀਆਂ ਕੁਝ ਸ਼੍ਰੇਣੀਆਂ ਖਿਲਾਫ ਭ੍ਰਿਸ਼ਟਾਚਾਰ ਦੇ ਕੇਸਾਂ ਨੂੰ ਦੇਖਣ ਲਈ ਕੇਂਦਰ ਵਿੱਚ ਇੱਕ ਲੋਕਪਾਲ ਅਤੇ ਰਾਜ ਵਿੱਚ ਲੋਕਪਾਲਾਂ ਦੀ ਨਿਯੁਕਤੀ ਦਾ ਨਿਯਮ ਹੈ। ਰਾਸ਼ਟਰਪਤੀ ਰਾਮਨਾਥ ਕੋਵਿੰਦ ਨੇ ਜਸਟਿਸ ਘੋਸ਼ ਨੂੰ ਲੋਕਪਾਲ ਦੇ ਮੁਖੀ ਵਜੋਂ 23 ਮਾਰਚ 2019 ਨੂੰ ਅਹੁਦੇ ਦੀ ਸਹੁੰ ਚੁਕਾਈ ਸੀ।

# ਪੌਲੀਏਵਰ ਨੇ ਵ੍ਹਾਈਟ ਰਿਪਲੇਸਮੈਂਟ ਥਿਊਰੀ ਦੀ ਕੀਤੀ ਨਿਖੇਧੀ



ਓਟਵਾ, 19 ਮਈ (ਪੋਸਟ ਬਿਊਰੋ) : ਕੰਜ਼ਰਵੇਟਿਵ ਲੀਡਰਸ਼ਿਪ ਦੌੜ ਦੇ ਮੁੱਖ ਦਾਅਵੇਦਾਰ ਪਿਏਰ ਪੌਲੀਏਵਰ ਨੇ ਸੋਮਵਾਰ ਨੂੰ ਵ੍ਹਾਈਟ ਰਿਪਲੇਸਮੈਂਟ ਥਿਊਰੀ ਦੀ ਨਿਖੇਧੀ ਕਰਦਿਆਂ ਇਸ ਨੂੰ ਘ੍ਰਿਣਾਤਮਕ ਤੇ ਨਫਰਤ ਦੀ ਜੜ੍ਹ ਦੱਸਿਆ। ਇਹ ਮੰਨਿਆ ਜਾ ਰਿਹਾ ਹੈ ਕਿ ਬਫਲੋ ਵਿੱਚ ਹੋਏ ਕਤਲੇਆਮ ਪਿੱਛੇ ਇਹੋ ਥਿਊਰੀ ਕੰਮ ਕਰ ਰਹੀ ਸੀ।

ਲੰਮੇਂ ਸਮੇਂ ਤੋਂ ਓਟਵਾ ਤੋਂ ਐਮਪੀ ਚੱਲੇ ਆ ਰਹੇ ਪੌਲੀਏਵਰ, ਜਿਨ੍ਹਾਂ ਦੀ ਦੇਸ਼ ਭਰ ਵਿੱਚ ਕੈਂਪੇਨਿੰਗ ਦੌਰਾਨ ਵੱਡੀ ਗਿਣਤੀ ਲੋਕ ਢੁਕ ਰਹੇ ਹਨ, ਨੇ ਬਫਲੋ ਵਿੱਚ ਹੋਏ ਹਮਲੇ ਦੀ ਨਿਖੇਧੀ ਕੀਤੀ। ਇਸ ਹਮਲੇ ਵਿੱਚ ਇੱਕ ਗੋਰੇ ਲੜਕੇ ਨੇ ਬਲੈਕ ਲੋਕਾਂ ਦੀ ਬਹੁਤਾਤ ਵਾਲੇ ਇਲਾਕੇ ਨੂੰ ਨਿਸ਼ਾਨਾ ਬਣਾਇਆ ਤੇ 10 ਲੋਕਾਂ ਦੀ ਜਾਨ ਲੈ ਲਈ ਤੇ ਤਿੰਨ ਹੋਰਨਾਂ ਨੂੰ ਜ਼ਖ਼ਮੀ ਕਰ ਦਿੱਤਾ। ਅਮਰੀਕਾ ਦੀ ਪੁਲਿਸ ਇਸ ਹਮਲਾਵਰ ਦੀਆਂ ਆਨਲਾਈਨ ਪੋਸਟਸ ਦੀ ਜਾਂਚ ਕਰ ਰਹੀ ਹੈ।

ਆਪਣੇ ਨਾਲ ਦੇ ਲੀਡਰਸ਼ਿਪ ਉਮੀਦਵਾਰ ਪੈਟ੍ਰਿਕ ਬ੍ਰਾਊਨ ਵੱਲੋਂ ਇਹ ਦੋਸ਼ ਲਾਏ ਜਾਣ ਉੱਤੇ ਕਿ ਫਰੀਡਮ ਕੌਨਵੌਏ ਦੇ ਆਗੂ ਪੈਟ ਕਿੰਗ ਦਾ ਪੌਲੀਏਵਰ ਸਮੇਤ ਕਈ ਹੋਰਨਾਂ ਕੰਜ਼ਰਵੇਟਿਵ ਐਮਪੀਜ਼ ਵੱਲੋਂ ਸਮਰਥਨ ਕੀਤਾ ਗਿਆ, ਪੌਲੀਏਵਰ ਨੇ ਆਖਿਆ ਕਿ ਉਨ੍ਹਾਂ ਵੱਲੋਂ ਸ਼ਾਂਤੀ ਤੇ ਕਾਨੂੰਨ ਦੀ ਪਾਲਣਾ ਕਰਨ ਵਾਲੇ ਟਰੱਕਰਜ਼ ਦਾ ਸਮਰਥਨ ਕੀਤਾ ਗਿਆ ਸੀ ਜਿਹੜੇ ਆਪਣੀ ਰੋਜ਼ੀ ਰੋਟੀ ਤੇ ਆਜ਼ਾਦੀ ਲਈ ਸ਼ਾਂਤਮਈ ਮੁਜ਼ਾਹਰਾ ਕਰ ਰਹੇ ਸਨ। ਪੌਲੀਏਵਰ ਨੇ ਆਖਿਆ ਕਿ ਉਨ੍ਹਾਂ ਵੱਲੋਂ ਕਾਨੂੰਨ ਤੋੜਨ ਵਾਲਿਆਂ ਤੇ ਇਨਫਰਾਸਟ੍ਰਕਚਰ ਨੂੰ ਨੁਕਸਾਨ ਪਹੁੰਚਾਉਣ ਵਾਲਿਆਂ ਦੀ ਨਿਖੇਧੀ ਵੀ ਕੀਤੀ ਗਈ ਸੀ। ਉਨ੍ਹਾਂ ਨੇ ਪੈਟ ਕਿੰਗ ਤੇ ਉਸ ਦੇ ਗਲਤ ਬਿਆਨਾਂ ਦੀ ਨਿਖੇਧੀ ਵੀ ਕੀਤੀ ਸੀ।

ਇਸ ਦੌਰਾਨ ਕੰਜ਼ਰਵੇਟਿਵਾਂ ਦੀ ਅੰਤਰਿਮ ਆਗੂ ਕੈਂਡਿਸ ਬਰਜਨ ਨੇ ਸੋਮਵਾਰ ਨੂੰ ਬਿਆਨ ਜਾਰੀ ਕਰਕੇ ਨਸਲਵਾਦ ਨੂੰ ਨਫਰਤ ਫੈਲਾਉਣ ਵਾਲਾ ਕਰਾਰ ਦਿੱਤਾ। ਉਨ੍ਹਾਂ ਆਖਿਆ ਕਿ ਵ੍ਹਾਈਟ ਰਿਪਲੇਸਮੈਂਟ ਕਾਂਸਪੀਰੇਸੀ ਥਿਊਰੀ ਨਸਲਵਾਦੀ ਲੋਕਾਂ ਵੱਲੋਂ ਫੈਲਾਈ ਜਾ ਰਹੀ ਹੈ ਤੇ ਕੰਜ਼ਰਵੇਟਿਵਾਂ ਵੱਲੋਂ ਇੱਕਸੁਰ ਵਿੱਚ ਇਸ ਦੀ ਨਿਖੇਧੀ ਕੀਤੀ ਜਾਂਦੀ ਹੈ। ਬਰਜਨ ਨੇ ਇਹ ਵੀ ਆਖਿਆ ਕਿ ਕੈਨੇਡੀਅਨਜ਼ ਨੂੰ ਮੁਜ਼ਾਹਰਾ ਕਰਨ ਦਾ ਪੂਰਾ ਅਧਿਕਾਰ ਹੈ ਪਰ ਗੈਰਕਾਨੂੰਨੀ ਬਲਾਕਿੰਗ ਜਾਂ ਬੁਨਿਆਦੀ ਢਾਂਚੇ ਨੂੰ ਨੁਕਸਾਨ ਪਹੁੰਚਾਉਣ ਤੇ ਨਫਰਤ ਨਾਲ ਭਰੀਆਂ ਤਕਰੀਰਾਂ ਕਰਨਾ ਇਸ ਵਿੱਚ ਸ਼ਾਮਲ ਨਹੀਂ।

# ਸ਼ੱਕੀ ਹਾਲਾਤ ਵਿੱਚ ਮਰੇ 8 ਸਾਲਾ ਬੱਚੇ ਦਾ ਵਾਕਫ ਸੀ ਲਾਪਤਾ ਵਿਅਕਤੀ



ਵਾਟਰਲੂ, 19 ਮਈ (ਪੋਸਟ ਬਿਊਰੋ) : ਵੀਕੈਂਡ ਉੱਤੇ ਕੈਂਬ੍ਰਿਜ ਵਿੱਚ ਮ੍ਰਿਤਕ ਪਾਏ ਗਏ 8 ਸਾਲਾ ਬੱਚੇ ਦੀ ਮੌਤ ਦੀ ਜਾਂਚ ਦਰਮਿਆਨ ਵਾਟਰਲੂ ਪੁਲਿਸ ਵੱਲੋਂ ਇੱਕ ਲਾਪਤਾ ਵਿਅਕਤੀ ਦੀ ਭਾਲ ਵੀ ਕੀਤੀ ਜਾ ਰਹੀ ਹੈ।

ਵਾਟਰਲੂ ਰੀਜਨਲ ਪੁਲਿਸ ਸਰਵਿਸ ਦਾ ਕਹਿਣਾ ਹੈ ਕਿ ਸ਼ਨਿੱਚਰਵਾਰ ਨੂੰ ਪੁਲਿਸ ਅਧਿਕਾਰੀਆਂ ਨੂੰ ਸਵੇਰੇ 10:00 ਵਜੇ ਇੱਕ ਘਰ ਵਿੱਚ ਸੱਦਿਆ ਗਿਆ। ਮੌਕੇ ਉੱਤੇ ਉਨ੍ਹਾਂ ਨੂੰ ਇੱਕ 8 ਸਾਲਾ ਬੱਚਾ ਮ੍ਰਿਤਕ ਮਿ-ਲਿਆ। ਬੱਚੇ ਦੀ ਮੌਤ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ 41 ਸਾਲਾ ਕਰਟਿਸ ਹੈਸਲਿੰਕ, ਜੋ ਕਿ ਕੈਂਬ੍ਰਿਜ ਵਿੱਚ ਹੀ ਰਹਿੰਦਾ ਸੀ, ਤੇ ਬੱਚੇ ਦਾ ਜਾਣਕਾਰ ਸੀ, ਉਹ ਲਾਪਤਾ ਹੈ। ਪੁਲਿਸ ਨੇ ਦੱਸਿਆ ਕਿ ਉਸ ਦੀ ਸੇਫਟੀ ਸਬੰਧੀ ਘਰਦਿਆਂ ਨੂੰ ਚਿੰਤਾ ਹੋ ਰਹੀ ਹੈ। ਬੱਚੇ ਨਾਲ ਉਸ ਦਾ ਕੀ ਸਬੰਧ ਸੀ ਇਸ ਬਾਰੇ ਵੀ ਕੋਈ ਸਪਸ਼ਟ ਜਾਣਕਾਰੀ ਹਾਸਲ ਨਹੀਂ ਹੋਈ ਹੈ।

ਉਸ ਦਾ ਕੱਦ 5 ਫੁੱਟ 11 ਇੰਚ, ਅੱਖਾਂ ਦਾ ਰੰਗ ਨੀਲਾ, ਦਰਮਿਆਨੀ ਕੱਦਕਾਠੀ, ਨਿੱਕੇ ਭੂਰੇ ਵਾਲ ਹਨ। ਹੈਸਲਿੰਕ ਨੂੰ ਆਖਰੀ ਵਾਰੀ ਖਾਖੀ ਪੈਂਟ ਤੇ ਨੀਲੀ ਜਾਂ ਕਾਲੇ ਰੰਗ ਦੀ ਫੌਜੀ ਸਟਾਈਲ ਬਕੇਟ ਹੈਟ ਪਾਇਆਂ ਵੇਖਿਆ ਗਿਆ। ਜਾਂਚਕਾਰਾਂ ਵੱਲੋਂ ਜਨਤਾ ਨੂੰ ਅਪੀਲ ਕੀਤੀ ਗਈ ਹੈ ਕਿ ਜੇ ਹੈਸਲਿੰਕ ਨਜ਼ਰ ਆਵੇ ਤਾਂ ਉਸ ਤੱਕ ਪਹੁੰਚ ਨਾ ਕੀਤੀ ਜਾਵੇ ਤੇ ਫੌਰੀ ਤੌਰ ਉੱਤੇ 911 ਉੱਤੇ ਕਾਲ ਕੀਤੀ ਜਾਵੇ। ਪੁਲਿਸ ਕੈਂਬ੍ਰਿਜ ਵਿੱਚ ਟਾਊਨਲਾਈਨ ਰੋਡ ਤੇ ਰਿਵਰ ਰੋਡ ਇਲਾਕੇ ਵਿੱਚ ਹੈਸਲਿੰਕ ਦੀ ਭਾਲ ਕਰ ਰਹੀ ਹੈ।

# ਛੱਪੜ ਵਿੱਚ ਡੁੱਬਣ ਕਾਰਨ ਤਿੰਨ ਬੱਚਿਆਂ ਦੀ ਮੌਤ

ਭਿਵਾਨੀ, 19 ਮਈ (ਪੋਸਟ ਬਿਊਰੋ)- ਹਰਿਆਣਾ ਦੇ ਭਿਵਾਨੀ ਜ਼ਿਲੇ ਦੇ ਬਹਿਲ ਦੀ ਖਾੜੀ ਪਿੰਡ ਵਿੱਚ ਕੱਲ੍ਹ ਗੰਦੇ ਪਾਣੀ ਨਾਲ ਭਰੇ ਤਲਾਬ ਵਿੱਚ ਡੁੱਬਣ ਨਾਲ ਤਿੰਨ ਬੱਚਿਆਂ ਦੀ ਮੌਤ ਹੋ ਗਈ।

ਇਸ ਪਿੰਡ ਵਿੱਚ ਤਲਾਬ ਨੂੰ ਅੰਮ੍ਰਿਤ ਸਰੋਵਰ ਸਕੀਮ ਹੇਠ ਵਿਕਸਿਤ ਕੀਤਾ ਗਿਆ ਸੀ ਤੇ ਇਸ ਸਮੇਂ ਇਹ ਗੰਦੇ ਪਾਣੀ ਨਾਲ ਭਰਿਆ ਹੋਇਆ ਹੈ। ਜਦੋਂ ਤਿੰਨ ਮੁੰਡੇ ਤਲਾਬ ਦੇ ਕੰਢੇ ਉੱਤੇ ਬਣੀ ਪਗਡੰਡੀ ਤੋਂ ਲੰਘ ਰਹੇ ਸਨ ਤਾਂ ਇੱਕ ਮੁੰਡੇ ਦੀ ਲੱਤ ਤਿਲਕ ਗਈ ਅਤੇ ਤਲਾਬ ਵਿੱਚ ਡਿੱਗ ਗਿਆ। ਉਸ ਨੂੰ ਬਚਾਉਣ ਦੀ ਕੋਸ਼ਿਸ਼ ਕਰਦੇ ਬਾਕੀ ਦੋ ਮੁੰਡੇ ਡੁੱਬ ਗਏ। ਲੋਕਾਂ ਨੇ ਤਿੰਨਾਂ ਨੂੰ ਬੇਹੋਸੀ ਦੀ ਹਾਲਤ ਵਿੱਚ ਕੱਢਿਆ। ਦੋ ਮੁੰਡਿਆਂ ਨੂੰ ਹਿਸਾਰ ਤੇ ਇੱਕ ਨੂੰ ਭਿਵਾਨੀ ਦੇ ਹਸਪਤਾਲ ਭੇਜਿਆ, ਪਰ ਮੁੱਢਲੀ ਸਹਾਇਤਾ ਪਿੱਛੋਂ ਤਿੰਨਾਂ ਦੀ ਮੌਤ ਹੋ ਗਈ।ਤਿੰਨੇ ਬਹਿਲ ਦੇ ਸਰਕਾਰੀ ਪ੍ਰਾਇਮਰੀ ਸਕੂਲ ਵਿੱਚ 4ਵੀਂ, 6ਵੀਂ ਅਤੇ 2ਵੀਂ ਜਮਾਤ ਦੇ ਵਿਦਿਆਰਥੀ ਸਨ।



# ਦੁਨੀਆਂ ਦੀ ਸਭ ਤੋਂ ਬਜ਼ੁਰਗ ਬੀਬੀ ਨੇ 128ਵਾਂ ਜਨਮ ਦਿਨ ਮਨਾਇਆ



ਕੇਪਟਾਊਨ, 19 ਮਈ (ਪੋਸਟ ਬਿਊਰੋ)- ਦੱਖਣੀ ਅਫ਼ਰੀਕਾ ਦੀ ਵਸਨੀਕ ਜੋਹਾਨਾ ਮਾਜ਼ੀਬੁਕੋ ਨੇ ਪਿਛਲੇ ਹਫ਼ਤੇ ਅਪਣਾ 128ਵਾਂ ਜਨਮਦਿਨ ਮਨਾਇਆ। ਦਾਅਵਾ ਕੀਤਾ ਜਾ ਰਿਹਾ ਹੈ ਕਿ ਉਹ ਦੁਨੀਆ ਦੀ ਸਭ ਤੋਂ ਬਜ਼ੁਰਗ ਔਰਤ ਹੈ। ਉਸਦੀ ਲੰਮੀ ਉਮਰ ਦਾ ਸਭ ਤੋਂ ਵੱਡਾ ਕਾਰਨ ਖਾਣ-ਪੀਣ ਵਲ ਧਿਆਨ ਦੇਣਾ ਰਿਹਾ ਹੈ।ਤਾਜ਼ੇ ਦੁੱਧ ਅਤੇ ਜੰਗਲੀ ਪਾਲਕ ਦੇ ਸੁਮੇਲ ਨੇ ਜੋਹਾਨਾ ਨੂੰ ਲੰਮੇ ਸਮੇਂ ਤਕ ਜ਼ਿੰਦਾ ਰੱਖਿਆ ਹੈ।

ਜੋਹਾਨਾ ਕੋਲ ਮੌਜੂਦ ਦਸਤਾਵੇਜ਼ ਦਸਦੇ ਹਨ ਕਿ ਉਸਦਾ ਜਨਮ 1894 ਵਿੱਚ ਹੋਇਆ ਸੀ। ਉਸ ਨੇ ਆਪਣੀ ਜ਼ਿੰਦਗੀ ਵਿੱਚ ਬ੍ਰਿਟਿਸ਼ ਰਾਜ ਦੀ ਸ਼ੁਰੂਆਤ ਅਤੇ ਅੰਤ ਅਤੇ ਦੋ ਵਿਸ਼ਵ ਯੁੱਧ ਦੇਖੇ ਸਨ। ਜੋਹਾਨਾ ਨੇ ਦੱਸਿਆ ਕਿ ਉਹ ਆਪਣੇ 12 ਭੈਣ-ਭਰਾਵਾਂ ਵਿੱਚੋਂ ਸਭ ਤੋਂ ਵੱਡੀ ਸੀ। ਉਹ ਮੱਕੀ ਦੇ ਖੇਤ ਵਿੱਚ ਰਹਿੰਦੀ ਸੀ। ਉਨ੍ਹਾਂ ਨੇ ਦੱਸਿਆ ਕਿ ਅਸੀਂ ਖੇਤਾਂ ਵਿੱਚ ਬਹੁਤ ਵਧੀਆ ਸਮਾਂ ਬਿਤਾਇਆ। ਉਥੇ ਕੋਈ ਸਮੱਸਿਆ ਨਹੀਂ ਸੀ। ਟਿੱਡੀ ਦਲ ਦੇ ਹਮਲੇ ਨੂੰ ਯਾਦ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਨੇ ਸਾਡੇ ਸਾਹਮਣੇ ਸਮੱਸਿਆ ਖੜੀ ਕਰ ਦਿੱਤੀ, ਪਰ ਸਾਡੇ ਪਰਵਾਰ ਨੇ ਇਨ੍ਹਾਂ ਤੋਂ ਛੁਟਕਾਰਾ ਪਾਉਣ ਦਾ ਨਵਾਂ ਤਰੀਕਾ ਲੱਭਿਆ। ਅਸੀਂ ਉਨ੍ਹਾਂ ਨੂੰ ਫੜ ਲਿਆ ਅਤੇ ਖਾਣ ਲੱਗ ਪਏ। ਇਹ ਮਾਸ ਖਾਣ ਵਰਗਾ ਸੀ।

ਪਤਾ ਲੱਗਾ ਹੈ ਕਿ ਜੋਹਾਨਾ ਅੱਜ-ਕੱਲ੍ਹ ਆਧੁਨਿਕ ਭੋਜਨ ਖਾਂਦੀ ਹੈ, ਪਰ ਉਹ ਕਹਿੰਦੀ ਹੈ ਕਿ ਉਸ ਨੂੰ ਆਪਣਾ ਸਾਦਾ ਬਚਪਨ ਯਾਦ ਆਉਂਦਾ ਹੈ। ਜੋਹਾਨਾ 128 ਸਾਲ ਦੀ ਉਮਰ ਵਿੱਚ ਵੀ ਠੀਕ-ਠਾਕ ਚੱਲ ਸਕਦੀ ਹੈ। ਉਸ ਨੂੰ ਸੁਣਨ ਦੀ ਸਮੱਸਿਆ ਹੈ, ਪਰ ਉਸ ਦੀਆਂ ਅੱਖਾਂ ਠੀਕ ਹਨ। ਉਸ ਨੇ ਇੱਕ ਆਦਮੀ ਨਾਲ ਵਿਆਹ ਕੀਤਾ ਸੀ, ਜਿਸਦੀ ਪਹਿਲੀ ਪਤਨੀ ਦੀ ਮੌਤ ਹੋ ਗਈ ਸੀ। ਉਸ ਕੋਲ ਗਾਵਾਂ ਤੇ ਘੋੜੇ ਸਨ। ਜੋਹਾਨਾ ਦੁੱਧ ਤੋਂ ਮੱਖਣ ਬਣਾ ਕੇ ਵੇਚਦੀ ਸੀ, ਜੋਹਾਨਾ ਦੇ ਸੱਤ ਬੱਚੇ ਹਨ, ਜਿਨ੍ਹਾਂ ਵਿੱਚੋਂ ਦੋ ਅਜੇ ਜ਼ਿੰਦਾ ਹਨ। ਜੋਹਾਨਾ ਦੇ 50 ਪੋਤੇ-ਪੋਤੀਆਂ ਤੇ ਪੜਪੋਤੇ-ਪੜਪੋਤੀਆਂ ਹਨ। ਜੋਹਾਨਾ ਦੇ ਪਿੰਡ ਦੇ ਲੋਕ ਚਾਹੁੰਦੇ ਹਨ ਕਿ ਉਸ ਦਾ ਨਾਂ ਗਿਨੀਜ਼ ਬੁੱਕ ਆਫ ਰਿਕਾਰਡ ਵਿੱਚ ਦਰਜ ਕੀਤਾ ਜਾਵੇ।

# ਆਰ ਐਸ ਐਸ ਹੈਡਕੁਆਰਟਰ ਦੀ ਰੇਕੀ ਬਾਰੇ ਅਤਿਵਾਦੀ ਗ੍ਰਿਫ਼ਤਾਰ

ਨਾਗਪੁਰ, 19 ਮਈ (ਪੋਸਟ ਬਿਊਰੋ)- ਰਾਸ਼ਟਰੀ ਸਵੈਂ-ਸੇਵਕ ਸੰਘ (ਆਰ ਐਸ ਐਸ) ਦੇ ਨਾਗਪੁਰ ਹੈਡ ਕੁਆਰਟਰ ਡਾਕਟਰ ਹੈਡਗੇਵਾਰ ਸਮਰਿਤੀ ਭਵਨ ਦੀ ਰੇਕੀ ਕਰਨ ਦੇ ਦੋਸ਼ ਵਿੱਚ ਅਤਿਵਾਦ ਰੋਕੂ ਦਸਤੇ (ਏ ਟੀ ਐਸ) ਨੇ ਜੰਮੂ ਕਸ਼ਮੀਰ ਤੋਂ ਜੈਸ਼-ਏ-ਮੁਹੰਮਦ ਦੇ ਇੱਕ ਅਤਿਵਾਦੀ ਨੂੰ ਗ੍ਰਿਫ਼ਤਾਰ ਕੀਤਾ ਹੈ। ਇੱਕ ਅਧਿਕਾਰੀ ਨੇ ਦੱਸਿਆ ਕਿ ਦੋਸ਼ੀ ਸ਼ੇਖ ਨੇ ਨਾਗਪੁਰ ਦੇ ਰੇਸ਼ਮੀਬਾਗ ਇਲਾਕੇ ਵਿੱਚ ਹੇਡ-ਗੇਵਾਰ ਸਮਰਿਤੀ ਭਵਨ ਦੀ ਰੇਕੀ ਕੀਤੀ ਤੇ ਭਵਨ ਦਾ ਵੀਡੀਓ ਪਾਕਿ-ਸਤਾਨ ਵਿੱਚ ਆਪਣੇ ਹੈਂਡਲਰ ਨੂੰ ਭੇਜਿਆ ਸੀ। ਅਧਿਕਾਰੀ ਨੇ ਕਿਹਾ ਕਿ ਏ ਟੀ ਐਸ ਨੇ ਪਿੱਛੇ ਜਿਹੇ ਜੰਮੂ ਕਸ਼ਮੀਰ ਦੇ ਪੁਲਵਾਮਾ ਜ਼ਿਲ੍ਹੇ ਦੇ ਅਵੰਤੀਪੋਰਾ ਦੇ ਵਾਸੀ ਰਈਸ



ਅਹਿਮਦ ਸ਼ੇਖ (26) ਨੂੰ ਹਿਰਾਸਤ ਵਿੱਚ ਲਿਆ ਅਤੇ ਪਿਛਲੇ ਦੋ ਦਿਨਾਂ ਤੋਂ ਉਸ ਤੋਂ ਪੁੱਛ-ਗਿੱਛ ਕੀਤੀ ਜਾ ਰਹੀ ਹੈ।ਸ਼ੇਖ ਨੇ ਜਾਂਚਕਰਤਾਵਾਂ ਨੂੰ ਦੱਸਿਆ ਕਿ ਉਮਰ ਨਾਮੀ ਇੱਕ ਵਿਅਕਤੀ ਉਸ ਦਾ ਹੈਂਡਲਰ ਹੈ। ਉਮਰ ਬਾਰੇ ਕਿਹਾ ਜਾਂਦਾ ਹੈ ਕਿ ਉਹ ਪਾਕਿਸਤਾਨ ਦੇ ਨਵਾਬਪੁਰ ਵਿੱਚ ਜੈਸ਼-ਏ-ਮੁਹੰਮਦ ਦਾ ਆਪਰੇਸ਼ਨਲ ਕਮਾਂਡਰ ਹੈ। ਅਧਿਕਾਰੀ ਨੇ ਕਿਹਾ ਕਿ ਸ਼ੇਖ 23 ਜੁਲਾਈ 2021 ਨੂੰ ਦਿੱਲੀ-ਮੁੰਬਈ-ਨਾਗਪੁਰ ਦੀ ਉਡਾਣ ਨਾਲ ਇੱਥੇ ਪੁੱਜਾ ਅਤੇ ਸੀਤਾਬੁਲਡੀ ਖੇਤਰਦੇ ਇੱਕ ਹੋਟਲ ਵਿੱਚ ਰੁਕਿਆ ਸੀ। ਸ਼ੇਖ ਨੂੰ ਉਸਦੇ ਹੈਂਡਲਰ ਨੇ ਭਰੋਸਾ ਦਿੱਤਾ ਸੀ ਕਿ ਨਾਗਪੁਰ ਵਿੱਚ ਇੱਕ ਸਥਾਨਕ ਵਿਅਕਤੀ ਉਸ ਨਾਲ ਸੰਪਰਕ ਕਰੇਗਾ ਅਤੇ ਉਸ ਦੀ ਮਦਦ ਕਰੇਗਾ। ਅਧਿਕਾਰੀ ਨੇ ਕਿਹਾ ਕਿ ਨਾਗਪੁਰ ਵਿੱਚ ਸ਼ੇਖ ਨਾਲ ਕਿਸੇ ਨੇ ਸੰਪਰਕ ਨਹੀਂ ਕੀਤਾ, ਇਸ ਲਈ ਉਸ ਨੇ ਰੇਕੀ ਕਰਨ ਦਾ ਕੰਮ ਇਕੱਲੇਕੀਤਾ। ਉਨ੍ਹਾਂ ਕਿਹਾ ਕਿ 14 ਜੁਲਾਈ ਨੂੰ ਸ਼ੇਖ ਗੂਗਲ ਮੈਪ ਦੀ ਮਦਦ ਨਾਲ ਰੇਸ਼ਮੀਬਾਗ ਪਹੁੰਚਿਆ, ਜਿਸ ਦੀ ਲੋਕੇਸ਼ਨ ਉਸ ਨੂੰ ਉਸਦੇ ਆਕਾ ਨੇ ਦੱਸੀ ਸੀ।

## ਤਾਂਸ਼ ਦਾ ਟੂਰਨਾਮੈਂਟ 22 ਨੂੰ

ਤਾਂਸ ਦੇ ਸਮੂਹ ਖਿਡਾਰੀਆਂ ਨੂੰ ਸੂਚਨਾ ਦਿਤੀ ਜਾਂਦੀ ਹੈ ਕਿ ਤਾਸ਼ ਸਵੀਪ ਦਾ ਟੂਰਨਾਮੈਂਟ 22 ਮਈ ਦਿਨ ਐਤਵਾਰ ਨੂੰ 225 Dougall av caledon, ਕਮਿਊਨਟੀ ਸੈਂਟਰ ਵਿਚ ਹੋ ਰਿਹਾ ਹੈ । ਐਂਟਰੀਆਂ 1.00 ਵਜੇ ਤੋਂ 1.30 ਵਜੇ ਤਕ ਹੋਣਗੀਆਂ । ਜੇਤੂ ਖਿਡਾਰੀਆਂ ਨੂੰ ਇਨਾਮ ਅਤੇ ਟਰਾਫੀਆਂ ਦਿਤੀਆਂ ਜਾਣਗੀਆਂ ਐਂਟਰੀ ਫੀਸ 10 ਡਾਲਰ ਪ੍ਰਤੀ ਟੀਮ ਹੋਵੇਗੀ । ਹੋਰ ਜਾਣਕਾਰੀ ਲਈ ਦੀਪਾ ਨੂੰ 647 702 6697 ਅਤੇ ਤਰਸੇਮ ਜੋਹਲ ਨੂੰ 647 766 1477 ਤੇ ਸੰਪਰਕ ਕੀਤਾ ਜਾ ਸਕਦਾ ਹੈ । ਨੋਟ : ਤਾਂਸ ਆਪੋ ਆਪਣੀ ਲਿਆਂਦੀ ਜਾਵੇ ਜੀ ਪ੍ਰਬੰਦਕਾਂ ਵਲੋਂ ਤਾਂਸ ਨਹੀਂ ਦਿਤੀ ਜਾਵੇਗੀ ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202



Marriage
Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119
647-760-2769




STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

## ਫੌਨਾਂ ਦੇ ਸਸਤੇ ਪਲਾਨ ਗਾਂਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

## ਲੜਕੀ ਦੀ ਲੋੜ

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਪੰਜਾਬੀ ਪੋਸਟ

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal
Co-Host
Iqbal Mahal
Producer & Host
Serving the South Asian Community Since 1976

## ਦੇਖੋ ਮਾਲਿਸ਼ ਦਾ ਕਮਾਲ

ਪਿੱਠ, ਗੋਡੇ, ਮੋਢੇ, ਧੋਣ, ਲੱਤਾਂ, ਕੂਹਣੀ, ਗਿੱਟੇ, ਚੂਲ੍ਹੇ ਦੀ ਕੋਈ ਵੀ ਦਰਦ ਤੋਂ ਪ੍ਰੇਸ਼ਾਨ ਹੋ ਤਾਂ ਇਕ ਨਾਮ ਨੋਟ ਕਰੋ: ਸ. ਕੇਵਲ ਸਿੰਘ Migraine, Cervical ਅਤੇ ਧਰਨ ਵਰਗੀਆਂ ਬਿਮਾਰੀਆਂ ਨੂੰ ਵੀ ਇਹ ਬਿਨਾਂ ਕਿਸੇ ਦਵਾਈ ਦਿੱਤਿਆਂ ਮਾਲਿਸ਼ ਨਾਲ ਦੋ ਦਿਨ ਵਿਚ ਘੋੜੇ ਵਾਂਗੂ ਕਰ ਦਿੰਦੇ ਹਨ। ਕਿੰਨੇ VIP ਲੋਕ ਇਨ੍ਹਾਂ ਦੇ ਹੱਥੋਂ ਮਾਲਿਸ਼ ਕਰਵਾ ਕੇ ਨੌ ਬਰ ਨੌ ਹੋ ਗਏ ਹਨ। ਜਿਆਦਾ ਜਾਣਕਾਰੀ ਲਈ ਕਾਲ ਕਰੋ:

647-927-2049

## ਲੜਕੀ ਦੀ ਲੋੜ

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877
Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11'' ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ। ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9'', ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੇਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਪੰਜਾਬੀ ਪੋਸਟ

(905)793-2202
You can Place Your Business Here
To Reach Wider Audience
For more info Call 905-793-2202 or e-mail ads@punjabipost.ca

## ਕੇਅਰ ਗਿਵਰ ਦੀ ਲੋੜ



ਬਜੁਰਗ ਔਰਤ ਨੂੰ ਸੰਭਾਲਣ ਲਈ ਕੇਅਰ ਗਿਵਰ ਦੀ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ। **'PR'** ਲਈ ਮੱਦਦ ਕੀਤੀ ਜਾਵੇਗੀ। Location 'Winnipeg, MB' ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:

**204-333-9000, 416-818-3777**

## ਲੜਕੇ ਦੀ ਲੋੜ

ਨਾਈ ਸਿੱਖ ਖੂਬਸੂਰਤ ਲੜਕੀ 27/M.A ਪੰਜਾਬੀ ਲਈ (ਪੰਜਾਬ ਵਿਚ) ਸ਼ੁਧ ਵੈਸ਼ਨੂੰ ਅਤੇ ਵੈਲ ਸੈਟਲਡ ਪੜ੍ਹੇ ਲਿਖੇ ਵਰ ਦੀ ਲੋੜ। ਕੈਨੇਡਾ ਤੋਂ ਵੀ ਵੈਸ਼ਨੂੰ ਪਰਿਵਾਰ ਸੰਪਰਕ ਕਰ ਸਕਦਾ ਹੈ। ਤਰਜੀਹ ਲੁਧਿਆਣਾ। ਸੰਪਰਕ:9464543116

ਕੈਨੇਡਾ ਦੀ ਪੀ.ਆਰ. 33 ਸਾਲਾ, 5 ਫੁੱਟ 6 ਇੰਚ ਸਿੱਖ ਕੰਬੋਜ ਲੜਕੀ ਲਈ ਯੋਗ ਵਰ ਦੀ ਲੋੜ ਹੈ। ਲੜਕੀ ਨੇ ਭਾਰਤ ਤੋਂ ਬੀ.ਡੀ.ਐੱਸ. ਡਿਗਰੀ ਕੀਤੀ ਹੈ ਅਤੇ ਕੈਨੇਡਾ ਆ ਕੇ ਡੈਂਟਲ ਹਾਈਜੀਨ ਦਾ ਕੋਰਸ ਕੀਤਾ ਹੈ। ਅਣਭੋਲ ਹਾਲਾਤ ਵਿਚ ਉਸ ਦਾ ਡਾਈਵੋਰਸ ਹੋ ਚੁੱਕਾ ਹੈ ਅਤੇ ਉਹ ਆਪਣਾ ਗ੍ਰਹਿਸਤੀ ਜੀਵਨ ਨਵੇਂ ਸਿਰਿਉਂ ਆਰੰਭ ਕਰਨਾ ਚਾਹੁੰਦੀ ਹੈ। ਜ਼ਾਤ-ਪਾਤ ਦਾ ਕੋਈ ਬੰਧਨ ਨਹੀਂ। ਇਸ ਸਬੰਧੀ ਫ਼ੋਨ 226-627-0048 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂMBA ਅਤੇ ਕੈਨੇਡਾ ਤੋਂMarketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀਜ਼ ਇੰਸਟ੍ਰਕਟਰ
647-998-7500 ਬਲਵਿੰਦਰ



## ਕ੍ਰਿਤੀ ਦੀ ਅਗਲੀ ਫਿਲਮ ‘ਕਿਲ ਬਿਲ’ ਦਾ ਰੀਮੇਕ ਨਹੀਂ

ਕ੍ਰਿਤੀ ਸਨਨ ਇਨ੍ਹੀਂ ਦਿਨੀਂ ਆਪਣੀ ਅਗਲੀਆਂ ਫਿਲਮਾਂ ਨੂੰ ਲੈ ਕੇ ਕਾਫੀ ਚਰਚਾ ਵਿੱਚ ਹੈ। ਹਾਲ ਹੀ ਵਿੱਚ ਉਸ ਨੇ ਅਨੁਰਾਗ ਕਸ਼ਯਪ ਦੀ ਅਗਲੀ ਰਿਵੈਂਜ ਡਰਾਮਾ ਫਿਲਮ ਵਿੱਚ ਸ਼ਾਮਲ ਹੋਣ ਦਾ ਐਲਾਨ ਕੀਤਾ ਸੀ। ਉਸ ਨੇ ਖੁਲਾਸਾ ਕੀਤਾ ਹੈ ਕਿ ਇਹ ਫਿਲਮ ‘ਕਿਬਲ ਬਿਲ’ ਦਾ ਰੀਮੇਕ ਨਹੀਂ। ਕ੍ਰਿਤੀ ਨੇ ਫਿਲਮ ਦੇ ਬਾਰੇ ਕਿਹਾ, ‘‘ਅਨੁਰਾਗ ਕਦੇ ਰੀਮੇਕ ਨਹੀਂ ਕਰਦੇ। ਦਰਅਸਲ ਰਿਵੈਂਜ ਇੱਕ ਬਦਲਾ ਲੈਣ ਵਾਲੀ ਕਹਾਣੀ ਉੱਤੇ ਆਧਾਰਤ ਐਕਸ਼ਨ ਫਿਲਮ ਹੈ, ਜਿਸ ਵਿੱਚ ਤੁਹਾਨੂੰ ਸਭ ਕੁਝ ਫਰੈਸ਼ ਦੇਖਣ ਨੂੰ ਮਿਲੇਗਾ। ਇਹ ਪੂਰੀ ਤਰ੍ਹਾਂ ਨਾਲ ਅਲੱਗ ਤੇ ਓਰੀਜਨਲ ਸਕ੍ਰਿਪਟ ਹੈ। ਅਨੁਰਾਗ ਆਪਣੀ ਖੁਦ ਦੀ ਨਵੀਂ ਦੁਨੀਆ ਬਣਾਉਣਾ ਪਸੰਦ ਕਰਦੇ ਹਨ ਤੇ ਮੈਂ ਉਨ੍ਹਾਂ ਦੀ ਦੁਨੀਆ ਦਾ ਹਿੱਸਾ ਬਣਨ ਅਤੇ ਉਨ੍ਹਾਂ ਦੇ ਡਾਇਰੈਕਸ਼ਨ ਵਿੱਚ ਕੰਮ ਕਰਨ ਲਈ ਉਤਸ਼ਾਹਤ ਹਾਂ।’’ਕ੍ਰਿਤੀ ਇੰਨੀ ਦੀ ਦਿਨੀਂ ਲੱਦਾਖ ਵਿੱਚ ਟਾਈਗਰ ਨਾਲ ‘ਗਣਪਤ’ ਦੇ ਆਖਰੀ ਸ਼ਡਿਊਲ ਦੀ ਸ਼ੂਟਿੰਗ ਕਰ ਰਹੀ ਹੈ।

# ਫਿਲਮੀ ਦੁਨੀਆਂ

## ਗਿੱਪੀ ਅਤੇ ਤਾਨੀਆ ਵੱਲੋਂ ਨਵੀਂ ਫਿਲਮ ਦੀ ਸ਼ੂਟਿੰਗ




ਸਾਲ 2022 ਵਿੱਚ ਪੰਜਾਬੀ ਸਿਨੇ ਜਗਤ ਲਈ ਬਹੁਤ ਅਹਿਮ ਰਿਹਾ ਹੈ। ਰੋਜ਼ ਪਾਲੀਵੁੱਡ ਵਿੱਚ ਨਵੀਆਂ ਫਿਲਮਾਂ ਦੇ ਐਲਾਨ ਕੀਤੇ ਜਾ ਰਹੇ ਹਨ। ਸਿਨੇਮਾ ਰਾਹੀਂ ਕੁਝ ਵੱਖਰਾ ਅਤੇ ਨਵਾਂ ਕਰਨ ਲਈ ਹਰ ਕਲਾਕਾਰ ਆਪਣੀ ਕੋਸ਼ਿਸ਼ ਕਰ ਰਿਹਾ ਹੈ। ਕਈ ਅਣਛੋਹੇ ਵਿਸ਼ਿਆਂ ਤੇ ਸ਼ਾਨਦਾਰ ਸਿਰਲੇਖਾਂ ਸਣੇ ਨਵੀਆਂ ਜੋੜੀਆਂ ਰਾਹੀਂ ਫਿਲਮਸਾਜ਼ ਹਰ ਪੱਖੋਂ ਦਰਸ਼ਕਾਂ ਦਾ ਮਨੋਰੰਜਨ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਦਰਸ਼ਕ ਵੀ ਆਪਣੇ ਮਨਪਸੰਦ ਦੇ ਕਲਾਕਾਰਾਂ ਨੂੰ ਨਵੇਂ ਸਹਿ ਕਲਾਕਾਰਾਂ ਨਾਲ ਵੱਡੇ ਪਰਦੇ ਉੱਤੇ ਦੇਖਣ ਲਈ ਉਤਾਵਲੇ ਹਨ।

ਨਵਾਂ ਪ੍ਰਯੋਗ ਕਰਨ ਲਈ ਗਿੱਪੀ ਗਰੇਵਾਲ ਅਤੇ ਤਾਨੀਆ ਦੀ ਜੋੜੀ ਤਿਆਰ ਹੈ। ਗਿੱਪੀ ਨੂੰ ਵੱਡੀ ਗਿਣਤੀ ਦਰਸ਼ਕ ਪਸੰਦ ਕਰਦੇ ਹਨ ਅਤੇ ਤਾਨੀਆ ਨੇ ਪੰਜਾਬੀ ਸਿਨੇ ਵਿੱਚ ਆਪਣੀ ਵੱਖਰੀ ਪਛਾਣ ਬਣਾਈ ਹੈ। ਇਹ ਦੋਵੇਂ ਜਣੇ ਪਹਿਲੀ ਵਾਰ ਸਿਲਵਰ ਸਕਰੀਨ ਉੱਤੇ ਇਕੱਠੇ ਨਜ਼ਰ ਆਉਣਗੇ। ਦੋਵਾਂ ਜਣਿਆਂ ਨੇ ਸੋਸ਼ਲ ਮੀਡੀਆ ਦੇ ਆਪੋ-ਆਪਣੇ ਖਾਤਿਆਂ ਉੱਤੇ ਪ੍ਰਸ਼ੰਸਕਾਂ ਲਈ ਤਸਵੀਰ ਸਾਂਝੀ ਕੀਤੀ ਹੈ। ਇਹ ਤਸਵੀਰ ਉਨ੍ਹਾਂ ਦੀ ਨਵੀਂ ਫਿਲਮ ਦੇ ਸੈਟ ਦ ੀ ਹੈ। ਇਸ ਨੂੰ ਦੇਖਣ ਤੋਂ ਜਾਪਦਾ ਹੈ ਕਿ ਇਹ ਫਿਲਮ ਸਾਲ 2000 ਦੇ ਦਹਾਕੇ ਉਤੇ ਆਧਾਰਤ ਹੈ। ਗਿੱਪੀ ਨੇ ਵੱਡੇ ਚੈੱਕਦਾਰ ਕਮੀਜ਼ ਪਾਈ ਹੋਈ ਹੈ ਤੇ ਗਲੇ ਵਿੱਚ ਤਵੀਤ ਪਾਇਆ ਹੋਇਆ ਹੈ।

## ਸਾਊਥ ਤੋਂ ਸਿੱਖੋ ਟਿਕਟ ਦਰ ਫਿਕਸ ਰੱਖਣਾ ਅਤੇ ਲੋਕਾਂ ਨੂੰ ਥੀਏਟਰ ਤੱਕ ਲਿਆਉਣਾ : ਰਿਚਾ



ਰਿਚਾ ਚੱਢਾ ਨੇ ਪਿੱਛੇ ਜਿਹੇ ਆਡੀਓ ਪਲੇਟਫਾਰਮ ਓਡਿਬਲ ਉੱਤੇ ਰਿਲੀਜ਼ ਸੀਰੀਜ਼ ‘ਬੇਬੀ ਡੌਲ’ ਵਿੱਚ ਆਪਣੀ ਆਵਾਜ਼ ਦਿੱਤੀ ਹੈ। ਬਾਲੀਵੁੱਡ ਅਤੇ ਸਾਊਥ ਸਿਨੇਮਾ ਬਾਰੇ ਵੀ ਰਿਚਾ ਨੇ ਖੁੱਲ੍ਹ ਕੇ ਗੱਲਬਾਤ ਕੀਤੀ। ਪੇਸ਼ ਹਨ ਉਸ ਨਾਲ ਇੰਡਸਟਰੀ ਉੱਤੇ ਹੋਈ ਖਾਸ ਗੱਲਬਾਤ ਦੇ ਕੁਝ ਅੰਸ਼ :

* ਬਾਲੀਵੁੱਡ ਅਤੇ ਸਾਊਥ ਸਿਨੇਮਾ ਨੂੰ ਲੈ ਕੇ ਜੋ ਬਹਿਸ ਚੱਲ ਰਹੀ ਹੈ। ਉਸ ਉੱਤੇ ਤੁਹਾਡਾ ਕੀ ਕਹਿਣਾ ਹੈ?

– ਇਸ ਵਿੱਚ ਬਹਿਸ ਕੀ ਚੱਲ ਰਹੀ ਹੈ। ਉਨ੍ਹਾਂ ਦੀਆਂ ਫਿਲਮਾਂ ਚੰਗੀਆਂ ਹਨ, ਬੱਸ ਇੰਨੀ ਹੀ ਗੱਲ ਹੈ। ਇਸ ਵਿੱਚ ਬਹਿਸ ਵਰਗੀ ਕੋਈ ਗੱਲ ਹੀ ਨਹੀਂ। ‘ਕੇ ਜੀ ਐੱਫ’ ਨੂੰ ਐਕਸੇਲ ਨੇ ਪ੍ਰੋਡਿਊਸ ਕੀਤਾ ਹੈ ਤਾਂ ਉਸ ਫਿਲਮ ਦੇ ਹਿੱਟ ਹੋਣ ਦਾ ਕੁਝ ਫਇਦਾ ਬਾਲੀਵੁੱਡ ਨੂੰ ਵੀ ਹੈ। ਬਾਕੀ ਜੋ ਸਾਊਥ ਦੀਆਂ ਡਬ ਫਿਲਮਾਂ ਕਮਾਈ ਕਰਦੀਆਂ ਹਨ ਉਸ ਤੋਂ ਬਾਕਸ ਆਫਿਸ ਨੂੰ ਫਾਇਦਾ ਹੋਵੇਗਾ। ਬਾਕੀ ਜੇ ਅਸੀਂ ਉਨ੍ਹਾਂ ਤੋਂ ਕੁਝ ਸਿੱਖਣਾ ਹੈ ਤਾਂ ਇਹ ਸਿੱਖਣਾ ਚਾਹੀਦਾ ਹੈ ਕਿ ਸਿਨੇਮਾਘਰਾ ਤੱਕ ਲੋਕਾਂ ਨੂੰ ਕਿਵੇਂ ਖਿੱਚਿਆ ਜਾ ਸਕਦਾ ਹੈ। ਕਿਵੇਂ ਆਮ ਇਨਸਾਨ ਨੂੰ ਘੱਟ ਟਿਕਟ ਪ੍ਰਾਈਸ ਵਿੱਚ ਇੱਕ ਚੰਗੀ ਫਿਲਮ ਦਿਖਾਈ ਜਾ ਸਕਦੀ ਹੈ। ਉਨ੍ਹਾਂ ਦੀ ਟਿਕਟ ਪ੍ਰਾਈਸ ਉੱਤੇ ਇੱਕ ਕੈਪ ਹੁੰਦਾ ਹੈ, ਚਾਹੇ ਉਹ ਮੇਗਾਸਟਾਰ ਫਿਲਮ ਹੋਵੇ ਜਾਂ ਨਿਊ ਕਮਰ ਦੀ। ਸਾਨੂੰ ਜ਼ਰੂਰਤ ਹੈ ਕਿ ਅਸੀਂ ਸਿਨੇਮਾ ਨੂੰ ਸਪੋਰਟ ਕਰਨ ਵਾਲੀ ਚੰਗੀ ਪਹਿਲ ਕਰੀਏ ਅਤੇ ਸਾਊਥ ਦੀਆਂ ਜੋ ਚੰਗੀਆਂ ਆਦਤਾਂ ਹਨ, ਉਹ ਸਿੱਖੀਏ। ਜੇ ਤੁਹਾਡੀ ਫਿਲਮ ਦੇ ਪਹਿਲੇ ਦਿਨ ਦਾ ਬਾਕਸ ਆਫਿਸ ਕਲੈਕਸ਼ਨ ਤੁਹਾਡੇ ਲੀਡ ਹੀਰੋ ਦੀ ਫੀਸ ਤੋਂ ਘੱਟ ਹੈ ਤਾਂ ਫਿਰ ਸ਼ਾਇਦ ਤੁਹਾਡੀ ਮੈਥਸ ਵਿੱਚ ਕੁਝ ਗੜਬੜ ਹੈ। ਇਸ ਮੈਥਸ ਨੂੰ ਠੀਕ ਕਰੋ ਤਾਂ ਸਿਸਟਮ ਵਿੱਚ ਆਪਣੇ ਆਪ ਸਭ ਕੁਝ ਠੀਕ ਹੋ ਜਾਏਗਾ।

* ਕੀ ਇਸ ਆਡੀਓ ਸ਼ੋਅ ਲਈ ਆਪਣੀ ਆਵਾਜ਼ ਉੱਤੇ ਵੀ ਕੰਮ ਕੀਤਾ?

– ਅਸੀਂ ਥੀਏਟਰ ਤੋਂ ਆਏ ਕਲਾਕਾਰ ਪਹਿਲਾਂ ਹੀ ਆਵਾਜ਼ ਉੱਤੇ ਕਾਫੀ ਕੰਮ ਕਰ ਚੁੱਕੇ ਹੁੰਦੇ ਹਾਂ, ਪਰ ਥੀਏਟਰ ਅਤੇ ਆਡੀਓ ਸ਼ੋਅ ਦੀ ਆਵਾਜ਼ ਵਿੱਚ ਕਾਫੀ ਫਰਕ ਆ ਜਾਂਦਾ ਹੈ। ਆਡੀਓ ਸ਼ੋਅ ਦੇ ਲਈ ਜਦ ਅਸੀਂ ਸਟੂਡੀਓ ਵਿੱਚ ਬੈਠ ਕੇ ਮਾਈਕ ਉੱਤੇ ਆਵਾਜ਼ ਦਿੰਦੇ ਹਾਂ ਤਾਂ ਉਸ ਦਾ ਵੱਖ ਮਜ਼ਾ ਹੈ। ਇੱਥੇ ਮੈਂ ਆਪਣੇ ਐਕਸੈਂਟ ਨਾਲ ਵੀ ਕੁਝ ਹਰਕਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਬਾਕੀ ਆਪਣੇ ਕਿਰਦਾਰ ਦੀ ਆਵਾਜ਼ ਨਾਲ ਮੈਂ ਖਾਸ ਨਾਟਕੀ ਬਦਲਾਅ ਨਹੀਂ ਕੀਤਾ। ਸਟੂਡੀਓ ਵਿੱਚ ਇਸ ਨੂੰ ਫਾਈਨਲ ਰਿਕਾਰਡ ਕਰਨ ਤੋਂ ਪਹਿਲਾਂ ਅਸੀਂ ਪੂਰੀ ਟੀਮ ਦੇ ਨਾਲ ਬੈਠ ਕੇ ਕਈ ਵਾਰ ਪੂਰੇ 15 ਐਪੀਸੋਡ ਰੀਡ ਕੀਤੇ। ਬਾਕੀ ਉਮੀਦ ਹੈ ਕਿ ਲੋਕਾਂ ਨੂੰ ਸਾਡਾ ਕੰਮ ਪਸੰਦ ਆਏਗਾ।

* ‘ਬੇਬੀ ਡੌਲ’ ਦੀ ਕਹਾਣੀ ਕੀ ਹੈ ਅਤੇ ਤੁਹਾਡਾ ਕੀ ਰੋਲ ਹੈ?

– ਇਹ ਮੇਰਾ ਪਹਿਲਾ ਹਿੰਦੀ ਆਡੀਓ ਸ਼ੋਅ ਹੈ। ਇਹ ਉਸੇ ਤਰ੍ਹਾਂ ਦੀ ਕਹਾਣੀ ਹੈ ਜਿਸ ਤਰ੍ਹਾਂ ਦੀ ਸਾਨੂੰ ਥ੍ਰਿਲਰ ਨਾਵਲਾਂ ਵਿੱਚ ਪੜ੍ਹਨ ਨੂੰ ਮਿਲਦੀ ਹੈ। ਛੋਟੇ ਕਸਬੇ ਦੀ ਗੁੰਡਾਗਰਦੀ ਅਤੇ ਸਿਆ-ਸਤ ਦੀ ਕਹਾਣੀ ਹੈ। ਮੇਰਾ ਕਰੈਕਟਰ ਕੁਝ ਅਜਿਹਾ ਹੈ ਕਿ ਮੈਂ ਇਸ ਵਿੱਚ ਸ਼ਹਿਰ ਦੇ ਇੱਕ ਵੱਡੇ ਬਾਹੂਬਲੀ ਨੂੰ ਵਾਰ-ਵਾਰ ਚੈਲੇਂਜ ਕਰਦੀ ਹਾਂ।

* ਜੈਦੀਪ ਦੇ ਨਾਲ ਕੰਮ ਕਰਨ ਦਾ ਐਕਸਪੀਰੀਅੰਸ ਕਿਸ ਤਰ੍ਹਾਂ ਦਾ ਰਿਹਾ?

– ਉਹ ‘ਗੈਂਗਸ ਆਫ ਵਾਸੇਪੁਰ’ ਵਿੱਚ ਮੇਰੇ ਸਹੁਰੇ ਦੀ ਭੂਮਿਕਾ ਵਿੱਚ ਸਨ, ਪਰ ਉਸ ਫਿਲਮ ਵਿੱਚ ਅਸੀਂ ਸਕਰੀਨ ਸ਼ੇਅਰ ਨਹੀਂ ਕੀਤੀ। ਅਸੀਂ 10 ਸਾਲ ਬਾਅਦ ਇਕੱਠੇ ਕੰਮ ਕੀਤਾ ਹੈ, ਜੋ ਕਰ ਕੇ ਬਹੁਤ ਮਜ਼ਾ ਆਇਆ। ਮੈਨੂੰ ਇਹ ਦੇਖ ਕੇ ਖੁਸ਼ੀ ਹੁੰਦੀ ਹੈ ਕਿ ‘ਪਾਤਾਲ ਲੋਕ' ਦੇ ਬਾਅਦ ਉਨ੍ਹਾਂ ਦਾ ਕਰੀਅਰ ਪੂਰੀ ਤਰ੍ਹਾਂ ਨਾਲ ਬੂਮ ਕਰ ਗਿਆ।

* ‘ਫੁਕਰੇ 3’ ਦੀ ਕੀ ਸਥਿਤੀ ਹੈ?

–ਉਸ ਦੀ ਸ਼ੂਟਿੰਗ ਜਾਰੀ ਹੈ। ਹਾਲ ਹੀ ਵਿੱਚ ਮੈਂ ਉਸ ਦਾ ਇੱਕ ਸ਼ਡਿਊਲ ਪੂਰਾ ਕੀਤਾ ਹੈ।ਬਾਕੀ ਤੁਸੀਂ ਜਾਣਦੇ ਹੀ ਹੋ ਕਿ ਇਸ ਪਾਰਟ ਵਿੱਚ ਵੀ ਮੇਰਾ ਕਿਰਦਾ ਭੋਲੀ ਪੰਜਾਬਣ ਕੁਝ ਨਵਾਂ ਕਰਾਈਮ ਤਾਂ ਕਰੇਗੀ।

## ‘ਧਾਕੜ’ ਵਿੱਚ ਮਾਫੀਆ ਡਾਨ ਬਣੀ ਦਿਵਿਆ ਦੱਤਾ




ਸਿਨੇਮਾਘਰਾਂ ਵਿੱਚ ਪਿੱਛੇ ਜਿਹੇਆਈ ਪੰਜਾਬੀ ਫਿਲਮ ‘ਮਾਂ’ ਵਿੱਚ ਪ੍ਰਸ਼ੰਸਕਾਂ ਨੇ ਅਭਿਨੇਤਰੀ ਦਿਵਿਆ ਦੱਤਾ ਨੂੰ ਮਾਂ ਦੇ ਰੂਪ ਵਿੱਚ ਵੇਖਿਆ ਹੈ। ਅੱਗੋਂ ਦਿਵਿਆ ਦੱਤਾ ਆਪਣੀ ਨਵੀਂ ਫਿਲਮ ‘ਧਾਕੜ’ ਵਿੱਚ ਮਾਫੀਆ ਡਾਨ ਦੀ ਭੂਮਿਕਾ ਵਿੱਚ ਨਜ਼ਰ ਆਵੇਗੀ। ਉਸ ਨੇ ਆਪਣੇ ਕੰਮ ਨੂੰ ਪਿਆਰ ਕਰਨ ਦੇ ਤਜਰਬੇ ਸਾਂਝੇ ਕੀਤੇ ਅਤੇ ਦੱਸਿਆ ਕਿ ਇਹੀ ਕਾਰਨ ਹੈ, ਜਿਹੜਾ ਉਸ ਨੂੰ ਮਾਂ ਤੋਂ ਮਾਫੀਆ ਡਾਨ ਦੇ ਕਿਰਦਾਰ ਤੱਕ ਲੈ ਜਾਂਦਾ ਹੈ। ‘ਧਾਕੜ’ ਵਿਚਲੇ ਆਪਣੇ ਕਿਰਦਾਰ ਬਾਰੇ ਦਿਵਿਆ ਨੇ ਆਖਿਆ, ‘‘ਮੈਂ ਰੋਹਿਨੀ ਦੇ ਕਿਰਦਾਰ ਤੋਂ ਪਹਿਲਾਂ ਕਦੇ ਅਜਿਹੀ ਭੂਮਿਕਾ ਨਹੀਂ ਨਿਭਾਈ। ਪਤਾਨਹੀਂ ਕਿਉਂ, ਪਰ ਹਰ ਵਾਰ ਐਕਸ਼ਨ ਤੇ ਕੱਟ ਦੌਰਾਨ ਕੁਝ ਵੱਖਰਾ ਤੇ ਖਾਸ ਹੁੰਦਾ ਹੈ। ਸਾਡੇ ਡਾਇਰੈਕਟਰ ਨੇ ਵੀ ਪੁੱਛਿਆ ਕਿ ਦਿ-ਵਆ ਵਿੱਚੋਂ ਇਹ ‘ਕਮੀਨਾਪਣ’ ਕਿੱਥੋਂ ਆ ਗਿਆ। ਮੈਂ ਹੱਸੀ ਅਤੇ ਕਿਹਾ ਕਿ ਮੈਨੂੰ ਇਸ ਕੰਮ ਲਈ ਕਸੂਰਵਾਰ ਨਾ ਠਹਿਰਾਓ। ਜੇ ਮੈਂ ਇਮਾਨਦਾਰੀ ਨਾਲ ਕਹਾਂ ਤਾਂ ਮੈਨੂੰ ਇੰਝ ਜਾਪਦਾ ਹੈ ਕਿ ਜਿੰਨਾ ਅਸੀਂ ਕਿਸੇ ਕਿਰਦਾਰ ਦੀ ਡੂੰਘਾਈ ਤੱਕ ਜਾਂਦੇ ਹਾਂ ਤਾਂ ਸਾਨੂੰ ਮਨੁੱਖੀ ਦਿਮਾਗ ਦੀ ਸੋਝੀ ਆਉਂਦੀ ਹੈ ਅਤੇ ਅਦਾਕ-ਾਰ ਹੋਣ ਦੇ ਨਾਤੇ ਇਹ ਮੇਰੇ ਲਈ ਖੁਦ ਨੂੰ ਤਰਾਸ਼ਣ ਵਾਂਗ ਹੈ।'’’

## ਫੈਮਿਲੀ ਡਰਾਮਾ ‘ਮਜ਼ਾ ਮਾ’ ਵਿੱਚ ਸਮਲਿੰਗੀ ਦਾ ਕਿਰਦਾਰ ਨਿਭਾਏਗੀ ਮਾਧੁਰੀ ਦੀਕਸ਼ਿਤ



ਮਾਧੁਰੀ ਦੀਕਸ਼ਿਤ ਕਾਫੀ ਸਮੇਂ ਤੋਂ ਡਿਜੀਟਲ ਡੈਬਿਊ ਬਾਰੇ ਸੁਰਖੀਆਂ ਵਿੱਚ ਸੀ। ਪਿੱਛੇ ਜਿਹੇ ਨੈੱਟਫਲਿਕਸ ਦੀ ਸੀਰੀਜ਼ ਵਿੱਚਉਸ ਨੇ ‘ਦ ਫੇਮ ਗੇਮ’ ਨਾਲ ਓ ਟੀ ਟੀ ਉੱਤੇ ਆਪਣਾ ਡੈਬਿਊ ਕੀਤਾ ਹੈ। ਅੱਗੋਂ ਖਬਰਾਂ ਹਨ ਕਿ ਫਿਲਮ ‘ਮਜ਼ਾ ਮਾ’ ਵਿੱਚ ਮਾਧੁਰੀ ਦੀਕਸ਼ਿਤ ਇੱਕ ਸਮਲਿੰਗੀ ਦਾ ਕਿਰਦਾਰ ਕਰੇਗੀ। ਇਸ ਵਿੱਚ ਦਿਖਾਇਆ ਜਾਏਗਾ ਕਿ ਕਿਵੇਂ ਉਸ ਦਾ ਸੈਕਸੁਅਲ ਇੰਟ੍ਰੈਸਟ ਵਿਵਾਦ ਦਾ ਕਾਰਨ ਬਣਦਾ ਹੈ। ਇਹ ਫੈਮਿਲੀ ਡਰਾਮਾ ਫਿਲਮ ਹੋਵੇਗੀ। ਫਿਲਮ ਵਿੱਚ ਉਹ ਇੱਕ ਅਜਿਹੀ ਮਾਂ ਦੀ ਭੂਮਿਕਾ ਨਿਭਾਏਗੀ, ਜੋ ਆਪਣੇ ਬੇਟੇ ਦੇ ਵਿਆਹ ਵਿੱਚ ਰੁਕਾਵਟ ਬਣ ਜਾਂਦੀ ਹੈ। ਸੂਤਰਾਂ ਅਨੁਸਾਰ ‘ਸਮਾਂ ਬਦਲ ਗਿਆ ਹੈ। ਪਿੱਛੇ ਜਿਹੇ ਭੂਮੀ ਪੇਡਨੇਕਰ ਨੇ ‘ਬਧਾਈ ਦੋ’ ਵਿੱਚ ਲੇਸਬੀਅਨ ਦਾ ਕਿਰਦਾਰ ਨਿਭਾਇਆ ਸੀ ਅਤੇ ਉਸ ਦੇ ਕਰੈਕਟਰ ਨੂੰ ਖੂਬਸੂਰਤੀ ਨਾਲ ਪੇਸ਼ ਕੀਤਾ ਗਿਆ ਸੀ। ਇਸੇ ਤਰ੍ਹਾਂ ਮਾਧੁਰੀ ਦੇ ਕਿਰਦਾਰ ਨੂੰ ‘ਮਜ਼ਾ ਮਾ’ ਵਿੱਚ ਸੰਵੇਦਨਸ਼ੀਲਤਾ ਨਾਲ ਹੈਂਡਲ ਕੀਤਾ ਗਿਆ।’’ ਫਿਲਮ ਵਿੱਚ ਗਜਰਾਜ ਰਾਓ, ਰਿਤਵਿਕ ਭੌਮਿਕ, ਰਜਿਤ ਕਪੂਰ, ਬਰਖਾ ਸਿੰਘ ਅਤੇ ਸਿਮੋਨ ਸਿੰਘ ਵੀ ਹਨ।

## ‘ਐੱਫ 3’ ਦੇ ਹਿੰਦੀ ਰੀਮੇਕ ਵਿੱਚ ਨਜ਼ਰ ਆ ਸਕਦੇ ਹਨ ਸ਼ਾਹਰੁਖ ਜਾਂ ਸਲਮਾਨ



ਦੱਗੁਬਾਤੀ, ਵੈਂਕਟੇਸ਼, ਤਮੰਨਾ ਭਾਟੀਆ ਤੇ ਵਰੁਮ ਤੇਜ ਸਟਾਰਰ ਫਿਲਮ ‘ਐੱਫ 3’ 27 ਮਈ ਨੂੰ ਰਿਲੀਜ਼ ਹੋਣੀ ਹੈ। ਇਹ ਤੇਲਗੂ ਭਾਸ਼ਾ ਫਿਲਮ ਹੈ। ਇਸ ਦੇ ਰਿਲੀਜ਼ ਤੋਂ ਪਹਿਲਾਂ ਇਸ ਦੇ ਹਿੰਦੀ ਰੀਮੇਕ ਬਾਰੇ ਅਟਕਲਾਂ ਚੱਲ ਪਈਆਂ ਹਨ। ਜਾਣਕਾਰ ਸੂਤਰਾਂ ਮੁਤਾਬਕ ਡਾਇਰੈਕਟਰ ਅਨਿਲ ਰਵੀਪੁਦੀ ਸ਼ਾਹਰੁਖ ਖਾਨ ਜਾਂ ਸਲਮਾਨ ਖਾਨ ਵਿੱਚੋਂ ਇੱਕ ਨੂੰ ਹਿੰਦੀ ਰੀਮੇਕ ਲਈ ਕਾਸਟ ਕਰਨਾ ਚਾਹੁੰਦੇ ਹਨ।

ਅਨਿਲ ਨੇ ਦੱਸਿਆ, ‘‘ਮੈਂ ‘ਐੱਫ 2’ ਦੀ ਹਿੰਦੀ ਰੀਮੇਕ ਵਿੱਚ ਨਹੀਂ ਹਾਂ। ਮੈਂ ‘ਐੱਫ 3’ ਦੀ ਹਿੰਦੀ ਰੀਮੇਕ ਨਾਲ ਜੁੜਨਾ ਚਾਹੁੰਦਾ ਹਾਂ। ਮੈਂ ਪ੍ਰੋਡਿਊਸਰ ਦਿਲ ਰਾਜੂ ਨੂੰ ਇਸ ਦੀ ਹਿੰਦੀ ਰੀਮੇਕ ਵਿੱਚ ਕੰਮ ਕਰਨ ਦੀ ਇੱਛਾ ਪਹਿਲਾਂ ਹੀ ਦੱਸ ਦਿੱਤੀ ਹੈ। ਮੇਰੇ ਲਈ ਵੈਂਕਟੇਸ਼ ਦੇ ਕਿਰਦਾਰ ਲਈ ਸਲਮਾਨ ਜਾਂ ਸ਼ਾਹਰੁਖ ਸਹੀ ਬਦਲ ਹੋਣਗੇ। ਉਹ ਅੱਜਕੱਲ੍ਹ ਐਕਸ਼ਨ ਸਿਨੇਮਾ ਕਰ ਰਹੇ ਹਨ ਜਾਂ ਡਰਾਮਾ, ਪਰ ਪੂਰੀ ਤਰ੍ਹਾਂ ਇੰਟਰਟੇਨਰ ਫਿਲਮ ਉਨ੍ਹਾਂ ਦੇ ਖਾਤੇ ਵਿੱਚ ਨਹੀਂ ਹੈ। ਬਾਲੀਵੁੱਡ ਦੇ ਦਰਸ਼ਕ ਉਨ੍ਹਾਂ ਨੂੰ ਇਸ ਤਰ੍ਹਾਂ ਦੀ ਕਾਮੇਡੀ ਵਿੱਚ ਦੇਖਣਾ ਪਸੰਦ ਕਰਨਗੇ।’’ਦੱਸਣਾ ਬਣਦਾ ਹੈ ਕਿ ਫਿਲਮ ਦੀ ਕਹਾਣੀ ਅਨਿਲ ਰਵੀਪੁਦੀ ਨੇ ਲਿਖੀ ਹੈ ਅਤੇ ਉਨ੍ਹਾਂ ਨੇ ਹੀ ਨਿਰਦੇਸ਼ਨ ਵੀ ਕੀਤਾ ਹੈ।

# ਉਂਟੇਰੀਓ ਚੋਣਾਂ: ਨੀਲੇ ਰੰਗ ਦੀ ਚੜ੍ਹਤ ਬਰਕਰਾਰ
















...ਪੰਨਾ 1 ਦਾ ਬਾਕੀ

ਇਸਦੇ ਉਲਟ ਡੱਗ ਫੋਰਡ ਸਰਕਾਰ ਦੇ ਵਿਰੋਧੀ ਵੀ ਇਸ ਗੱਲ ਨਾਲ ਸਹਿਮਤ ਹਨ ਕਿ ਪਿਛਲੇ ਚਾਰ ਸਾਲਾਂ ਦੌਰਾਨ ਉਹਨਾਂ ਦੇ ਇੱਕ ਵੀ ਅਜਿਹਾ ਨੁਕਤਾ ਹੱਥ ਨਹੀਂ ਆਇਆ ਜਿਸਨੂੰ ਉਹ ਸਕੈਂਡਲ ਦੀ ਰੰਗਤ ਦੇ ਸੱਕਣ। ਫੋਰਡ ਸਰਕਾਰ ਦਾ ਅਕਸ ਉਸ ਵੇਲੇ ਬਣਿਆ ਹੈ ਜਦੋਂ ਬਹੁ ਗਿਣਤੀ ਮੀਡੀਆ ਡੱਗ ਫੋਰਡ ਨੂੰ ਅੱਖੀਂ ਨਹੀਂ ਸੁਖਾਂਦਾ। ਉਂਟੇਰੀਓ ਵਾਸੀ ਇਸ ਗੱਲ ਨੂੰ ਸਮਝਦੇ ਹਨ ਕਿ ਗੱਲਾਂ ਨਾਲੋਂ ਅਮਲਾਂ ਦਾ ਵਧੇਰੇ ਮੁੱਲ ਹੁੰਦਾ ਹੈ।

ਜੇ ਗੱਲ ਅਮਲਾਂ ਦੀ ਨਾ ਹੋਵੇ ਤਾਂ ਕੌਣ ਸੋਚ ਸਕਦਾ ਹੈ ਕਿ ਉਂਟੇਰੀਓ ਵਿੱਚ ਯੂਨੀਅਨਾਂ ਕੰਜ਼ਰਵੇਟਿਵ ਪਾਰਟੀ ਨੂੰ ਸਮਰੱਥਨ ਦੇਣਗੀਆਂ ਜਦੋਂ ਕਿ ਯੂਨੀਅਨਾਂ ਦਾ ਇਤਿਹਾਸ ਤਾਂ ਲੱਖਾਂ ਡਾਲਰ ਖਰਚ ਕਰਕੇ ਟੋਰੀਆਂ ਦਾ ਵਿਰੋਧ ਕਰਨ ਦਾ ਰਿਹਾ ਹੈ। ਕਾਰਣ ਇਹ ਕਿ ਯੂਨੀਅਨਾਂ ਇਸ ਗੱਲ ਦੀ ਸ਼ਲਾਘਾ ਕਰਨ ਲੱਗ ਪਈਆਂ ਹਨ ਕਿ ਮਿਹਨਤਕਸ਼ ਵਰਗ ਨੂੰ ਰੁਜ਼ਗਾਰ ਚਾਹੀਦਾ ਹੈ ਨਾ ਕਿ ਗੱਲਾਂ। ਹਾਲੇ ਦੋ ਦਿਨ ਪਹਿਲਾਂ ਹੀ ਇੰਟਰਨੈਸ਼ਨਲ ਯੂਨੀਅਨ ਆਫ ਪੇਂਟਰਜ਼ ਐਂਡ ਅਲਾਈਡ ਟਰੇਡਜ਼ ਨੇ ਕੰਜ਼ਰਵੇਟਿਵ ਪਾਰਟੀ ਨੂੰ ਸਮਰੱਥਨ ਦੇਣ ਦਾ ਐਲਾਨ ਕੀਤਾ ਹੈ। ਹੁਣ ਤੱਕ ਪੰਜ ਯੂਨੀਅਨਾਂ ਉਂਟੇਰੀਓ ਕੰਜ਼ਰਵੇਟਿਵਾਂ ਦੀ ਪਿੱਠ ਥਾਪੜ ਚੁੱਕੀਆਂ ਹਨ।

'ਜਿੱਥੇ ਚੋਣਾਂ ਦੇ ਦਿਨਾਂ ਵਿੱਚ ਸਾਬਕਾ ਪ੍ਰੀਮੀਅਰ ਕੈਥਲਿਨ ਵਿੰਨ ਦੀ ਲੀਡਰਸ਼ਿੱਪ ਵਿੱਚ ਪਬਲਿਕ ਦਾ ਭਰੋਸਾ ਉੱਠ ਚੁੱਕਾ ਸੀ, ਉੱਥੇ ਡੱਗ ਫੋਰਡ ਦੀ ਲੀਡਰਸ਼ਿੱਪ ਵਿੱਚ ਪਬਲਿਕ ਦਾ ਭਰੋਸਾ ਵੱਧਦਾ ਜਾ ਰਿਹਾ ਹੈ, ਇਹ ਸ਼ਬਦ Abacus Data ਦੇ ਚੀਫ ਐਗਜ਼ੈਕਟਿਵ ਅਫ਼ਸਰ ਡੇਵਿਡ ਕੋਲੈਟੋ ਦੇ ਹਨ। ਕੋਲੈਟੋ ਅਨੁਸਾਰ ਕੰਜ਼ਰਵੇਟਿਵ ਪਾਰਟੀ ਨੂੰ ਡੱਗ ਫੋਰਡ ਦੀ ਵਜਹ ਕਾਰਣ ਅੱਜ ਉਹ ਲੋਕ ਵੀ ਵੋਟ ਪਾਉਣ ਲਈ ਤਿਆਰ ਹਨ ਜਿਹੜੇ ਰਿਵਾਇਤਨ ਹੋਰ ਪਾਰਟੀਆਂ ਦੇ ਸਮਰੱਥਕ ਰਹੇ ਹਨ। 'ਜੇ ਜਾਣੀਆਂ ਪਹਿਚਾਣੀਆਂ ਦੁਕਾਨਾਂ ਤੋਂ ਚੰਗੀ ਚੀਜ਼ ਨਾ ਮਿਲੇ ਤਾਂ ਤੁਸੀਂ ਉਸ ਦੁਕਾਨ ਜਾਂਦੇ ਹੋ ਜਿਸਦੀ ਭਰੋਸੇਯੋਗਤਾ ਉੱਤੇ ਤੁਹਾਨੂੰ ਸ਼ੱਕ ਨਹੀਂ ਹੁੰਦਾ, ਇਸ ਵਾਸਤੇ ਬੇਸ਼ੱਕ ਥੋੜਾ ਦੂਰ ਅਟੇ ਅਨਜਾਣ ਮਾਰਕੀਟ ਵਿੱਚ ਹੀ ਕਿਉਂ ਨਾ ਜਾਣਾ ਪਵੇ", ਇਹ ਸ਼ਬਦ ਬਰੈਂਪਟਨ ਈਸਟ ਦੇ ਇੱਕ ਸਾਬਕਾ ਲਿਬਰਲ ਸੁਪੋਰਟਰ ਦੇ ਹਨ।

ਜਦੋਂ ਗੱਲ ਬਰੈਂਪਟਨ ਈਸਟ ਅਤੇ ਉਂਟੇਰੀਓ ਚੋਣਾਂ ਦੀ ਆਉਂਦੀ ਹੈ ਤਾਂ ਧਿਆਨ ਲਿਬਰਲ ਉਮੀਦਵਾਰ ਜੰਨਤ ਗਰੇਵਾਲ ਦੇ ਉਸ ਬਿਆਨ ਵੱਲ ਜਾਂਦਾ ਹੈ ਜਿਸ ਵਿੱਚ ਉਸਨੇ 413 ਹਾਈਵੇਅ ਬਣਾਉਣ ਦੇ ਹੱਕ ਵਿੱਚ ਦਿੱਤਾ ਹੈ। ਪੀਲ ਵਾਸੀਆਂ ਦੀ ਮੁੱਢਲੀ ਲੋੜ ਹੋਣ ਦੇ ਬਾਵਜੂਦ ਲਿਬਰਲ ਪਾਰਟੀ 413 ਹਾਈਵੇਅ ਦਾ ਸਮਰੱਥਨ ਨਹੀਂ ਕਰ ਰਹੀ ਪਰ ਜੰਨਤ ਦਾ ਬਿਆਨ ਸਥਾਨਕ ਲੋਕਾਂ ਦੀ ਦਿਲੀ ਇੱਛਾ ਦੀ ਤਰਜਮਾਨੀ ਕਰਦਾ ਹੈ। ਇਹ ਵੱਖਰੀ ਗੱਲ ਹੈ ਕਿ ਲਿਬਰਲ ਲੀਡਰਸ਼ਿੱਪ ਦੇ ਦਬਾਅ ਵਿੱਚ ਜੰਨਤ ਨੇ ਆਪਣਾ ਸਟੈਂਡ ਬਦਲ ਲਿਆ ਹੈ। ਬਰੈਂਪਟਨ ਈਸਟ ਤੋਂ ਪੀ. ਸੀ. ਉਮੀਦਵਾਰ ਹਰਦੀਪ ਗਰੇਵਾਲ ਮੁਤਾ-ਬਕ 'ਜਦੋਂ ਗੱਲ ਬਰੈਂਪਟਨ ਦੀ ਆਉਂਦੀ ਹੈ ਤਾਂ ਕੰਜ਼ਰਵੇਟਿਵ ਲੀਡਰਸ਼ਿੱਪ ਨੂੰ ਸਪੱਸ਼ਟ ਹੈ ਕਿ ਇੱਥੇ ਹਸਤਪਾਲਾਂ, ਲੌਂਗ ਟਰਮ ਕੇਅਰ ਸਹੂਲਤਾਂ ਦੀ ਭਾਰੀ ਲੋੜ ਹੈ ਜਿਸਨੂੰ ਪਿਛਲੇ ਚਾਰ ਸਾਲਾਂ ਵਿੱਚ ਸਥਾਨਕ ਐਮ ਪੀ ਪੀਆਂ ਪ੍ਰਭਮੀਤ ਸਰਕਾਰੀਆ ਅਤੇ ਅਮਨਜੋਤ ਸੰਧੂ ਨੇ ਵੱਡੀਆਂ ਗਰਾਂਟਾਂ ਰਾਹੀਂ ਸੰਭਵ ਬਣਾਇਆ ਹੈ'।

'ਜੇ ਦੋ ਐਮ ਪੀ ਪੀ ਬਰੈਂਪਟਨ ਲਈ ਐਨਾ ਕੰਮ ਕਰ ਸਕਦੇ ਹਨ ਤਾਂ 2 ਜੂਨ ਨੂੰ ਬਰੈਂਪਟਨ ਤੋਂ ਚੁਣੇ ਪੰਜ ਕੰਜ਼ਰਵੇਟਿਵ ਐਮ ਪੀ ਪੀ ਹੋਰ ਬਹੁਤ ਜ਼ਿਆਦਾ ਕਰ ਸਕੰਣਗੇ' ਹਰਦੀਪ ਗਰੇਵਾਲ ਦਾ ਵਿਸ਼ਵਾਸ਼ ਹੈ ਜੋ ਬਰੈਂਪਟਨ ਦੇ ਹੋਰ ਕੰਜ਼ਰਵੇਟਿਵ ਉਮੀਦਵਾਰਾਂ ਵਾਂਗੂੰ ਲੀਡ ਵਿੱਚ ਚੱਲ ਰਿਹਾ ਹੈ।

ਉਂਟੇਰੀਓ ਵਾਸੀ 'ਐਨ ਡੀ ਪੀ' ਫੈਡਰਲ ਲੀਡਰ ਜਗਮੀਤ ਸਿੰਘ ਦੁਆਰਾ ਪ੍ਰੋਵਿੰਸ਼ੀਅਲ ਚੋਣਾਂ ਵਿੱਚ ਧੂੰਆਂਧਾਰ ਚੋਣ ਪ੍ਰਚਾਰ ਕਰਨ ਪਿੱਛੇ ਇਰਾਦਿਆਂ ਬਾਰੇ ਸੁਆਲ ਕਰ ਰਹੇ ਹਨ। ਚੋਣ ਅੰਕੜਿਆਂ ਵਿੱਚ ਦਿਲਚਸਪੀ ਰੱਖਣ ਵਾਲੇ ਲੋਕਾਂ ਦਾ ਅੰਦਾਜ਼ਾ ਹੈ ਕਿ ਜਗਮੀਤ ਸਿੰਘ ਇਸ ਵਾਰ ਪ੍ਰੋਵਿੰਸ਼ੀਅਲ ਚੋਣਾਂ ਵਿੱਚ ਜਿੰਨਾ ਸਮਾਂ ਅਤੇ ਧਨ ਖਰਚ ਕਰ ਰਹੇ ਹਨ, ਐਨਾ ਉਹਨਾਂ ਨੇ ਪਿਛਲੀਆਂ ਫੈਡਰਲ ਚੋਣਾਂ ਦੌਰਾਨ ਵੀ ਨਹੀਂ ਸੀ ਕੀਤਾ। ਕਈ ਥਾਵਾਂ ਉੱਤੇ ਉਹ ਐਨ ਡੀ ਪੀ ਆਗੂ ਐਂਡਰੀਆ ਹਾਵਰਥ ਤੋਂ ਬਗੈਰ ਵੀ ਜਾ ਚੁੱਕੇ ਹਨ। ਪ੍ਰੋਵਿੰਸ਼ੀਅਲ ਚੋਣਾਂ ਵਿੱਚ ਸਰਗਰਮ ਚੋਣ ਪ੍ਰਚਾਰ ਕਰਨ ਵਾਲੇ ਉਹ ਵਾਹਦ ਇੱਕੋ ਇੱਕ ਫੈਡਰਲ ਲੀਡਰ ਹਨ। ਇਹ ਸਿਆਸੀ ਨੇਕ ਨੀਅਤੀ ਦੀ ਨਿਸ਼ਾਨੀ ਹੈ ਜਾਂ ਮੌਕਾਪ੍ਰਸਤੀ ਦੀ? ਇਹ ਸੁਆਲ ਬਰੈਂਪਟਨ ਵਾਸੀ ਹਰਨੇਕ ਸਿੰਘ ਕਰਦਾ ਹੈ। ਉਹ ਆਖਦਾ ਹੈ ਕਿ ਉਸਨੂੰ ਬੀਤੇ ਵਿੱਚ ਐਨ ਡੀ ਪੀ ਵੱਲੋਂ ਲਿਬਰਲ ਸਰਕਾਰ ਤੋਂ 15% ਆਟੋ ਬੀਮਾ ਘੱਟ ਕਰਵਾਉਣ ਦਾ ਥੋਥਾ ਵਾਅਦਾ ਅੱਜ ਤੱਕ ਚੇਤੇ ਹੈ। ਹਰਨੇਕ ਸਿੰਘ ਨੂੰ ਇਹ ਵੀ ਚੇਤੇ ਹੈ ਕਿ ਪਿਛਲੀਆਂ ਫੈਡਰਲ ਚੋਣਾਂ ਵਿੱਚ ਜਗਮੀਤ ਸਿੰਘ ਨੇ ਬਰੈਂਪਟਨ ਸਿਵਕ ਸਾਹਮਣੇ ਖੜਾ ਹੋ ਕੇ ਐਲਾਨ ਕੀਤਾ ਸੀ ਕਿ ਉਹ ਸਥਾਨਕ ਵਾਸੀਆਂ ਦੀਆਂ ਸਿਹਤ ਲੋੜਾਂ ਨੂੰ ਪੂਰਾ ਕਰਨ ਲਈ ਫੈਡਰਲ ਸਰਕਾਰ ਤੋਂ ਵਧੇਰੇ ਫੰਡ ਲਿਆ ਕੇ ਦੇਵੇਗਾ। ਉਹ ਹੈਰਾਨ ਹੈ ਕਿ ਹੁਣ ਤਾਂ ਫੈਡਰਲ ਲਿਬਰਲਾਂ ਨੂੰ ਜਗਮੀਤ ਸਿੰਘ ਨੇ ਸੱਤਾ ਸੰਭਾਲਣ ਦਾ ਲਿਖਤੀ ਫੁਰਮਾਨ ਦਿੱਤਾ ਹੈ, ਤਾਂ ਫੰਡਾਂ ਵਿੱਚ ਦੇਰੀ ਕਿਉਂ?

ਗਰੇਟਰ ਟੋਰਾਂਟੋ ਏਰੀਆ ਦੇ ਵੋਟਰ ਵਧੇਰੇ ਕਰਕੇ ਇੰਮੀਗਰਾਂਟ ਹਨ। ਇਹ ਵੋਟਰ ਇਸ ਗੱਲ ਨੂੰ ਅੱਖੋਂ ਉਹਲੇ ਨਹੀਂ ਕਰ ਰਹੇ ਕਿ ਕੰਜ਼ਰਵੇਟਿਵ ਪਾਰਟੀ ਨੇ ਉਂਟੇਰੀਓ ਇੰਮੀਗਰਾਂਟ ਨੌਮੀਨੀ ਪ੍ਰੋਗਰਾਮ ਨੂੰ ਮਜ਼ਬੂਤ ਕਰਨ ਲਈ ਕਈ ਮਿਲੀਅਨ ਡਾਲਰ ਨਿਰਧਾਰਤ ਕੀਤੇ ਹਨ। ਅਜਿਹਾ ਕਰਨਾ ਜਰੂਰੀ ਵੀ ਹੈ ਕਿਉਂਕਿ ਉਂਟੇਰੀਓ ਵਿੱਚ ਦਿਨ 3 ਲੱਖ ਜੌਬਾਂ ਖਾਲੀ ਪਈਆਂ ਹਨ ਜਿਹਨਾਂ ਨੂੰ ਪੂਰਾ ਕਰਨ ਲਈ ਇੰਮੀਗਰਾਂਟ ਯੋਗਦਾਨ ਪਾ ਸਕਦੇ ਹਨ। 2 ਜੂਨ ਨੂੰ ਇਹ ਇੰਮੀਗਰਾਂਟ ਵੋਟਰ ਹੀ ਹਨ ਜੋ ਤੈਅ ਕਰਨਗੇ ਕਿ ਅਗਲੀ ਸਰਕਾਰ ਕਿਸ ਪਾਰਟੀ ਦੀ ਬਣੇਗੀ।

## ਹੁਆਵੇ ਤੇ ਜ਼ੈੱਡ ਟੀ ਈ ਉੱਤੇ ਪਾਬੰਦੀ ਲਾਵੇਗਾ ਕੈਨੇਡਾ

ਓਟਵਾ, 19 ਮਈ (ਪੋਸਟ ਬਿਊਰੋ) : ਕੈਨੇਡਾ ਵੱਲੋਂ ਚੀਨ ਦੀ ਹੁਆਵੇ ਤਕਨਾਲੋਜੀਜ਼ ਤੇ ਜੈੱਡ ਟੀ ਈ, ਇੱਕ ਹੋਰ ਚੀਨੀ ਕੰਪਨੀ, ਨੂੰ ਦੇਸ਼ ਦੀ ਸਕਿਊਰਿਟੀ ਨੂੰ ਖਤਰਾ ਦੱਸ ਕੇ 5ਜੀ ਵਾਇਰਲੈੱਸ ਨੈੱਟਵਰਕਸ ਵਿੱਚ ਹਿੱਸਾ ਲੈਣ ਤੋਂ ਰੋਕਿਆ ਜਾ ਰਿਹਾ ਹੈ।

ਕੈਨੇਡਾ ਦੀਆਂ ਟੈਲੀਕਮਿਊਨਿਕੇਸ਼ਨ ਕੰਪਨੀਆਂ ਆਪਣੇ ਨੈੱਟਵਰਕ ਵਿੱਚ ਇਨ੍ਹਾਂ ਚੀਨੀ ਕੰਪਨੀਆਂ ਦੇ ਕਿਸੇ ਵੀ ਪ੍ਰੋਡਕਟ ਜਾਂ ਸੇਵਾਵਾਂ ਨੂੰ ਸ਼ਾਮਲ ਨਹੀਂ ਕਰ ਸਕਣਗੀਆਂ। ਜਿਨ੍ਹਾਂ ਪ੍ਰੋਵਾਈਡਰਜ਼ ਵੱਲੋਂ ਪਹਿਲਾਂ ਹੀ ਇਨ੍ਹਾਂ ਕੰਪਨੀਆਂ ਦੇ ਇਕਿਉਪਮੈਂਟ ਨੂੰ ਇਨ-ਸਟਾਲ ਕੀਤਾ ਹੋਇਆ ਹੈ ਉਨ੍ਹਾਂ ਨੂੰ ਇਨ੍ਹਾਂ ਦੀ ਵਰਤੋਂ ਬੰਦ ਕਰਨੀ ਹੋਵੇਗੀ



ਤੇ ਇਨ੍ਹਾਂ ਨੂੰ ਹਟਾਉਣਾ ਹੋਵੇਗਾ।

ਇਨੋਵੇਸ਼ਨ, ਸਾਇੰਸ ਤੇ ਇੰਡਸਟਰੀ ਮੰਤਰੀ ਫਰੈਂਕੋਇਸ ਫਿਲਿਪ ਸ਼ੈਂਪੇਨ ਤੇ ਪਬਲਿਕ ਸੇਫਟੀ ਮੰਤਰੀ ਮਾਰਕੋ ਮੈਂਡੀਸਿਨੋ ਨੇ ਵੀਰਵਾਰ ਨੂੰ ਓਟਵਾ ਵਿੱਚ ਇਨ੍ਹਾਂ ਹਾਈ ਰਿਸਕ ਵੈਂਡਰਜ਼ ਉੱਤੇ ਰੋਕ ਲਾਉਣ ਦੇ ਫੈਸਲੇ ਸਬੰਧੀ ਐਲਾਨ ਕੀਤਾ। ਫੈਡਰਲ ਸਰਕਾਰ ਦਾ ਕਹਿਣਾ ਹੈ ਕਿ ਉਹ ਜਲਦ ਹੀ ਟੈਲੀਕਮਿਊਨਿਕੇਸ਼ਨ ਐਕਟ ਵਿੱਚ ਸੋਧ ਕਰਨ ਲਈ ਬਿੱਲ ਪੇਸ਼ ਕਰੇਗੀ। ਇਸ ਤਹਿਤ ਵਿੱਤ, ਟੈਲੀਕਮਿਊਨਿਕੇਸ਼ਨਜ਼, ਐਨਰਜੀ ਤੇ ਟਰਾਂਸਪੋਰਟ ਸੈਕਟਰਜ਼ ਵਿੱਚ ਕੈਨੇਡਾ ਨੂੰ ਦਰਪੇਸ਼ ਖਤਰਿਆਂ ਦੇ ਮੱਦੇਨਜ਼ਰ ਕੈਨੇਡਾ ਦੇ ਟੈਲੀਕਮਿਊਨਿਕੇਸ਼ਨ ਸਿਸਟਮ ਨੂੰ ਹੋਰ ਮਜ਼ਬੂਤ ਕੀਤਾ ਜਾਵੇਗਾ।

ਇਸ ਮੌਕੇ ਮੈਂਡੀਸਿਨੋ ਨੇ ਆਖਿਆ ਕਿ ਨਵੇਂ ਕਾਨੂੰਨ ਨਾਲ ਅਜਿਹਾ ਫਰੇਮਵਰਕ ਕਾਇਮ ਕੀਤਾ ਜਾਵੇਗਾ ਜਿਹੜਾ ਦੇਸ਼ ਦੀ ਸਕਿਊਰਿਟੀ ਨੂੰ ਬਿਹਤਰ ਢੰਗ ਨਾਲ ਮਹਿਫੂਜ਼ ਰੱਖਣ ਲਈ ਕੰਮ ਕਰੇਗਾ। ਇਸ ਦੇ ਨਾਲ ਹੀ ਨਿੱਤ ਵੱਧ ਰਹੀਆਂ ਸਾਈਬਰ ਧਮਕੀਆਂ ਨਾਲ ਨਜਿੱਠਣ ਲਈ ਸਰਕਾਰ ਨੂੰ ਨਵਾਂ ਸੰਦ ਮੁਹੱਈਆ ਕਰਾਵੇਗਾ।

" LET US ONCE AGAIN, DELIVER FOR YOU "

ELECT

HARDEEP
GREWAL
CANDIDATE FOR BRAMPTON-EAST



" ਬਰੈਂਪਟਨ ਵਿਕਾਸ ਦੇ ਰਾਹ ਤੇ "

- ✓ 413 ਹਾਈਵੇ
- ✓ ਬਰੈਂਪਟਨ ਲਈ ਦੂਜਾ ਵੱਡਾ ਹਸਪਤਾਲ
- ✓ RYERSON ਮੈਡੀਕਲ ਸਕੂਲ
- ✓ ਤਿੰਨ ਨਵੇਂ ਲੌਂਗ ਟਰਮ ਕੇਅਰ ਹੋਮ
- ✓ ਬਰੈਂਪਟਨ ਤੋਂ ਮਿਸੀਸਾਗਾ LRT

ONTARIO PC

AUTHORIZED BY THE CFO OF THE BRAMPTON-EAST RIDING ASSOCIATION

OFFICE NUMBER: (416) 843-2203 | CAMPAIGN OFFICE ADDRESS: 9280 GOREWAY DRIVE, BRAMPTON, ON L6T 0C4

Tri-City Professional Realty Inc., Brokerage. The Future of Real Estate
www.TriCityPro.com

Number 1. Tri-City agent in Canada on basis of sales volume 2021

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 36 ਸਾਲਾ ਤਜਰਬੇ ਵਾਲੇ

ਅਵਤਾਰ ਸਿੰਘ ਟਿਵਾਣਾ

NEED MORE LISTINGS

- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana
Sales Representative



Tel: 905.793.5777
416.802.5866
31 Melanie Dr. Unit #4 Brampton, ON L6T 5H8



SOLD
$1,399,999
CASTLEMORE/GOREWAY
ਬਰੈਂਪਟਨ ਵਿਚ ਬਹੁਤ ਹੀ ਸੋਹਣਾ ਅਤੇ ਸਾਫ ਸੁਥਰਾ 3500-5000 ਸਕੇਅਰ ਫੁੱਟ ਦਾ 4 ਬੈਡਰੂਮ ਅਤੇ 5 ਵਾਸ਼ਰੂਮ ਦਾ ਘਰ, ਫਿਨਿਸ਼ਡ ਬੇਸਮੈਂਟ ਵਿਚ ਕਿਚਨ ਅਤੇ ਸੈਪਰੇਟ ਐਂਟਰੈਂਸ, ਮੇਨ ਫਲੋਰ 'ਤੇ 9 ਫੁੱਟ ਦੀ ਸੀਲਿੰਗ, ਫਾਰਮਲ ਲਿਵਿੰਗ, ਡਾਈਨਿੰਗ ਅਤੇ ਫੈਮਿਲੀ ਰੂਮ, ਮੇਨ ਫਲੋਰ ਤੇ ਡੈਨ, ਅਪਗ੍ਰੇਡ ਕਿਚਨ ਅਤੇ ਗਰੇਨਾਈਟ ਕਾਊਂਟਰ ਟਾਪ, 2 ਫਰਿਜ, 2 ਸਟੋਵ, 1 ਡਿਸ਼ਵਾਸ਼ਰ, ਕੱਪੜੇ ਧੋਣ ਲਈ ਮੇਨ ਫਲੋਰ 'ਤੇ ਵਾਸ਼ਰ ਅਤੇ ਡਰਾਈਅਰ, 4 ਕਾਰ ਪਾਰਕਿੰਗ ਨਾਲ ਡਬਲ ਗੈਰੇਜ। ਸਾਰੀਆਂ ਸਹੂਲਤਾਂ ਦੇ ਨੇੜੇ




SOLD
$1,749,900
8337 ਗਲਫ ਲਾਈਨ
401 & ਗਲਫ ਲਾਈਨ ਏਰੀਆ ਵਿਚ 2.61 ਏਕੜ ਲਾਟ ਵਿਚ ਬਣਿਆ ਬਹੁਤ ਹੀ ਸੁੰਦਰ ਘਰ। ਜਿਸ ਵਿਚ 2 ਬੈਡਰੂਮ, 1 ਵਾਸ਼ਰੂਮ ਹੈ। ਆਪਣਾ ਮਨਪਸੰਦ ਦਾ ਕਸਟਮ ਡਰੀਮ ਹਾਊਸ ਬਣਾਉਣ ਲਈ ਪਰਮਿਟ ਅਪਰੂਵਡ। ਹਾਈਵੇ 410 ਅਤੇ ਟਾਊਨ ਆਫ ਮਿਲਟਨ ਦੇ ਨਜ਼ਦੀਕ। ਏਅਰਪੋਰਟ ਤੋਂ ਕੁਝ ਹੀ ਮਿੰਟਾਂ ਦੀ ਦੂਰੀ ਉਤੇ। ਹੋਰ ਜਿਆਦਾ ਜਾਣਕਾਰੀ ਲਈ ਕਾਲ ਕਰੋ: 416-802-5866



SOLD
$1,950,000
26 Yellow RomeRd
ਕੈਸਲਮੋਰ/ਗੋਰਵੇ
ਕੈਸਲਮੋਰ/ਗੋਰਵੇ ਦੇ ਏਰੀਆ ਵਿਚ ਬਹੁਤ ਹੀ ਸੁੰਦਰ ਫੁਲੀ ਅਪਗ੍ਰੇਡਡ ਘਰ। 4 ਬੈਡਰੂਮ ਵਿਚ ਇਨਸੂਟ ਅਤੇ ਵਾਕਇਨ ਕਲਾਜ਼ਿਟ, ਮਾਡਰਨ ਕਿਚਨ ਗ੍ਰੇਨਾਈਟ ਕਉਂਟਰ ਟਾਪ ਦੇ ਨਾਲ। 2 ਬੈਡਰੂਮਜ਼ ਦੀ ਫਿਨਿਸ਼ਡ ਬੇਸਮੈਂਟ ਵਿਚ ਸੈਪਰੇਟ ਐਂਟਰੈਂਸ, 6 ਵਾਸ਼ਰੂਮ, 2 ਫਰਿਜ, 2 ਸਟੋਵ, ਦੂਸਰੀ ਮੰਜ਼ਲ ਉਤੇ ਲਾਊਂਡਰੀ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ

ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
ਸੈਰ ਸਪਾਟੇ ਨਾਲ ਹੁਣ ਕਰੋ ਕਮਾਈ

Flyer Distribution



ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ਼ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ

ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ। 647-218-7043 647-208-7011

Urgently Need New Listings in Brampton/Caledon
visit: www.teamjagaujla.com




Call JAG AUJLA
MCNE, REAL ESTATE BROKER
DIR: 416-371-7777
j.aujla@rogers.com www.jagaujla.com
Follow Us:
GUARANTEED
MCNE

CALL JAG FOR A QUICK & FREE HOME EVALUATION
www.BramptonTopRealtor.com www.BramptonTopAgent.com

URGENTLY NEED NEW LISTINGS IN THIS AREA
RECENTLY LISTED/SOLD IN YOUR NEIGHBOURHOOD BY JAG AUJLA

JUST LISTED FOR SALE



2nd Dwelling Unit Basement
Highway 10 & Bovaird Dr. (LEGAL BASEMENT APARTMENT)
Spotless & Gorgeous ,Semi-Detached Offering 3 + 1 Bedrooms + 4 Washrooms With ** Legal Finished Basement Apartment ** & Separate Entrance; Front Covered Porch; No Carpet ; Spacious Living Room Comes With Gas Fireplace , Pot Lights Laminate Floor; Wood Stair Case; Upgraded Kitchen With Porcelain Floor Tiles, Quartz Counter Top, Backlashes & Stainless Steel Appliances; Separate Dining Area Leads To Back Yard Patio; Master Bedroom Has 4 Pc Ensuite & His/ Her Closet; Roof Shingles (2016); Furnace, Humidifier, Thermostat (2017) ; Ac Unit (2020)
Jag Aujla For Details @ 416-371-7777

JUST SOLD



8 Dayspring Circ 1421, Brampton
HIGHEST PRICE SOLD IN 8 DAYSPRING CIRC IN THIS MARKET OF MAY 2022
URGENTLY NEED NEW LISTINGS IN THIS AREA




SOLD $315,000 OVER ASKING IN 3 DAYS
88 Likdale Rd
Williams Pkwy / Centre



SOLD $155,000 OVER ASKING IN 2 DAYS TO MY BUYER
13 Trailridge Dr
Williams Pkwy / Royal Orchard




SOLD $96,000 OVER ASKING IN 2 DAYS TO MY BUYER
26 Hanover Rd
Queen St. / Dixie Rd



SOLD $215,000 OVER ASKING IN 2 DAYS TO MY BUYER
42 Lawnview Crt
Sandalwood /Hwy 10 / Braidwood



SOLD $260,000 OVER ASKING IN 4 DAYS
10 Lady Stewart Blvd
Howden / William Pkwy/ Hwy 410



SOLD $317,000 OVER ASKING IN 4 DAYS TO MY BUYER
17 Bristol Ave
Queen St / Mclaughlin

FREE

- ✓ Full MLS Services
- ✓ Consistently Marketing Your Property Until SOLD
- ✓ Staging Consultation
- ✓ Billboard, Flyer, Newspaper
- ✓ Online Promotion
- ✓ Professional Pictures and Virtual Tour
- ✓ Social media & Radio Advertisement
- ✓ Open House Until Sold
- ✓ Competitive Rates, Exceptional Service & Award Winning Results

RE/MAX Realty Specialists Inc. Brokerage (Independently Owned and Operated)
Off: 905-456-3232
*(Based on units sold & commissions)** *Some Conditions Apply.
*Seller* & Jag Aujla Broker of Re/max Realty Specialist Inc. must agree on the terms & conditions, closing date and listing price at the time of listing. Guaranteed Program only for Peel Region Homes Under $1 Million Price

Call JAG AUJLA DIR: 416-371-7777
MCNE, REAL ESTATE BROKER
NOT INTENDED TO SOLICIT BUYERS OR SELLER CURRENTLY UNDER CONTRACT
May 2022